@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪੱਤ੍ਰਿਕਾ

Punjabi National Daily
Qaumi Patrika NO.1

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ। (दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।)
Saturday, 6 December 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 6 ਦਸੰਬਰ 2025, 22 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 32, qpatrika@gmail.com ਫੋਨ : 9971359517 www.qaumipatrika.org

## ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਕੁਝ ਕਰਨਾ ਸਰਕਾਰ ਦੀ ਜ਼ਿੰਮੇਵਾਰੀ: ਸੋਨੀਆ ਗਾਂਧੀ

ਨਵੀਂ ਦਿੱਲੀ 5 ਦਸੰਬਰ। ਕਾਂਗਰਸੀ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਰਾਸ਼ਟਰੀ ਰਾਜਧਾਨੀ ਵਿਚ ਲਗਾਤਾਰ ਵੱਧ ਰਹੇ ਹਵਾ ਪ੍ਰਦੂਸ਼ਣ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਵੀਰਵਾਰ ਨੂੰ ਕਿਹਾ ਕਿ ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਤੋਂ ਨਿਪਟਣ ਲਈ ਕੁਝ ਕਰੇ। ਸੋਨੀਆ ਗਾਂਧੀ ਨੇ ਸਰਦ ਰੁੱਤ ਦੇ ਸੈਸ਼ਨ ਵਿਚ ਹਵਾ ਪ੍ਰਦੂਸ਼ਣ ਦੀ ਸਥਿਤੀ 'ਤੇ ਚਰਚਾ ਦੀ ਮੰਗ ਕਰਦੇ ਹੋਏ ਸੰਸਦ ਕੰਪਲੈਕਸ ਵਿਚ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨਾਲ ਵਿਰੋਧ ਪ੍ਰਦਰਸ਼ਨ ਕੀਤਾ। ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕੁਝ ਕਰੇ। ਦਮੇ ਤੋਂ ਪੀੜਤ ਛੋਟੇ-ਛੋਟੇ ਬੱਚੇ ਸਾਹ ਲੈਣ ਤੋਂ ਅਸਮਰੱਥ ਹਨ। ਮੇਰੇ ਵਰਗੇ ਬਹੁਤ ਸਾਰੇ ਬਜ਼ੁਰਗ ਹਨ, ਉਨ੍ਹਾਂ



ਨੂੰ ਵੀ ਮੁਸ਼ਕਲ ਹੋ ਰਹੀ ਹੈ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਹਵਾ ਪ੍ਰਦੂਸ਼ਣ ਦੀ ਸਥਿਤੀ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ, 'ਕਿਹੜੇ ਮੌਸਮ ਦਾ ਆਨੰਦ ਲਈਏ। ਬਾਹਰ ਦੇਖੋ ਕਿ ਕੀ ਸਥਿਤੀ ਬਣੀ ਹੋਈ ਹੈ, ਜਿਵੇਂ ਸੋਨੀਆ ਜੀ ਨੇ ਕਿਹਾ ਛੋਟੇ-ਛੋਟੇ ਬੱਚੇ ਸਾਹ ਨਹੀਂ ਲੈ ਰਹੇ।' ਉਨ੍ਹਾਂ ਦਾਅਵਾ ਕੀਤਾ ਕਿ ਹਰ ਸਾਲ ਸਥਿਤੀ ਵਿਗੜਦੀ ਜਾ ਰਹੀ ਹੈ ਪਰ ਕੋਈ ਠੋਸ ਕਦਮ ਨਹੀਂ ਚੁੱਕਿਆ ਜਾਂਦਾ। ਪ੍ਰਿਯੰਕਾ ਨੇ ਕਿਹਾ ਕਿ ਠੋਸ ਕਦਮ ਚੁੱਕਣ ਦੀ ਲੋੜ ਹੈ।

## 'ਲੈਂਡ ਫਾਰ ਜੌਬ' ਮਾਮਲੇ 'ਚ ਲਾਲੂ ਪਰਿਵਾਰ ਨੂੰ ਰਾਹਤ

ਨੈਸ਼ਨਲ ਡੈਸਕ 5 ਦਸੰਬਰ। ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਨੇ 'ਲੈਂਡ ਫਾਰ ਜੌਬ' (ਜ਼ਮੀਨ ਦੇ ਬਦਲੇ ਨੌਕਰੀ) ਘੁਟਾਲਾ ਮਾਮਲੇ ਵਿੱਚ



ਬਿਹਾਰ ਦੇ ਸਾਬਕਾ ਮੁੱਖ ਮੰਤਰੀ ਅਤੇ ਆਰਜੇਡੀ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਦੇ ਪਰਿਵਾਰ ਨੂੰ ਰਾਹਤ ਦਿੱਤੀ ਹੈ। ਵੀਰਵਾਰ, 5 ਦਸੰਬਰ 2025 ਨੂੰ, ਅਦਾਲਤ ਨੇ ਸੀ.ਬੀ.ਆਈ. (ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ) ਨਾਲ ਸਬੰਧਤ ਕੇਸ ਵਿੱਚ ਲਾਲੂ ਪ੍ਰਸਾਦ ਯਾਦਵ, ਰਾਜਦ ਸੁਪਰੀਮੋ ਰਾਜੂੜੀ ਦੇਵੀ, ਤੇਜਸਵੀ ਯਾਦਵ, ਤੇਜ ਪ੍ਰਤਾਪ ਯਾਦਵ, ਮੀਸਾ ਭਾਰਤੀ, ਹੇਮਾ ਯਾਦਵ ਅਤੇ ਹੋਰ ਦੋਸ਼ੀਆਂ ਖਿਲਾਫ ਦੋਸ਼ ਤੈਅ ਕਰਨ ਦਾ ਆਪਣਾ ਹੁਕਮ ਟਾਲ ਦਿੱਤਾ ਹੈ। ਅਦਾਲਤ ਨੇ ਸੀ.ਬੀ.ਆਈ. ਨੂੰ ਹੁਕਮ ਦਿੱਤਾ ਹੈ ਕਿ ਉਹ ਦੋਸ਼ੀਆਂ ਦੀ ਸਥਿਤੀ ਦੀ ਤਸਦੀਕ ਕਰੇ। ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਕਿਉਂਕਿ ਕਾਰਵਾਈ ਦੌਰਾਨ ਕੁਝ ਦੋਸ਼ੀਆਂ ਦੀ ਮੌਤ ਹੋ ਚੁੱਕੀ ਹੈ।

# 23ਵੇਂ ਭਾਰਤ-ਰੂਸ ਸਿਖਰ ਸੰਮੇਲਨ ਮਗਰੋਂ ਪੁਤਿਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਦਿੱਤਾ ਰੂਸ ਦੌਰੇ ਦਾ ਸੱਦਾ

ਕੌਮੀ ਪੱਤ੍ਰਿਕਾ
**ਸਿੰਮੀ ਕੌਰ ਬੱਬਰ**

ਵੈੱਬ ਡੈਸਕ 5 ਦਸੰਬਰ। ਭਾਰਤ ਅਤੇ ਰੂਸ ਦਰਮਿਆਨ ਦਿੱਲੀ 'ਚ ਹੋਈ ਦੋ-ਪੱਖੀ ਬੈਠਕ ਦੌਰਾਨ ਕੁੱਲ 19 ਮਹੱਤਵਪੂਰਨ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਗਏ ਹਨ। ਦੋਵੇਂ ਦੇਸ਼ਾਂ ਨੇ ਵਿਜ਼ਨ 2030 ਦਸਤਾਵੇਜ਼ 'ਤੇ ਸਹਿਮਤੀ ਜਤਾਈ, ਜੋ ਅਗਲੇ ਦਹਾਕੇ ਲਈ ਦੋਨਾਂ ਦੇਸ਼ਾਂ ਦੀ ਸਾਂਝੀ ਦਿਸ਼ਾ ਅਤੇ ਰਣਨੀਤੀ ਨੂੰ ਮਜ਼ਬੂਤੀ ਦੇਵੇਗਾ। ਮੀਟਿੰਗ ਦੌਰਾਨ ਸਿਹਤ (ਹੈਲਥ), ਖਾਦ ਸੁਰੱਖਿਆ (ਫੂਡ ਸੇਫ਼ਟੀ), ਤਕਨਾਲੋਜੀ, ਊਰਜਾ, ਸੈਰ-ਸਪਾਟਾ ਅਤੇ ਫਰੀ ਟੂਰਿਸਟ ਵੀਜ਼ਾ ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਐਗਰੀਮੈਂਟ ਕੀਤੇ ਗਏ। ਆਰਥਿਕ ਸਹਿਯੋਗ ਨੂੰ ਮਜ਼ਬੂਤ ਕਰਦੇ ਹੋਏ ਦੋਵੇਂ ਦੇਸ਼ਾਂ ਨੇ 2030 ਤੱਕ 100 ਬਿਲੀਅਨ ਡਾਲਰ ਦੇ ਦੋ-ਪੱਖੀ ਵਪਾਰ ਦਾ ਟਾਰਗੇਟ ਤੈਅ ਕੀਤਾ ਹੈ। ਇਸਦੇ ਨਾਲ ਹੀ ਫ?ਰੀ ਟਰੇਡ ਐਗਰੀਮੈਂਟ (6"1) 'ਤੇ ਵੀ ਗੱਲਬਾਤ ਅੱਗੇ ਵਧਾਉਣ ਦੀ ਸਹਿਮਤੀ ਬਣੀ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰੂਸ ਦੇ ਦੌਰੇ ਦਾ ਰਸਮੀ ਸੱਦਾ ਵੀ ਦਿੱਤਾ ਗਿਆ। ਦੋਵੇਂ ਨੇਤਾਵਾਂ ਨੇ ਕਿਹਾ ਕਿ ਭਾਰਤ-ਰੂਸ ਦੋਸਤੀ ਭਰੋਸੇ, ਸਹਿਯੋਗ ਅਤੇ ਲੰਬੇ ਸਮੇਂ ਦੀ ਭਾਈਚਾਰੇ ਦੀ ਨਿਸ਼ਾਨੀ ਹੈ। ਸਮਝੌਤਿਆਂ ਦੇ ਇਸ ਪੈਕੇਜ ਨਾਲ ਸਪੱਸ਼ਟ ਹੈ ਕਿ ਦੋਵੇਂ ਦੇਸ਼ ਰੱਖਿਆ, ਤਕਨਾਲੋਜੀ, ਵਪਾਰ ਅਤੇ ਸੈਰ-ਸਪਾਟੇ



ਸਮੇਤ ਕਈ ਖੇਤਰਾਂ ਵਿੱਚ ਸਾਂਝਦਾਰੀ ਨੂੰ ਹੋਰ ਮਜ਼ਬੂਤ ਕਰਨ ਲਈ ਤਿਆਰ ਹਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਹੈ ਕਿ ਭਾਰਤ ਦੀ ਤਰੱਕੀ ਕਈ ਦੇਸ਼ਾਂ ਨੂੰ ਚੁਭ ਰਹੀ ਹੈ। ਉਨ੍ਹਾਂ ਭਾਰਤ ਨੂੰ ਗ੍ਰੇਟ ਪਾਵਰ ਦੱਸਿਆ ਅਤੇ ਕਿਹਾ ਕਿ ਪੀ. ਐੱਮ. ਮੋਦੀ ਕਿਸੇ ਦੇ ਦਬਾਅ 'ਚ ਨਹੀਂ ਆਉਂਦੇ। ਉਨ੍ਹਾਂ ਇਹ ਗੱਲ ਮਾਸਕੋ 'ਚ ਕਹੀ। ਉਨ੍ਹਾਂ ਕਿਹਾ ਕਿ ਭਾਰਤ ਤੇ ਰੂਸ ਮਿਲ ਕੇ ਦੋਸਤੀ ਦੀ ਨਵੀਂ ਇਬਾਰਤ ਲਿਖਣਗੇ। ਅਮਰੀਕਾ 'ਤੇ ਤੰਜ ਕੱਸਦੇ ਹੋਏ ਪੁਤਿਨ ਨੇ ਕਿਹਾ ਕਿ ਵਾਸ਼ਿੰਗਟਨ ਖੁਦ ਸਾਡੇ ਕੋਲੋਂ ਨਿਊਕਲੀਅਰ ਐਨਰਜੀ ਖਰੀਦਦਾ ਹੈ ਅਤੇ ਫਿਰ ਗਿਆਨ ਦੇਣ ਦੀ ਕੋਸ਼ਿਸ਼ ਕਰਦਾ ਹੈ। ਅਮਰੀਕਾ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਦਾ ਕਸੂਰਵਾਰ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਸਪੱਸ਼ਟ ਤੌਰ 'ਤੇ ਦੋਹਰਾ ਰਵੱਈਆ ਹੈ, ਜਿਸ ਨੂੰ ਹੁਣ ਦੁਨੀਆ ਦੀਆਂ ਵੱਡੀਆਂ ਅਰਥਵਿਵਸਥਾਵਾਂ ਸਮਝ ਰਹੀਆਂ ਹਨ। ਅਸੀਂ ਕਿਸੇ ਦੇ ਦਬਾਅ 'ਚ ਨਹੀਂ ਆਉਂਦੇ। ਅਸੀਂ ਕਿਸੇ ਦੇ ਖਿਲਾਫ ਨਹੀਂ ਹਾਂ। ਅਸੀਂ ਬਸ ਆਪਣਾ ਹਿੱਤ ਚਾਹੁੰਦੇ ਹਾਂ। ਦੁਨੀਆ ਨੂੰ ਇਸ ਕਦਮ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਭਾਰਤ ਨਾਲ ਅੱਜ ਦੁਨੀਆ ਦਾ ਕੋਈ ਵੀ ਦੇਸ਼ ਉਸ ਤਰ੍ਹਾਂ ਗੱਲ ਨਹੀਂ ਕਰ ਸਕਦਾ ਜਿਵੇਂ 77 ਸਾਲ ਪਹਿਲਾਂ ਕਰਦਾ ਸੀ। ਭਾਰਤ ਅੱਜ ਇਕ ਸ਼ਕਤੀਸ਼ਾਲੀ ਦੇਸ਼ ਹੈ ਅਤੇ ਉਹ ਪਹਿਲਾਂ ਵਾਂਗ ਬ੍ਰਿਟਿਸ਼ ਰਾਜ ਦੇ ਅਧੀਨ ਨਹੀਂ ਹੈ। ਖਾਸ ਤੌਰ 'ਤੇ ਮੋਦੀ ਦੇ ਰਾਜ 'ਚ ਉਹ ਕਿਸੇ ਦੇ ਦਬਅ 'ਚ ਆਉਣ ਵਾਲਾ ਨਹੀਂ। ਭਾਰਤ ਵਾਸੀ ਇਸ ਗੱਲ 'ਤੇ ਮਾਨ ਕਰ ਸਕਦੇ ਹਨ।

## ਚੇਨਈ 'ਚ ਕੋਲਡ੍ਰਿਫ ਦੇ ਪ੍ਰਮੋਟਰ ਦੀ ਜਾਇਦਾਦ ਕੁਰਕ

ਨਵੀਂ ਦਿੱਲੀ 5 ਦਸੰਬਰ। ਮੱਧ ਪ੍ਰਦੇਸ਼ 'ਚ ਘੱਟੋ-ਘੱਟ 20 ਬੱਚਿਆਂ ਦੀ ਮੌਤ ਲਈ ਕਥਿਤ ਤੌਰ 'ਤੇ ਜ਼ਿੰਮੇਵਾਰ ਮੰਨੇ ਜਾ ਰਹੇ ਕਫ ਸਿਰਪ ਕੋਲਡ੍ਰਿਫ ਦੇ ਨਿਰਮਾਤਾ ਸ਼੍ਰੀਸਨ ਫਾਰਮਾਸਿਊਟੀਕਲਜ਼ ਦੇ ਪ੍ਰਮੋਟਰ ਦੇ ਚੇਨਈ ਸਥਿਤ 2 ਫਲੈਟ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਕੁਰਕ ਕਰ ਲਏ ਗਏ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਬਿਆਨ ਵਿਚ ਕਿਹਾ ਗਿਆ ਕਿ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਦੇ




ਕੋਡੰਬੱਕਮ ਵਿਚ ਸਥਿਤ ਇਹ ਜਾਇਦਾਦਾਂ ਜੀ. ਰੰਗਨਾਥਨ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮਲਕੀਅਤ ਵਾਲੀਆਂ ਹਨ। ਇਨ੍ਹਾਂ ਫਲੈਟਾਂ ਦੀ ਕੀਮਤ 2.04 ਕਰੋੜ ਰੁਪਏ ਹੈ। ਰੰਗਨਾਥਨ ਨੂੰ ਅਕਤੂਬਰ ਵਿਚ ਮੱਧ ਪ੍ਰਦੇਸ਼ ਪੁਲਸ ਨੇ ਗ੍ਰਿਫਤਾਰ ਕੀਤਾ ਸੀ। ਈ.ਡੀ. ਨੇ ਦੋਸ਼ ਲਗਾਇਆ ਕਿ ਸ਼੍ਰੀਸਨ ਫਾਰਮਾ 'ਆਪਣੀ ਨਿਰਮਾਣ ਲਾਗਤ ਨੂੰ ਘਟਾਉਣ ਅਤੇ ਮੁਨਾਫਾ ਵਧਾਉਣ ਲਈ ਵੱਡੇ ਪੱਧਰ 'ਤੇ ਅਨੁਚਿਤ ਵਪਾਰ ਪ੍ਰਥਾਵਾਂ ਵਿਚ ਸ਼ਾਮਲ ਰਹੀ।' ਜਾਂਚ ਵਿਚ ਪਤਾ ਲੱਗਾ ਕਿ ਨਿਰਮਾਤਾ ਨੇ ਦਵਾਈਆਂ ਦੇ ਨਿਰਮਾਣ ਵਿਚ ਗੁਣਵੱਤਾ ਜਾਂਚ ਦੇ ਬਿਨਾਂ ਦਵਾਈ ਬਣਾਉਣ ਦੇ ਪੱਧਰ ਦੀ ਗੁਣਵੱਤਾ ਵਾਲੇ ਕੱਚੇ ਮਾਲ ਦੀ ਬਿਜਾਏ ਉਦਯੋਗ ਵਿਚ ਵਰਤੇ ਜਾਣ ਵਾਲੇ ਕੱਚੇ ਮਾਲ ਦੀ ਵਰਤੋਂ ਕੀਤੀ

# ਪੁਤਿਨ ਨਾਲ ਮੁਲਾਕਾਤ ਨਾ ਕਰਵਾਉਣ 'ਤੇ ਰਾਹੁਲ ਗਾਂਧੀ ਨੇ ਸਰਕਾਰ ਨੂੰ ਘੇਰਿਆ

ਕੌਮੀ ਪੱਤ੍ਰਿਕਾ

ਨਵੀਂ ਦਿੱਲੀ 5 ਦਸੰਬਰ। ਲੋਕ ਸਭਾ ਵਿੱਚ ਨੇਤਾ ਪ੍ਰਤਿਪੱਖ ਰਾਹੁਲ ਗਾਂਧੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਭਾਰਤ ਦੌਰੇ ਦੀ ਪਿੱਠਭੂਮੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਗੰਭੀਰ ਦੋਸ਼ ਲਾਇਆ ਹੈ। ਵੀਰਵਾਰ ਨੂੰ ਸੰਸਦ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਵਿਦੇਸ਼ੀ ਮਹਿਮਾਨਾਂ ਤੋਂ ਵਿਰੋਧੀ ਧਿਰ ਦੇ ਨੇਤਾ ਨੂੰ ਮਿਲਣ ਦੇਣ ਦੀ ਲੰਬੀ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋੜ ਰਹੇ ਹਨ। ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਕਿਹਾ ਕਿ ਆਮ ਤੌਰ 'ਤੇ ਇਹ ਰਿਵਾਜ਼ ਰਿਹਾ ਹੈ ਕਿ ਜਿਹੜੇ ਵਿਦੇਸ਼ੀ ਮਹਿਮਾਨ ਭਾਰਤ ਆਉਂਦੇ ਹਨ, ਉਨ੍ਹਾਂ ਦੀ ਨੇਤਾ ਪ੍ਰਤਿਪੱਖ ਨਾਲ ਮੁਲਾਕਾਤ ਹੁੰਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਪ੍ਰਥਾ ਅਟਲ ਬਿਹਾਰੀ ਵਾਜਪਾਈ ਜੀ ਦੇ ਸਮੇਂ ਵੀ ਨਿਭਾਈ ਜਾਂਦੀ ਸੀ ਅਤੇ ਮਨਮੋਹਨ ਸਿੰਘ ਜੀ ਦੇ ਸਮੇਂ ਵੀ ਇਸ ਦਾ ਪਾਲਣ ਹੁੰਦਾ ਸੀ। ਰਾਹੁਲ ਗਾਂਧੀ ਨੇ ਅੱਗੇ ਦੋਸ਼ ਲਾਇਆ ਕਿ ਜਦੋਂ ਕੋਈ ਵਿਸ਼ੇਸ਼ ਵਿਦੇਸ਼ੀ ਮਹਿਮਾਨ ਭਾਰਤ ਆਉਂਦਾ ਹੈ ਜਾਂ ਜਦੋਂ ਉਹ




ਖੁਦ ਵਿਦੇਸ਼ ਜਾਂਦੇ ਹਨ, ਤਾਂ ਸਰਕਾਰ ਵੱਲੋਂ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਉਹ ਨੇਤਾ ਪ੍ਰਤਿਪੱਖ ਨਾਲ ਮੁਲਾਕਾਤ ਨਾ ਕਰਨ। ਉਨ੍ਹਾਂ ਕਿਹਾ, ਸਰਕਾਰ ਨਹੀਂ ਚਾਹੁੰਦੀ ਕਿ ਵਿਰੋਧੀ ਧਿਰ ਦੇ ਲੋਕ ਬਾਹਰ ਦੇ ਲੋਕਾਂ ਨਾਲ ਮਿਲਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਿੰਦੁਸਤਾਨ ਦਾ ਪ੍ਰਤੀਨਿਧਿਤਾ ਸਿਰਫ਼ ਸਰਕਾਰ ਹੀ ਨਹੀਂ ਕਰਦੀ, ਬਲਕਿ ਵਿਰੋਧੀ ਧਿਰ ਵੀ ਕਰਦੀ ਹੈ। ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਵਿਦੇਸ਼ ਮੰਤਰਾਲੇ ਦੁਆਰਾ ਇਸ ਪਰੰਪਰਾ ਦਾ ਪਾਲਣ ਨਾ ਕਰਨਾ ਉਨ੍ਹਾਂ ਦੀ ਅਸੁਰੱਖਿਆ ਦੀ ਭਾਵਨਾ ਨੂੰ ਜ਼ਾਹਰ ਕਰਦਾ ਹੈ। ਇਸੇ ਤਰ੍ਹਾਂ, ਰਾਹੁਲ ਗਾਂਧੀ ਦੀ ਭੈਣ ਅਤੇ ਕਾਂਗਰਸ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਵੀ ਸਰਕਾਰ 'ਤੇ ਹਮਲਾ ਬੋਲਦੇ ਹੋਏ ਕਿਹਾ, ਕਿਸੇ ਵੀ ਵਿਦੇਸ਼ੀ ਪਤਵੰਤੇ ਲਈ ਵਿਰੋਧੀ ਧਿਰ ਦੇ ਨੇਤਾ ਨੂੰ ਮਿਲਣਾ ਪ੍ਰੋਟੋਕੋਲ ਹੈ, ਪਰ ਹੁਣ ਇਸ ਪ੍ਰੋਟੋਕੋਲ ਨੂੰ ਉਲਟਾਇਆ ਜਾ ਰਿਹਾ ਹੈ। ਇਸ ਸਰਕਾਰ ਦੀਆਂ ਸਾਰੀਆਂ ਨੀਤੀਆਂ ਇਸ 'ਤੇ ਅਧਾਰਤ ਹਨ। ਉਹ ਕਿਸੇ ਹੋਰ ਦੀ ਆਵਾਜ਼ ਬੁਲੰਦ ਕਰਨ ਜਾਂ ਕਿਸੇ ਹੋਰ ਦੇ ਦ੍ਰਿਸ਼ਟੀਕੋਣ ਨੂੰ ਸੁਣਨ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ। ਉਹ ਪ੍ਰੋਟੋਕੋਲ ਤੋੜ ਰਹੇ ਹਨ।

# ਮਾਨ ਸਰਕਾਰ ਨੇ ਕਿਸਾਨਾਂ ਨੂੰ ਦਿੱਤੀ ਵੱਡੀ ਰਾਹਤ ! ਕਪਾਹ ਦੀਆਂ ਕੀਮਤਾਂ 5,700 ਤੋਂ ਵਧਾ ਕੇ 7,500 ਕੀਤੀਆਂ

ਕੌਮੀ ਪੱਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 5 ਦਸੰਬਰ। ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਇਕ ਵਾਰ ਫਿਰ ਸੂਬੇ ਦੇ ਮਿਹਨਤੀ ਕਿਸਾਨਾਂ ਨਾਲ ਆਪਣੀ ਇਕਜੁੱਟਤਾ ਸਾਬਤ ਕੀਤੀ ਹੈ। ਇਸ ਸਾਲ ਜਦੋਂ ਕਪਾਹ (ਕਪਾਹ ਅਤੇ ਦੇਸੀ ਦੋਵੇਂ) ਦੀਆਂ ਮੰਡੀਆਂ ਦੀਆਂ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਆ ਰਹੀਆਂ ਸਨ ਤਾਂ ਮਾਨ ਸਰਕਾਰ ਨੇ ਤੁਰੰਤ ਦਖਲ ਦਿੱਤਾ ਅਤੇ ਕਿਸਾਨਾਂ ਨੂੰ ਭਾਰੀ ਨੁਕਸਾਨ ਤੋਂ ਬਚਾਇਆ। ਸ਼ੁਰੂ ਵਿਚ ਜਦੋਂ ਕਪਾਹ ਮੰਡੀਆਂ ਵਿਚ ਆਉਣਾ ਸ਼ੁਰੂ ਹੋਇਆ ਤਾਂ ਨਿੱਜੀ ਵਪਾਰੀ ਇਸਨੂੰ 5,700 ਅਤੇ 6,800 ਪ੍ਰਤੀ ਕੁਇੰਟਲ ਦੇ ਵਿਚਕਾਰ ਦੀਆਂ ਕੀਮਤਾਂ 'ਤੇ ਖਰੀਦ ਰਹੇ ਸਨ। ਇਹ ਕੀਮਤਾਂ MSP ਨਾਲੋਂ ਕਾਫ਼ੀ ਘੱਟ ਸਨ, ਜਿਸ ਕਾਰਨ ਕਿਸਾਨਾਂ ਵਿਚ ਚਿੰਤਾ ਵਧ ਗਈ। ਇਸ ਮੁਸ਼ਕਲ ਸਮੇਂ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਰਾਜ ਸਰਕਾਰ ਨੇ ਤੁਰੰਤ ਕੇਂਦਰੀ ਸਰਕਾਰੀ ਏਜੰਸੀ, ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ 'ਤੇ ਵੱਡੇ ਪੱਧਰ 'ਤੇ ਖਰੀਦ ਸ਼ੁਰੂ ਕਰਨ ਲਈ ਦਬਾਅ ਪਾਇਆ। 339 ਦੀ ਸਰਗਰਮ ਸ਼ਮੂਲੀਅਤ ਕਾਰਨ, ਕਪਾਹ ਦੀਆਂ ਕੀਮਤਾਂ ਵਿਚ ਕਾਫ਼ੀ ਸੁਧਾਰ ਹੋਇਆ ਹੈ। ਅੱਜ ਪੰਜਾਬ ਮੰਡੀ ਬੋਰਡ ਦੇ ਅੰਕੜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਕਪਾਹ ਦੀ ਔਸਤ ਕੀਮਤ 7,500 ਪ੍ਰਤੀ ਕੁਇੰਟਲ ਤੋਂ ਵੱਧ ਹੋ ਗਈ ਹੈ, ਜੋ ਕਿ 7,710 ਪ੍ਰਤੀ ਕੁਇੰਟਲ ਦੇ MSP ਦੇ ਬਹੁਤ ਨੇੜੇ ਹੈ। ਇਸ ਦੌਰਾਨ, ਦੇਸੀ ਕਪਾਹ ਦੀ ਕੀਮਤ ਵਿਚ ਵੀ ਕਾਫ਼ੀ ਵਾਧਾ



ਹੋਇਆ ਹੈ। ਇਹ ਉਨ੍ਹਾਂ ਕਿਸਾਨਾਂ ਲਈ ਇਕ ਵੱਡੀ ਰਾਹਤ ਹੈ, ਜੋ ਪਹਿਲਾਂ ਆਪਣੀਆਂ ਫਸਲਾਂ ਘੱਟ ਕੀਮਤਾਂ 'ਤੇ ਵੇਚਣ ਲਈ ਮਜਬੂਰ ਮਹਿਸੂਸ ਕਰਦੇ ਸਨ। ਮਾਨ ਸਰਕਾਰ ਦੇ ਉਪਰਾਲਿਆਂ ਦਾ ਧੰਨਵਾਦ, ਹੁਣ ਉਨ੍ਹਾਂ ਨੂੰ ਆਪਣੀ ਮਿਹਨਤ ਦਾ ਵਾਜਬ ਮੁੱਲ ਮਿਲ ਰਿਹਾ ਹੈ। ਇਸ ਸਾਲ ਪੰਜਾਬ ਦੇ ਕੁਝ ਹਿੱਸਿਆਂ ਵਿਚ ਭਾਰੀ ਬਾਰਸ਼ ਅਤੇ ਹੜ੍ਹਾਂ ਦੇ ਬਾਵਜੂਦ, ਕਪਾਹ ਦੀ ਆਮਦ ਪਿਛਲੇ ਸਾਲ ਦੇ ਅੰਕੜੇ ਤੋਂ 1 ਲੱਖ ਕੁਇੰਟਲ ਵੱਧ ਗਈ ਹੈ। ਇਹ ਦਰਸਾਉਂਦਾ ਹੈ ਕਿ ਕਿਸਾਨਾਂ ਨੂੰ ਕਪਾਹ ਦੀ ਕਾਸ਼ਤ ਲਈ ਮਾਨ ਸਰਕਾਰ ਦੀਆਂ ਨੀਤੀਆਂ ਵਿਚ ਵਿਸ਼ਵਾਸ ਹੈ। ਮੰਡੀ ਬੋਰਡ ਦੇ ਅੰਕੜਿਆਂ ਅਨੁਸਾਰ, ਰਾਜ ਸਰਕਾਰ ਦੇ ਸਰਗਰਮ ਪਹੁੰਚ ਦੇ ਨਤੀਜੇ ਵਜੋਂ, ਜਦੋਂ ਕਿ 339 ਨੇ ਪਿਛਲੇ ਸਾਲ ਇਸੇ ਸਮੇਂ ਦੌਰਾਨ ਸਿਰਫ 170 ਕੁਇੰਟਲ ਕਪਾਹ ਖਰੀਦੀ ਸੀ, ਇਸ ਵਾਰ ਸਰਕਾਰੀ ਦਬਾਅ ਹੇਠ, 339 ਨੇ 35,348 ਕੁਇੰਟਲ ਤੋਂ ਵੱਧ ਦੀ ਖਰੀਦ ਨੂੰ ਯਕੀਨੀ ਬਣਾਇਆ ਹੈ। ਇਸ ਵੱਡੇ ਪੱਧਰ 'ਤੇ ਖਰੀਦ ਨੇ ਇਕ ਸਕਾਰਾਤਮਕ ਬਾਜ਼ਾਰ ਮਾਹੌਲ ਬਣਾਇਆ ਅਤੇ ਕੀਮਤਾਂ ਨੂੰ ਡਿੱਗਣ ਤੋਂ ਰੋਕਿਆ। ਮਾਨ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਆਪਣੀ ਉਪਜ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਵੇਚਣ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। 1 ਦਸੰਬਰ ਤੱਕ ਖਰੀਦੀ ਗਈ 230,423 ਕੁਇੰਟਲ ਕਪਾਹ ਵਿਚੋਂ, 60% ਤੋਂ ਵੱਧ ਸ਼ੁਰੂਆਤ ਵਿਚ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਵੇਚੀ ਗਈ ਸੀ ਪਰ ਸੀਸੀਆਈ ਦੇ ਦਾਖਲੇ ਤੋਂ ਬਾਅਦ ਇਹ ਰੁਝਾਨ ਪੂਰੀ ਤਰ੍ਹਾਂ ਬਦਲ ਗਿਆ ਹੈ।

## ਵਿਸ਼ੇਸ਼ ਮੌਕਿਆਂ 'ਤੇ ਵੱਖ-ਵੱਖ ਯਾਦਗਾਰਾਂ 'ਤੇ ਨਹੀਂ ਜਾਏਗੀ ਮਾਇਆਵਤੀ

ਲਖਨਊ 5 ਦਸੰਬਰ। ਬਸਪਾ ਮੁਖੀ ਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਕਿਹਾ ਹੈ ਕਿ ਉਹ ਹੁਣ ਸਮਾਜ ਸੁਧਾਰਕਾਂ ਦੇ ਜਨਮ ਦਿਨ ਜਾਂ ਬਰਸੀ 'ਤੇ ਲਖਨਊ ਤੇ ਨੋਇਡਾ 'ਚ ਪ੍ਰਮੁੱਖ ਯਾਦਗਾਰਾਂ 'ਤੇ ਨਹੀਂ ਜਾਵੇਗੀ। ਉਨ੍ਹਾਂ 'ਐਕਸ' 'ਤੇ ਪੋਸਟ ਕੀਤਾ ਕਿ ਉਨ੍ਹਾਂ ਦੇ ਦੌਰਿਆਂ ਦੌਰਾਨ ਵਿਆਪਕ ਸੁਰੱਖਿਆ ਪ੍ਰਬੰਧ ਲੋਕਾਂ ਲਈ ਕਾਫ਼ੀ ਮੁਸ਼ਕਲ ਦਾ ਕਾਰਨ ਬਣਦੇ ਹਨ। ਮਾਇਆਵਤੀ ਨੇ ਬਸਪਾ ਸਰਕਾਰ ਦੇ 4 ਕਾਰਜਕਾਲਾਂ ਦੌਰਾਨ ਜੋਤੀਬਾ ਫੂਲੇ, ਸ਼ਾਹੂਜੀ ਮਹਾਰਾਜ, ਨਾਰਾਇਣ ਗੁਰੂ, ਡਾ. ਬੀ.ਆਰ. ਅੰਬੇਡਕਰ ਅਤੇ ਕਾਂਸ਼ੀ ਰਾਮ ਵਰਗੀਆਂ ਮਹਾਨ ਸ਼ਖਸੀਅਤਾਂ ਦੇ ਮਾਨ 'ਚ ਸ਼ਾਨਦਾਰ ਯਾਦਗਾਰਾਂ ਤੇ ਪਾਰਕਾਂ ਨੂੰ ਬਣਾਇਆ ਸੀ ਜੋ ਹੁਣ ਹਮਾਇਤੀਆਂ ਲਈ ਤੀਰਥ ਸਥਾਨ ਬਣ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਅਹਿਮ ਮੌਕਿਆਂ 'ਤੇ ਵੱਡੀ ਗਿਣਤੀ 'ਚ ਲੋਕ ਇਕੱਠੇ ਹੁੰਦੇ ਹਨ ਪਰ ਉਨ੍ਹਾਂ ਦੀਆਂ ਯਾਤਰਾਵਾਂ ਦੌਰਾਨ ਸੁਰੱਖਿਆ ਕਾਰਨ ਲੋਕਾਂ ਨੂੰ ਮੁੱਖ ਥਾਂ ਤੋਂ ਦੂਰ ਰੱਖਣਾ ਪੈਂਦਾ ਹੈ। ਹੁਣ ਉਹ ਇਨ੍ਹਾਂ ਮਹਾਨ ਵਿਅਕਤੀਆਂ ਨੂੰ ਆਪਣੇ ਨਿਵਾਸ ਜਾਂ ਪਾਰਟੀ ਦਫਤਰ 'ਚ ਸ਼ਰਧਾਂਜਲੀ ਦੇਵੇਗੀ। 6 ਦਸੰਬਰ ਨੂੰ ਡਾ. ਅੰਬੇਡਕਰ ਦੀ ਬਰਸੀ 'ਤੇ ਬਸਪਾ ਵਰਕਰ ਤੇ ਹਮਾਇਤੀ



ਲਖਨਊ ਦੇ 'ਸਮਾਜਿਕ ਪਰਿਵਰਤਨ ਸਥਲ' ਤੇ ਨੋਇਡਾ ਦੇ ਰਾਸ਼ਟਰੀ ਦਲਿਤ ਪ੍ਰੇਰਨਾ ਸਥਲ ਵਿਖੇ ਸ਼ਰਧਾਂਜਲੀ ਦੇਣ ਲਈ ਵੱਡੀ ਗਿਣਤੀ 'ਚ ਇਕੱਠੇ ਹੋਣਗੇ। ਮਾਇਆਵਤੀ ਨੇ ਕਿਹਾ ਕਿ ਇਸ ਮੌਕੇ 'ਤੇ ਹਮਾਇਤੀ ਸਮਾਜਿਕ ਬਰਾਬਰੀ ਤੇ ਸਵੈਮਾਣ ਦੇ ਮਿਸ਼ਨ ਨੂੰ ਅੱਗੇ ਵਧਾਉਣ ਦਾ ਪ੍ਰਣ ਵੀ ਲੈਣਗੇ।

## ਲੋਕ ਸਭਾ 'ਚ ਹਰਸਿਮਰਤ ਬਾਦਲ ਨੇ ਚੁੱਕਿਆ ਪੰਜਾਬ 'ਚ ਨਸ਼ਿਆ ਦਾ ਮੁੱਦਾ

ਨਵੀਂ ਦਿੱਲੀ 5 ਦਸੰਬਰ। ਸੰਸਦ ਦਾ ਸਰਦ ਰੁੱਤ ਸੈਸ਼ਨ ਚੌਥੇ ਦਿਨ ਵਿੱਚ ਦਾਖਲ ਹੋ ਗਿਆ। ਲੋਕ ਸਭਾ ਦੇ ਸਰਦ ਰੁੱਤ ਸੈਸ਼ਨ ਵਿਚ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵਲੋਂ ਅੱਜ ਪੰਜਾਬ 'ਚ ਵੱਧ ਰਹੇ ਨਸ਼ਿਆਂ ਤੇ ਇਨ੍ਹਾਂ ਕਾਰਨ ਹੋਣ ਵਾਲੀਆਂ



ਮੌਤਾਂ ਦਾ ਮੁੱਦਾ ਚੁੱਕਿਆ। ਇਸ ਦੌਰਾਨ ਉਨ੍ਹਾਂ ਨੇ NCRB ਦੀ ਰਿਪੋਰਟ ਦਾ ਹਵਾਲਾ ਦਿੰਦਿਆ ਕਿਹਾ ਪੰਜਾਬ 'ਚ ਸਭ ਤੋਂ ਵੱਧ ਨਸ਼ਾ ਵਿੱਕਦਾ ਹੈ ਤੇ ਨਸ਼ਿਆ ਕਾਰਨ ਮੌਤਾਂ ਵੀ ਸਭ ਤੋਂ ਵੱਧ ਪੰਜਾਬ 'ਚ ਹੋ ਰਹੀਆਂ ਹਨ। ਉਨ੍ਹਾਂ ਕਿਹਾ ਪਿਛਲੇ ਸਭ ਤੋਂ ਵੱਧ ਨਸ਼ਾ ਪੰਜਾਬ 'ਚ ਬਰਾਮਦ ਹੋਇਆ ਸੀ, ਜਿਸ 'ਤੇ ਹਾਈ ਕੋਰਟ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਜਵਾਬ ਵੀ ਮੰਗਿਆ ਸੀ। ਉਨ੍ਹਾਂ ਕਿਹਾ ਲੋਕ ਦੁੱਖੀ ਹੋ ਕੇ ਕੰਧਾਂ 'ਤੇ ਇਹ ਲਿਖਣ ਨੂੰ ਮਜਬੂਰ ਹੋ ਰਹੇ ਕਿ 'ਨਸ਼ਾ ਇਥੇ ਵਿਕਦਾ ਹੈ'। ਸਰਕਾਰ ਪਰ ਮੁਲਜ਼ਮਾਂ ਨੂੰ ਫੜਨ ਦੀ ਥਾਂ ਪੁਲਸ ਨੂੰ ਭੇਜ ਕੇ ਉਸਨੂੰ ਸਾਫ ਕਰਵਾ ਰਹੇ ਹਨ। ਇਸ ਦੌਰਾਨ ਉਨ੍ਹਾਂ ਕਿਹਾ ਪੰਜਾਬ 'ਚ ਬੱਚਿਆਂ ਨੂੰ ਵੀ ਨਸ਼ਾ ਵੇਚਿਆ ਜਾ ਰਿਹਾ ਹੈ। ਮੇਰੀ ਆਪਣੀ ਸੀਟ ਤੋਂ ਵੀ ਕਈ ਜੇਲ੍ਹਾਂ ਤੋਂ ਵੀਡੀਓ ਵਾਇਰਲ ਹੋ ਰਹੀਆਂ ਹਨ, ਜਿਸ 'ਚ ਨਸ਼ਾ ਵੇਚਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਅੱਧਾ ਪੰਜਾਬ BSF ਦੇ ਅਧੀਨ ਆਉਂਦਾ ਹੈ। BSF ਵੱਲੋਂ ਹਰ ਦੂਜੇ ਦਿਨ ਨਸ਼ਾ ਫੜਿਆ ਜਾ ਰਿਹਾ ਹੈ ਪਰ ਸਰਕਾਰ ਕੋਈ ਕਾਰਵਾਈ ਨਹੀਂ ਕਰ ਰਹੀ ਹੈ। ਪੰਜਾਬ 'ਚ ਆਪ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਸਰਕਾਰ ਨੂੰ ਕੁੱਝ ਕਰਨਾ ਚਾਹੀਦਾ ਹੈ।

# ਤੰਬਾਕੂ ਸਿਰ.ਫ ਸਿਹਤ ਲਈ ਹੀ ਨਹੀਂ, ਰਾਸ਼ਟਰ ਲਈ ਵੀ ਹਾਨੀਕਾਰਕ: ਡਾ. ਅਸ਼ੋਕ ਕੁਮਾਰ ਮਿੱਤਲ

ਕੌਮੀ ਪੱਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 5 ਦਸੰਬਰ। ਸੰਸਦ 'ਚ ਰਾਜ ਸਭਾ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ 'ਦਿ ਸੈਂਟਰਲ ਐਕਸਾਈਜ਼ (ਸੋਧ) ਬਿੱਲ, 2025' 'ਤੇ ਬਹਿਸ ਦੌਰਾਨ ਤੰਬਾਕੂ ਅਤੇ ਇਸ ਤੋਂ ਹੋਣ ਵਾਲੀ ਆਮਦਨ ਦੀ ਵਰਤੋਂ ਬਾਰੇ ਤਿੱਖੇ ਸਵਾਲ ਚੁੱਕੇ । ਡਾ. ਮਿੱਤਲ ਨੇ ਕਿਹਾ ਕਿ ਜਿੱਥੇ ਸਿਗਰਟ ਦੇ ਹਰ ਪੈਕੇਟ 'ਤੇ ਲਿਖਿਆ ਹੁੰਦਾ ਹੈ ਕਿ ਤੰਬਾਕੂ ਸਿਹਤ ਲਈ ਹਾਨੀਕਾਰਕ ਹੈ, ਉੱਥੇ ਹੀ ਉਹ ਕਹਿਣਾ ਚਾਹੁਣਗੇ ਕਿ ਤੰਬਾਕੂ ਰਾਸ਼ਟਰ ਲਈ ਹਾਨੀਕਾਰਕ ਹੈ । ਉਨ੍ਹਾਂ ਨੇ ਆਪਣੀ ਗੱਲ ਨੂੰ ਇੱਕ ਭਾਵੁਕ ਲਾਈਨ ਨਾਲ ਅੱਗੇ ਵਧਾਇਆ: ਫਕਰ ਹੁੰਦਾ ਹੈ ਉਚਾਈਆਂ ਨੂੰ ਛੂਹਣ ਵਿੱਚ, ਬਸ ਉਸ ਵਿੱਚ ਦਫ਼ਨ ਕਿਸੇ ਦੀ ਲਾਸ਼ ਨਾ ਹੋਵੇ... ਸਭ ਨੂੰ ਆਪਣੇ ਸੁਪਨੇ ਦਾ ਜਹਾਂ ਮਿਲੇ, ਬਸ ਹੰਝੂਆਂ ਵਿੱਚ ਡੁੱਬੀ ਕਿਸੇ ਦੀ ਮਾਂ ਨਾ ਹੋਵੇ । ਡਾ. ਮਿੱਤਲ ਨੇ ਤੰਬਾਕੂ ਤੋਂ ਹੋਣ ਵਾਲੀ ਆਮਦਨ ਅਤੇ ਇਸ 'ਤੇ ਖਰਚੇ ਦੇ ਅੰਕੜਿਆਂ ਦੀ ਅਸਮਾਨਤਾ ਵੱਲ ਧਿਆਨ ਦਿਵਾਇਆ । ਉਨ੍ਹਾਂ ਦੱਸਿਆ ਕਿ ਭਾਰਤ ਤੰਬਾਕੂ ਤੋਂ ਸਾਲਾਨਾ ਲਗਭਗ 75,000 ਕਰੋੜ ਕਮਾਉਂਦਾ ਹੈ, ਪਰ ਤੰਬਾਕੂ ਕੰਟਰੋਲ ਪ੍ਰੋਗਰਾਮ 'ਤੇ ਸਿਰਫ 50 ਕਰੋੜ ਹੀ ਖਰਚ ਕੀਤੇ ਜਾਂਦੇ ਹਨ । ਇਹ ਕੁੱਲ ਕਮਾਈ ਦਾ ਸਿਰਫ਼ 0.07% ਬਣਦਾ ਹੈ, ਜਿਸ 'ਤੇ ਉਨ੍ਹਾਂ ਨੇ ਸਵਾਲ ਕੀਤਾ ਕਿ ਇਹ ਖਰਚ ਇੰਨਾ ਘੱਟ ਕਿਉਂ ਹੈ । ਉਨ੍ਹਾਂ ਨੇ ਕ੍ਰਿਕਟਰਾਂ ਅਤੇ ਸੈਲੀਬ੍ਰਿਟੀਜ਼ 'ਤੇ ਵੀ ਨਿਸ਼ਾਨਾ ਸਾਧਿਆ, ਜਿਨ੍ਹਾਂ ਨੂੰ ਨੌਜਵਾਨ ਰੋਲ ਮਾਡਲ ਸਮਝਦੇ ਹਨ । ਉਨ੍ਹਾਂ ਕਿਹਾ ਕਿ ਇਹ ਲੋਕ ਸਰੋਗੇਟ ਇਸ਼ਤਿਹਾਰਾਂ ਰਾਹੀਂ ਇਲਾਇਚੀ ਦੇ ਨਾਮ 'ਤੇ ਜ਼ਹਿਰ ਵੇਚਦੇ ਹਨ । ਉਨ੍ਹਾਂ ਨੇ ਮੰਗ ਕੀਤੀ ਕਿ ਸਿਗਰਟ ਦੀਆਂ ਇਸ਼ਤਿਹਾਰਾਂ 'ਤੇ ਪੂਰੀ ਤਰ੍ਹਾਂ ਕਾਬੂ ਪਾਇਆ ਜਾਵੇ । ਨਾਲ ਹੀ, ਬੱਚਿਆਂ ਨੂੰ ਮੂਰਖ ਬਣਾਉਣ ਤੋਂ ਰੋਕਣ ਲਈ 'ਟਵਿਨ ਪੈਕ' ਦੇ ਨਵੇਂ ਇਸ਼ਤਿਹਾਰਬਾਜ਼ੀ ਸੱਭਿਆਚਾਰ 'ਤੇ ਵੀ ਸਖ਼ਤੀ ਨਾਲ ਨਿਯੰਤਰਣ ਲਗਾਇਆ ਜਾਣਾ ਚਾਹੀਦਾ ਹੈ । ਡਾ. ਮਿੱਤਲ ਨੇ 'ਹੈਲਥ ਸਕਿਓਰਿਟੀ ਤੋਂ ਨੈਸ਼ਨਲ



ਸਕਿਓਰਿਟੀ ਸੈੱਸ ਬਿੱਲ' ਦਾ ਸਮਰਥਨ ਕੀਤਾ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਇਸ ਸੈੱਸ ਦਾ ਸਮਰਥਨ ਕਰਦੀ ਹੈ । ਪਰ ਉਨ੍ਹਾਂ ਨੇ ਮਾਨਯੋਗ ਮੰਤਰੀ ਜੀ ਤੋਂ ਜ਼ੋਰਦਾਰ ਅਪੀਲ ਕੀਤੀ ਕਿ ਇਸ ਸੈੱਸ ਦਾ ਨਾਮ ਤੰਬਾਕੂ ਵਿਰੁੱਧ ਸਿਹਤ ਸੈੱਸ ਕਿਉਂ ਨਾ ਰੱਖਿਆ ਜਾਵੇ । ਉਨ੍ਹਾਂ ਦੀ ਪੁਰਜ਼ੋਰ ਨਿਵੇਦਨ ਸੀ ਕਿ 75,000 ਕਰੋੜ ਰੁਪਏ ਜਾਂ ਜੋ ਵੀ ਰਾਸ਼ੀ ਇਕੱਠੀ ਹੁੰਦੀ ਹੈ, ਉਹ ਸਾਰੀ ਰਕਮ ਤੰਬਾਕੂ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ 'ਤੇ ਖਰਚ ਕੀਤੀ ਜਾਵੇ । ਡਾ. ਮਿੱਤਲ ਨੇ ਤੰਬਾਕੂ ਕੰਟਰੋਲ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਰਾਜਾਂ ਲਈ ਵਿੱਤੀ ਪ੍ਰੋਤਸਾਹਨ ਦੇਣ ਦਾ ਸੁਝਾਅ ਦਿੱਤਾ । ਉਨ੍ਹਾਂ ਨੇ ਕਿਹਾ ਕਿ ਜਿਵੇਂ ਕੇਂਦਰ ਸਰਕਾਰ ਨੈਸ਼ਨਲ ਹੈਲਥ ਮਿਸ਼ਨ ਤਹਿਤ ਅਤੇ ਵਿੱਤ ਕਮਿਸ਼ਨ ਪਰਿਵਾਰ ਨਿਯੋਜਨ ਵਿੱਚ ਵਧੀਆ ਕੰਮ ਕਰਨ ਵਾਲੇ ਰਾਜਾਂ ਨੂੰ ਵਿਸ਼ੇਸ਼ ਅਨੁਦਾਨ ਦਿੰਦਾ ਹੈ, ਉਸੇ ਤਰ੍ਹਾਂ ਤੰਬਾਕੂ ਦੀ ਰੋਕਥਾਮ ਕਰਨ ਵਾਲੇ ਰਾਜਾਂ ਨੂੰ ਵੀ ਵਿਸ਼ੇਸ਼ ਅਨੁਦਾਨ ਦਿੱਤਾ ਜਾਣਾ ਚਾਹੀਦਾ ਹੈ ।

# ਹੁਣ ਬੇਸਹਾਰਾ ਪਸ਼ੂ ਕਾਰਨ ਹੋਈ ਮੌਤ ਤਾਂ ਮਿਲੇਗਾ 5 ਲੱਖ ਦਾ ਮੁਆਵਜ਼ਾ

**ਕੌਮੀ ਪਤ੍ਰਿਕਾ**

ਬੁਢਲਾਡਾ 5 ਦਸੰਬਰ। ਬੇਸਹਾਰਾ ਪਸ਼ੂਆਂ ਕਾਰਨ ਹੋਏ ਹਾਦਸੇ ’ਚ ਜੇਕਰ ਮੌਤ ਹੁੰਦੀ ਹੈ ਤਾਂ ਮ੍ਰਿਤਕ ਦੇ ਪਰਿਵਾਰ ਨੂੰ 5 ਲੱਖ ਮੁਆਵਜ਼ੇ ਵਜੋਂ ਮਿਲਣਗੇ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਸਖਤੀ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਬੇਸਹਾਰਾ ਪਸ਼ੂਆਂ ਦੇ ਕਾਰਨ ਹੋਣ ਵਾਲੇ ਹਾਦਸਿਆਂ ਅਤੇ ਮੌਤਾਂ ਲਈ ਮੁਆਵਜ਼ਾ ਜਾਰੀ ਕਰਨ ਵਾਲੀ ਨਵੀਂ ਨੀਤੀ ਜਾਰੀ ਕਰ ਦਿੱਤੀ ਗਈ ਹੈ। ਬੇਸਹਾਰਾ ਪਸ਼ੂ ਦੇ ਹਮਲੇ ਕਰ ਕੇ ਜੇਕਰ ਮੌਤ ਹੋ ਗਈ ਹੈ ਤਾਂ ਪਰਿਵਾਰ ਨੂੰ ਸਬੂਤਾਂ ਰਾਹੀਂ ਇਹ ਕਿ ਮ੍ਰਿਤਕ ਦੀ ਮੌਤ ਦਾ ਕਾਰਨ ਸਿਰਫ ਬੇਸਹਾਰਾ ਪਸ਼ੂ ਦਾ ਹਮਲਾ ਹੀ ਹੈ ਫਿਰ ਵੀ ਜੇਕਰ ਅਧਿਕਾਰੀ ਸਬੂਤਾਂ ਤੋਂ ਸੰਤੁਸ਼ਟ ਨਹੀਂ ਹੋਏ ਤਾਂ ਮੁਆਵਜ਼ਾ ਨਹੀਂ ਮਿਲੇਗਾ। ਖਾਸ ਗੱਲ ਇਹ ਵੀ ਹੈ ਕਿ ਜੇਕਰ ਕੋਈ ਬੇਸਹਾਰਾ ਪਸ਼ੂ ਦੇ ਹਮਲੇ ਕਰ ਕੇ ਬਚ ਜਾਂਦਾ ਹੈ ਅਤੇ ਉਸ ਨੂੰ ਸਰੀਰਕ ਰੂਪ ਵਿਚ 70 ਫੀਸਦੀ ਤੋਂ ਘੱਟ ਨੁਕਸਾਨ ਹੋਇਆ ਹੈ ਤਾਂ ਪੀੜਤ ਨੂੰ ਦਵਾਈਆਂ ਦਾ ਸਾਰਾ ਖਰਚਾ ਜੇਬ ’ਚੋਂ ਹੀ ਕਰਨਾ ਪਵੇਗਾ। ਪੰਜਾਬ ਸਰਕਾਰ ਵੱਲੋਂ ਵੀਰਵਾਰ ਨੂੰ ਜਾਰੀ ਕੀਤੀ ਗਈ ਇਸ ਨਵੀਂ ਨੀਤੀ ਦੇ ਅਨੁਸਾਰ ਬੇਸਹਾਰਾ ਪਸ਼ੂ ਦੇ ਹਮਲੇ ਕਰ ਕੇ ਮੌਤ ਹੋਣ ਦੀ ਸਥਿਤੀ ਵਿਚ 5 ਲੱਖ ਰੁਪਏ ਅਤੇ ਸਥਾਈ ਅਪੰਗਤਾ ਦੇ ਮਾਮਲੇ ’ਚ 2 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਕੁੱਤੇ ਦੇ ਕੱਟਣ ਦੇ ਮਾਮਲਿਆਂ ’ਚ ਪ੍ਰਤੀ ਕੱਟਣ ਦੇ ਨਿਸ਼ਾਨ ’ਤੇ 10 ਹਜ਼ਾਰ ਅਤੇ ਖਿੱਚੇ ਜਾਣ ਵਾਲੇ ਮਾਸ ਦੇ ਪ੍ਰਤੀ 02 ਸੈਂਟੀਮੀਟਰ ਲਈ 20 ਹਜ਼ਾਰ ਦੀ ਦਰ ਨਾਲ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਹਾਲਾਂਕਿ ਇਸ ਮੁਆਵਜ਼ਾ ਰਾਸ਼ੀ ਨੂੰ ਹਾਸਲ ਕਰਨ ਲਈ ਪੀੜਤ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਘਟਨਾ ਅਸਲ ’ਚ ਕਿਸੇ ਬੇਸਹਾਰਾ ਜਾਂ ਜੰਗਲੀ ਜਾਨਵਰ ਕਾਰਨ ਵਾਪਰੀ ਸੀ। ਪੀੜਤ ਦੇ ਆਪਣੇ ਬਿਆਨ ਜਾਂ ਪਰਿਵਾਰ ਦੀ ਗਵਾਹੀ ਨੂੰ ਸਬੂਤ ਨਹੀਂ ਮੰਨਿਆ ਜਾਵੇਗਾ। ਸਰਕਾਰ ਵੱਲੋਂ ਨਵੀਂ ਨੀਤੀ ਅਨੁਸਾਰ ਜ਼ਿਲਾ ਪੱਧਰ ’ਤੇ ਇਕ ਕਮੇਟੀ



ਬਣਾਈ ਜਾਵੇਗੀ ਅਤੇ ਇਹ ਕਮੇਟੀ ਘਟਨਾ ਦੀ ਜਾਂਚ ਕਰੇਗੀ ਅਤੇ ਜੇਕਰ ਜ਼ਰੂਰੀ ਹੋਵੇ ਤਾਂ ਮੌਕੇ ਦਾ ਨਿਰੀਖਣ, ਗਵਾਹਾਂ ਦੇ ਬਿਆਨ ਅਤੇ ਦਸਤਾਵੇਜ਼ਾਂ ਦੀ ਤਸਦੀਕ ਕਰੇਗੀ। ਕਮੇਟੀ ਇਹ ਵੀ ਜਾਂਚ ਕਰੇਗੀ ਕਿ ਕੀ ਪੀੜਤ ਕੋਲ ਡਰਾਈਵਿੰਗ ਲਾਇਸੈਂਸ ਸੀ, ਕੀ ਉਸ ਨੇ ਦੋਪਹੀਆ ਵਾਹਨ ਚਲਾਉਂਦੇ ਸਮੇਂ ਹੈਲਮਟ ਪਾਇਆ ਹੋਇਆ ਸੀ ਅਤੇ ਕੀ ਉਸ ਨੇ ਘਟਨਾ ਸਮੇਂ ਸ਼ਰਾਬ ਤਾਂ ਨਹੀਂ ਪੀਤੀ ਹੋਈ ਸੀ। ਅਜਿਹੇ ਮਾਮਲਿਆਂ ’ਚ, ਜੇਕਰ ਪੀੜਤ ਵੱਲੋਂ ਕੋਈ ਲਾਪ੍ਰਵਾਹੀ ਪਾਈ ਜਾਂਦੀ ਹੈ ਤਾਂ ਉਹ ਮੁਆਵਜ਼ੇ ਦਾ ਹੱਕਦਾਰ ਨਹੀਂ ਹੋਵੇਗਾ। ਨਵੀਂ ਨੀਤੀ ਇਹ ਵੀ ਸਪੱਸ਼ਟ ਕਰਦੀ ਹੈ ਕਿ ਹਾਦਸੇ ਜਾਂ ਮੌਤ ਨੂੰ ਸਾਬਤ ਕਰਨ ਵਾਲੇ ਦਸਤਾਵੇਜ਼ ਸਿਰਫ ਤਾਂ ਹੀ ਮੰਨੇ ਜਾਣਗੇ, ਜੇਕਰ ਉਹ ਇਹ ਵੀ ਦਰਸਾਉਂਦੇ ਹਨ ਕਿ ਕੋਈ ਬੇਸਹਾਰਾ ਪਸ਼ੂ ਜਾਂ ਜਾਨਵਰ ਹੀ ਮੁੱਖ ਰੂਪ ’ਚ ਘਟਨਾ ਦਾ ਕਾਰਨ ਸੀ। ਬੇਸਹਾਰਾ ਪਸ਼ੂਆਂ ਦੀ ਮਾਰ ਹੇਠ ਆਉਣ ਤੋਂ ਬਾਅਦ ਪੀੜਤ ਨੂੰ ਮਿਲਣ ਵਾਲੀ ਰਾਸ਼ੀ ਨੂੰ ਪੰਜਾਬ ਸਰਕਾਰ ਵੱਲੋਂ ਨਹੀਂ ਦਿੱਤਾ ਜਾਵੇਗਾ, ਸਗੋਂ ਇਸ ਮੁਆਵਜ਼ੇ ਨੂੰ ਘਟਨਾ ਵਾਲੀ ਥਾਂ ਅਨੁਸਾਰ ਸਬੰਧਿਤ ਅਥਾਰਿਟੀ ਅਦਾ ਕਰੇਗੀ। ਜੇਕਰ ਘਟਨਾ ਸ਼ਹਿਰੀ ਖੇਤਰ ’ਚ ਵਾਪਰਦੀ ਹੈ ਤਾਂ ਜਾਂਚ ਮੁਕੰਮਲ ਹੋਣ ਤੋਂ ਬਾਅਦ ਸਬੰਧਤ ਨਗਰ ਕੌਂਸਲ ਜਾਂ ਨਗਰ ਪੰਚਾਇਤਾਂ ਨੂੰ ਮੁਆਵਜ਼ਾ ਦੇਣਾ ਪਵੇਗਾ। ਜੇਕਰ ਘਟਨਾ ਪੇਂਡੂ ਇਲਾਕੇ ’ਚ ਵਾਪਰਦੀ ਹੈ ਤਾਂ ਸਬੰਧਤ ਪਿੰਡ ਦੀ ਪੰਚਾਇਤ ਨੂੰ ਮੁਆਵਜ਼ਾ ਦੇਣਾ ਪਵੇਗਾ।

## ਮਾਮੂਲੀ ਝਗੜੇ ਮਗਰੋਂ ਮਾਰਿਆ ਧੱਕਾ, ਮੌਕੇ ’ਤੇ ਹੀ ਦੁਕਾਨਦਾਰ ਦੀ ਮੌਤ

ਬਟਾਲਾ/ਫਤਹਿਗੜ੍ਹ ਚੂੜੀਆਂ 5 ਦਸੰਬਰ। ਕਸਬਾ ਫਤਹਿਗੜ੍ਹ ਚੂੜੀਆਂ ਸਥਿਤ 2 ਦੁਕਾਨਦਾਰਾਂ ਦੇ ਹੋਏ ਆਪਸੀ ਝਗੜੇ ਵਿਚ ਇਕ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਐੱਸ. ਐੱਚ. ਓ. ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਗੁਰਮੀਤ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਵਾਰਡ ਨੰ.4 ਫਤਹਿਗੜ੍ਹ ਚੂੜੀਆਂ ਦੀ ਬਾਜ਼ਾਰ ਵਿਚ ਸੈਨਟਰੀ ਦੀ ਦੁਕਾਨ ਹੈ ਅਤੇ ਇਸਦੇ ਨਾਲ ਹੀ ਲੱਡੂ ਪੁੱਤਰ ਅਮਰੀਕ ਸਿੰਘ ਦੀ ਸਪੇਅਰ ਪਾਰਟਸ ਦੀ ਦੁਕਾਨ ਹੈ। ਥਾਣਾ ਮੁਖੀ ਨੇ ਦੱਸਿਆ ਕਿ ਅੱਜ ਸਵੇਰੇ ਉਕਤ ਦੁਕਾਨਦਾਰਾਂ ਦਾ ਆਪਸ ਵਿਚ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ, ਜਿਸ ਦੌਰਾਨ ਲੱਡੂ ਅਤੇ ਇਸ ਦੇ ਲੜਕੇ ਗੋਬਿੰਦ ਨੇ ਗੁਰਮੀਤ ਸਿੰਘ ਨੂੰ ਧੱਕਾ ਮਾਰ ਦਿੱਤਾ, ਜਿਸ ਦੇ ਸਿੱਟੇ ਵਜੋਂ ਗੁਰਮੀਤ ਸਿੰਘ ਜ਼ਮੀਨ ’ਤੇ ਡਿੱਗ ਪਿਆ ਅਤੇ ਉਸ ਦੀ ਮੌਤ ਹੋ ਗਈ।

## ਜਵਾਈ ਹੋਵੇ ਤਾਂ ਅਜਿਹਾ ! ਦਾਜ ਦੇ 31 ਲੱਖ ਵਾਪਸ ਕਰ ਸ਼ਗਨ ’ਚ ਲਿਆ ਸਿਰਫ਼ 1 ਰੁਪਇਆ

**ਕੌਮੀ ਪਤ੍ਰਿਕਾ**

ਆਗਰਾ 5 ਦਸੰਬਰ। ਉੱਤਰ ਪ੍ਰਦੇਸ਼ ਦੇ ਆਗਰਾ ਜ਼ਿਲ੍ਹੇ ਵਿੱਚ ਇੱਕ ਦਿਲ ਨੂੰ ਛੂਹ ਲੈਣ ਵਾਲੀ ਅਤੇ ਪ੍ਰੇਰਨਾਦਾਇਕ ਘਟਨਾ ਸਾਹਮਣੇ ਆਈ ਹੈ। ਮੁਜ਼ੱਫਰਨਗਰ ਦੇ ਇੱਕ 26 ਸਾਲਾ ਵਿਅਕਤੀ ਅਵਧੇਸ਼ ਰਾਣਾ ਨੇ ਆਪਣੇ ਵਿਆਹ ਵਿੱਚ 31 ਲੱਖ ਰੁਪਏ ਦੇ ਮਿਲੇ ਦਾਜ ਨੂੰ ਠੁਕਰਾ ਦਿੱਤਾ ਅਤੇ ਸਿਰਫ਼ ?1 ਰੁਪਏ ਸ਼ਗਨ (ਤੋਹਫ਼ੇ) ਵਜੋਂ ਸਵੀਕਾਰ ਕੀਤੇ। ਲਾੜੇ ਦੇ ਇਸ ਫੈਸਲੇ ਨੇ ਮੌਜੂਦ ਸਾਰੇ ਮਹਿਮਾਨਾਂ ਦਾ ਦਿਲ ਜਿੱਤ ਲਿਆ। ਲਾੜੀ ਅਦਿਤੀ ਸਿੰਘ (24) ਨੇ ਆਪਣੀ ਐਮਐਸਸੀ ਦੀ ਪੜ੍ਹਾਈ ਪੂਰੀ ਕਰ ਲਈ ਹੈ। ਉਸਦੇ ਪਿਤਾ ਦਾ ਕੋਵਿਡ-19 ਮਹਾਂਮਾਰੀ ਦੌਰਾਨ ਦੇਹਾਂਤ ਹੋ ਗਿਆ ਸੀ। ਦੱਸ ਦੇਈਏ ਕਿ ਵਿਆਹ ਦੇ ਮੌਕੇ ਲਾੜੀ ਦੇ ਪਰਿਵਾਰ ਨੇ ’ਤਿਲਕ’ ਸਮਾਰੋਹ ਲਈ ਇੱਕ ਥਾਲੀ ’ਤੇ ?31 ਲੱਖ ਰੁਪਏ ਦੀ ਰਕਮ ਸਜਾਈ ਸੀ। ਪਰ ਲਾੜੇ ਅਵਧੇਸ਼ ਰਾਣਾ ਨੇ ਇਸਨੂੰ ਸਵੀਕਾਰ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਮੈਨੂੰ ਇਸਨੂੰ ਲੈਣ ਦਾ ਕੋਈ ਅਧਿਕਾਰ ਨਹੀਂ ਹੈ। ਇਹ ਲਾੜੀ ਦੇ ਪਿਤਾ ਦੀ ਮਿਹਨਤ ਦੀ ਕਮਾਈ ਹੈ, ਮੈਂ ਇਸਨੂੰ ਸਵੀਕਾਰ ਨਹੀਂ ਕਰ ਸਕਦਾ। ਲਾੜੇ ਦੇ ਮਾਪਿਆਂ ਨੇ ਉਸਦੇ ਫੈਸਲੇ ਦਾ ਪੂਰਾ ਸਮਰਥਨ ਕੀਤਾ। ਲਾੜੀ ਦੇ ਪਰਿਵਾਰ ਨੇ ਇਸ ਲਈ ਲਾੜੇ ਦਾ ਦਿਲੋਂ ਧੰਨਵਾਦ ਕੀਤਾ। ਵਿਆਹ ਵਿੱਚ ਮੌਜੂਦ ਲੋਕ ਲਾੜੇ ਦੇ ਨੇਕ ਇਰਾਦਿਆਂ ਅਤੇ ਇਮਾਨਦਾਰੀ ਦੀ ਪ੍ਰਸ਼ੰਸਾ ਕਰ ਰਹੇ ਹਨ। ਇਸ ਤੋਂ ਬਾਅਦ ਬਾਕੀ ਵਿਆਹ ਦੀਆਂ ਰਸਮਾਂ, ਜਿਵੇਂ ਜੈਮਾਲਾ ਅਤੇ



ਕੰਨਿਆਦਾਨ ਬਹੁਤ ਗਰਮਜੋਸ਼ੀ ਅਤੇ ਖੁਸ਼ੀ ਨਾਲ ਨਿਭਾਈਆਂ ਗਈਆਂ। ਸਥਾਨਕ ਲੋਕਾਂ ਦੇ ਅਨੁਸਾਰ ਅਵਧੇਸ਼ ਦਾ ਪੈਸੇ ਵਾਪਸ ਕਰਨ ਦਾ ਫੈਸਲਾ ਪੂਰੇ ਜ਼ਿਲ੍ਹੇ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਲਾੜੀ ਅਦਿਤੀ ਦੇ ਵਿਆਹ ਦਾ ਪੂਰਾ ਪ੍ਰਬੰਧ ਉਸਦੇ ਨਾਨਾ ਸੁਖਪਾਲ ਸਿੰਘ ਦੁਆਰਾ ਕੀਤਾ ਗਿਆ ਸੀ। ਇਹ ਵਿਆਹ ਸਿਰਫ਼ ਇੱਕ ਵਿਆਹ ਤੋਂ ਵੱਧ ਬਣ ਗਿਆ ਹੈ, ਸਗੋਂ ਦਾਜ ਪ੍ਰਥਾ ਦੇ ਵਿਰੁੱਧ ਇੱਕ ਪ੍ਰੇਰਨਾਦਾਇਕ ਉਦਾਹਰਣ ਬਣ ਗਿਆ ਹੈ, ਜੋ ਸਮਾਜ ਵਿੱਚ ਜਾਗਰੂਕਤਾ ਫੈਲਾ ਰਿਹਾ ਹੈ।

## ਕਾਲਜਾਂ ’ਚ ਬੰਬ ! ਧਮਕੀ ਭਰੇ ਈਮੇਲ ਮਿਲਣ ਮਗਰੋਂ ਮਚੀ ਦਹਿਸ਼ਤ, ਦਿੱਲੀ ਪੁਲਸ ਨੂੰ ਪਈਆਂ ਭਾਜੜਾਂ

ਨਵੀਂ ਦਿੱਲੀ 5 ਦਸੰਬਰ। ਰਾਜਧਾਨੀ ਦਿੱਲੀ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਦਿੱਲੀ ਯੂਨੀਵਰਸਿਟੀ (ਡੀ.ਯੂ.) ਅਧੀਨ ਆਉਂਦੇ ਦੋ ਕਾਲਜਾਂ ਨੂੰ ਬੁੱਧਵਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੇ ਈਮੇਲ ਮਿਲੇ, ਹਨ, ਜਿਸ ਮਗਰੋਂ ਇਲਾਕੇ ’ਚ ਹਫੜਾ-ਤਫੜੀ ਮਚ ਗਈ ਹੈ। ਇਸ ਦੀ ਜਾਣਕਾਰੀ ਮਿਲਦਿਆਂ ਹੀ ਕਈ ਏਜੰਸੀਆਂ ਸੁਰੱਖਿਆ ਜਾਂਚ ਲਈ ਮੌਕੇ ’ਤੇ ਪਹੁੰਚ ਗਈਆਂ ਹਨ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਧਮਕੀਆਂ ਉੱਤਰੀ ਦਿੱਲੀ ਦੇ ਰਾਮਜਸ ਕਾਲਜ ਅਤੇ ਦੱਖਣੀ ਦਿੱਲੀ ਦੇ ਦੇਸ਼ਬੰਧੂ ਕਾਲਜ ਨੂੰ ਈਮੇਲ ਰਾਹੀਂ ਭੇਜੀਆਂ ਗਈਆਂ ਸਨ। ਉੱਤਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਆਫ਼ ਪੁਲਸ ਰਾਜਾ ਬੰਠੀਆ ਨੇ ਦੱਸਿਆ, ਰਾਮਜਸ ਕਾਲਜ ਦੇ ਪ੍ਰਿੰਸੀਪਲ ਨੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਕਿ ਸਵੇਰੇ 1:59 ਵਜੇ ਇੱਕ ਧਮਕੀ ਭਰਿਆ ਈਮੇਲ ਮਿਲਿਆ, ਜਿਸ ਤੋਂ ਬਾਅਦ ਦਿੱਲੀ ਪੁਲਸ ਅਤੇ ਬੰਬ ਡਿਸਪੋਜ਼ਲ ਸਕੁਐਡ (ਬੀ.ਡੀ.ਟੀ.) ਕੈਂਪਸ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਡੀ.ਸੀ.ਪੀ. ਨੇ ਕਿਹਾ ਕਿ ਪੁਲਸ ਨੇ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਕੇ ਕੈਂਪਸ ਦੀਆਂ ਸਾਰੀਆਂ ਇਮਾਰਤਾਂ ਅਤੇ ਖੁੱਲ੍ਹੀਆਂ ਥਾਵਾਂ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਕੋਈ ਸ਼ੱਕੀ ਵਸਤੂ ਨਹੀਂ ਮਿਲੀ ਹੈ।

## ਪ੍ਰਵਾਨ ਨਾ ਚੜ੍ਹਿਆ ਮੁੰਡੇ-ਕੁੜੀ ਦਾ ਪਿਆਰ, ਪਿੰਡ ਵਾਲਿਆਂ ਨੇ ਕੀਤਾ ਵਿਰੋਧ ਤਾਂ ਦੋਵਾਂ ਨੇ ਚੁੱਕ ਲਿਆ ਖ਼ੌਫ਼ਨਾਕ ਕਦਮ

ਨੈਸ਼ਨਲ ਡੈਸਕ 5 ਦਸੰਬਰ। ਮਹਾਰਾਸ਼ਟਰ ਤੋਂ ਇਕ ਸਨਸਨੀਖੇਜ਼ ਖ਼ਬਰ ਪ੍ਰਾਪਤ ਹੋਈ ਹੈ, ਜਿੱਥੇ ਪੁਲਸ ਨੇ ਵੀਰਵਾਰ ਨੂੰ ਦੱਸਿਆ ਕਿ ਪਾਲਘਰ ਜ਼ਿਲ੍ਹੇ ਵਿੱਚ ਇੱਕ ਵਿਆਹੁਤਾ ਵਿਅਕਤੀ ਅਤੇ ਉਸ ਦੀ ਪ੍ਰੇਮਿਕਾ ਨੇ ਖ਼ੌਫ਼ਨਾਕ ਕਦਮ ਚੁੱਕਦੇ ਹੋਏ ਆਪਣੀ ਜੀਵਨਲੀਲਾ ਸਮਾਪਤ ਕਰ ਲਈ ਹੈ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਪਰਿਵਾਰਾਂ ਨੇ ਉਨ੍ਹਾਂ ਦੇ ਰਿਸ਼ਤੇ ਦਾ ਵਿਰੋਧ ਕੀਤਾ ਸੀ, ਜਿਸ ਮਗਰੋਂ ਉਨ੍ਹਾਂ ਨੇ ਇਹ ਖ਼ੌਫ਼ਨਾਕ ਕਦਮ ਚੁੱਕ ਲਿਆ। ਪੁਲਸ ਨੇ ਕਿਹਾ ਕਿ ਨਰੇਸ਼ ਲਹੂ ਨਾਡਗੇ (35) ਅਤੇ ਸਾਰਿਕਾ ਸ਼ੰਕਰ ਮਹਾਲਾ (24) ਦੀਆਂ ਲਾਸ਼ਾਂ ਮੰਗਲਵਾਰ ਨੂੰ ਵਿਕਰਮਗੜ੍ਹ ਤਾਲੁਕਾ ਦੇ ਸਰਸ਼ੀ ਪਿੰਡ ਵਿੱਚ ਇੱਕ ਦਰੱਖਤ ਨਾਲ ਲਟਕਦੀਆਂ ਮਿਲੀਆਂ। ਉਨ੍ਹਾਂ ਕਿਹਾ ਕਿ ਉਹ ਇੱਕ ਦਿਨ ਪਹਿਲਾਂ ਕਿਸੇ ਬਹਾਨੇ ਆਪਣੇ ਘਰੋਂ ਚਲੇ ਗਏ ਸਨ। ਪੁਲਸ ਨੇ ਕਿਹਾ ਕਿ ਨਰੇਸ਼ ਵਿਆਹਿਆ ਹੋਇਆ ਸੀ ਅਤੇ ਉਸ ਦੇ ਦੋ ਬੱਚੇ ਸਨ, ਜਦੋਂ ਕਿ ਸਾਰਿਕਾ ਅਜੇ ਕੁਆਰੀ ਸੀ। ਉਹ ਦੋਵੇਂ ਰਿਲੇਸ਼ਨਸ਼ਿਪ ’ਚ ਸਨ, ਪਰ ਉਨ੍ਹਾਂ ਦੇ ਪਰਿਵਾਰਾਂ ਅਤੇ ਹੋਰ ਪਿੰਡ ਵਾਸੀਆਂ ਨੇ ਇਸ ਦਾ ਵਿਰੋਧ ਕੀਤਾ, ਜਿਸ



ਕਾਰਨ ਉਹ ਡਿਪਰੈਸ਼ਨ ਵਿੱਚ ਚਲੇ ਗਏ। ਇਸ ਦੌਰਾਨ ਕੁਝ ਪਿੰਡ ਵਾਸੀਆਂ ਨੂੰ ਮੰਗਲਵਾਰ ਨੂੰ ਉਨ੍ਹਾਂ ਦੀਆਂ ਲਾਸ਼ਾਂ ਇੱਕ ਦਰੱਖਤ ਨਾਲ ਲਟਕਦੀਆਂ ਮਿਲੀਆਂ। ਸਹਾਇਕ ਪੁਲਸ ਇੰਸਪੈਕਟਰ ਅਜੀਤ ਗੋਲੇ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਨੇ ਇਕੱਠੇ ਇਹ ਸਖ਼ਤ ਕਦਮ ਚੁੱਕਿਆ। ਪੁਲਸ ਨੇ ਕਿਹਾ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀ ਨੇ ਸਲਾਹ-ਮਸ਼ਵਰੇ ਰਾਹੀਂ ਅਜਿਹੇ ਮੁੱਦਿਆਂ ਨੂੰ ਹੱਲ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇੱਥੇ ਪਿੰਡ ਵਾਸੀ ਕਿਸੇ ਵੀ ਤਰ੍ਹਾਂ ਦੇ ਸੁਧਾਰ ਪ੍ਰਤੀ ਬਹੁਤ ਸੰਵੇਦਨਸ਼ੀਲ ਅਤੇ ਭਾਵੁਕ ਹਨ ਅਤੇ ਉਹ ਕੋਈ ਵੀ ਸਖ਼ਤ ਕਦਮ ਚੁੱਕ ਸਕਦੇ ਹਨ।

## ਸਾਂਗਈ ਤਿਉਹਾਰ ’ਤੇ ਬੰਬ ਧਮਾਕਾ ਕਰਨ ਦੀ ਧਮਕੀ

ਇੰਫਾਲ 5 ਦਸੰਬਰ। ਸੁਰੱਖਿਆ ਬਲਾਂ ਨੇ ਮਣੀਪੁਰ ਵਿੱਚ ਚੱਲ ਰਹੇ ਸੰਗਾਈ ਟੂਰਿਜ਼ਮ ਫੈਸਟੀਵਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਤਿੰਨ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਘਟਨਾ ਦੀ ਸੂਚਨਾ ਵੀਰਵਾਰ ਨੂੰ ਪੁਲਸ ਨੇ ਦਿੱਤੀ। ਮਣੀਪੁਰ ਪੁਲਸ ਨੇ ਬੁੱਧਵਾਰ ਨੂੰ ਅਸਾਮ ਰਾਈਫਲਜ਼ ਨਾਲ ਸਾਂਝੇ ਆਪ੍ਰੇਸ਼ਨ ਵਿਚ ਪਾਬੰਦੀਸ਼ੁਦਾ KCP




(MFL) ਦੇ ਤਿੰਨ ਸਰਗਰਮ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਾਣਕਾਰੀ ਮੁਤਾਬਕ ਇਹ ਕਾਰਵਾਈ 21 ਨਵੰਬਰ ਨੂੰ ਇਕ ਫੇਸਬੁੱਕ ਯੂਜ਼ਰ ਦੁਆਰਾ ਪੋਸਟ ਕੀਤੇ ਗਏ ਵੀਡੀਓ ਤੋਂ ਬਾਅਦ ਕੀਤੀ ਗਈ, ਜਿਸ ਵਿਚ 21 ਤੋਂ 5 ਦਸੰਬਰ ਤੱਕ ਆਯੋਜਿਤ ਕੀਤੇ ਗਏ ਤਿਉਹਰਾ ਵਿਚ ਬੰਬ ਨਾਲ ਧਮਾਕਾ ਕਰਨ ਦੀ ਧਮਕੀ ਦਿੱਤੀ ਗਈ ਸੀ। ਅੱਤਵਾਦੀਆਂ ਨੂੰ ਇੰਫਾਲ ਪੂਰਬੀ, ਇੰਫਾਲ ਪੱਛਮੀ ਅਤੇ ਥੌਬਲ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਮਾਮਲੇ ਦੇ ਸਬੰਧ ਵਿਚ ਪੁਲਸ ਨੇ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ। ਉੱਤਰ-ਪੂਰਬੀ ਰਾਜ ਵਿਚ ਵਿਸਥਾਪਿਤ ਵਿਅਕਤੀਆਂ ਅਤੇ ਸਿਵਲ ਸੋਸਾਇਟੀ ਸੰਗਠਨਾਂ ਦੁਆਰਾ ਸੰਗਾਈ ਤਿਉਹਾਰਾਂ ਦਾ ਬਾਈਕਾਟ ਕੀਤਾ ਗਿਆ ਹੈ। ਮਣੀਪੁਰ ਵਿਚ ਮਈ 2023 ਤੋਂ ਮੈਤੇਈ ਅਤੇ ਕੁਕੀ-ਜੀ ਸਮੂਹਾਂ ਦੇ ਵਿਚਕਾਰ ਨਸਲੀ ਹਿੰਸਾ ਵਿਚ 260 ਤੋਂ ਵੱਧ ਲੋਕ ਮਾਰੇ ਗਏ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ।

## ਕੇਂਦਰੀ ਜੇਲ੍ਹ ’ਚੋਂ ਤਲਾਸ਼ੀ ਦੌਰਾਨ ਨਸ਼ੀਲਾ ਪਦਾਰਥ ਬਰਾਮਦ

ਫਿਰੋਜ਼ਪੁਰ 5 ਦਸੰਬਰ। ਕੇਂਦਰੀ ਜੇਲ੍ਹ ਫਿਰੋਜ਼ਪੁਰ ’ਚ ਤਲਾਸ਼ੀ ਦੌਰਾਨ 9 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ ਹੈ। ਇਸ ਸਬੰਧ ’ਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਸ਼ਵਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਮੌਸੂਲ ਹੋਇਆ ਕਿ ਮਿਤੀ 25 ਨਵੰਬਰ 2025 ਨੂੰ ਸਵੇਰੇ ਤਕਰੀਬਨ 11.20 ਵਜੇ ਮੌਜੂਦਾ ਗਾਰਦ ਨੂੰ ਨਾਲ ਲੈ ਕੇ ਬਲਾਕ ਨੰਬਰ 1 ਦੀ ਬੈਰਕ ਨੰਬਰ 6 ਦੀ ਤਲਾਸ਼ੀ ਕੀਤੀ ਗਈ। ਤਲਾਸ਼ੀ ਦੌਰਾਨ ਹਵਾਲਾਤੀ ਪਿਆਸ਼ੂ ਉਰਫ਼ ਚੰਟੂ ਪੁੱਤਰ ਸੋਨੂੰ ਵਾਸੀ ਭੰਡਾਰੀਆਂ ਵਾਲੀ ਗਲੀ ਬਸਤੀ ਭੱਟੀਆਂ ਵਾਲੀ ਫਿਰੋਜ਼ਪੁਰ ਦੀ ਪਹਿਨੀ ਹੋਈ ਪੈਂਟ ਦੀ ਸੱਜੀ ਜੇਬ ਵਿਚੋਂ 9 ਗ੍ਰਾਮ ਨਸ਼ੀਲਾ ਪਦਾਰਥ ਮੋਮੀ ਲਿਫ਼ਾਫ਼ੇ ਵਿਚ ਲਪੇਟਿਆ ਹੋਇਆ, ਜੋ ਕਿ ਨਸ਼ੀਲਾ ਜਾਪਦਾ ਹੈ, ਬਰਾਮਦ ਹੋਇਆ।

## ‘ਯੁੱਧ ਨਸ਼ਿਆਂ ਵਿਰੁੱਧ’ਤਹਿਤ ਡਰੱਗ ਮਨੀ ਸਮੇਤ 83 ਨਸ਼ਾ ਸਮੱਗਲਰ ਗ੍ਰਿਫ਼ਤਾਰ

ਚੰਡੀਗੜ੍ਹ/ਜਲੰਧਰ 5 ਦਸੰਬਰ। ’ਯੁੱਧ ਨਸ਼ਿਆਂ ਵਿਰੁੱਧ’ ਦੇ 276ਵੇਂ ਦਿਨ ਪੰਜਾਬ ਪੁਲਸ ਨੇ 271 ਥਾਵਾਂ ’ਤੇ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਸੂਬੇ ਭਰ ’ਚ 63 ਐੱਫ਼. ਆਈ. ਆਰਜ਼ ਦਰਜ ਕਰਕੇ 83 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 276 ਦਿਨਾਂ ’ਚ ਗ੍ਰਿਫ਼ਤਾਰ ਕੀਤੇ ਗਏ ਕੁੱਲ੍ਹ ਨਸ਼ਾ ਸਮੱਗਲਰਾਂ ਦੀ ਗਿਣਤੀ 38,904 ਹੋ ਗਈ ਹੈ। ਇਨ੍ਹਾਂ ਦੇ ਕਬਜ਼ੇ ’ਚੋਂ 1.7 ਕਿੱਲੋ ਹੈਰੋਇਨ, 3 ਕਿੱਲੋ ਗਾਂਜਾ, 40 ਕਿੱਲੋ ਭੁੱਕੀ, 682 ਨਸ਼ੀਲੀਆਂ ਗੋਲ?ਆਂ ਅਤੇ 1.20 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। 55 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 100 ਤੋਂ ਵੱਧ ਪੁਲਸ ਟੀਮਾਂ ਨੇ ਰਾਜ ਭਰ ’ਚ 271 ਛਾਪੇ ਮਾਰੇ ਹਨ।

# ਮਹਾਰਾਸ਼ਟਰ: ਠਾਣੇ ਜੇਲ੍ਹ ’ਚ ਵਿਚਾਰ ਅਧੀਨ ਕੈਦੀ ਨੇ ਜੇਲ੍ਹ ਕਰਮਚਾਰੀ ’ਤੇ ਕੀਤਾ ਹਮਲਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 5 ਦਸੰਬਰ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੀ ਕਲਿਆਣ ਜ਼ਿਲ੍ਹਾ ਜੇਲ੍ਹ ਵਿੱਚ ਇੱਕ ਵੱਡੀ ਘਟਨਾ ਸਾਹਮਣੇ ਆਈ ਹੈ। ਇੱਥੇ ਇੱਕ 30 ਸਾਲਾ ਵਿਚਾਰ ਅਧੀਨ ਕੈਦੀ ਨੇ ਮੁਲਾਕਾਤ ਸਬੰਧੀ ਹੋਏ ਵਿਵਾਦ ਦੌਰਾਨ ਇੱਕ ਜੇਲ੍ਹ ਕਰਮਚਾਰੀ ’ਤੇ ਕਥਿਤ ਤੌਰ ’ਤੇ ਹਮਲਾ ਕੀਤਾ ਅਤੇ ਉਸ ਨੂੰ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਵੀਰਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਇਹ ਘਟਨਾ ਮੰਗਲਵਾਰ ਸ਼ਾਮ ਕਰੀਬ 4:30 ਵਜੇ ਵਾਪਰੀ, ਜਦੋਂ 47 ਸਾਲਾ ਸ਼ਿਕਾਇਤਕਰਤਾ ਜੇਲ੍ਹ ਦੇ ਅੰਦਰ ਡਿਊਟੀ ’ਤੇ ਤਾਇਨਾਤ ਸੀ। ਵਿਚਾਰ ਅਧੀਨ ਕੈਦੀ ਹਿਤੇਂਦਰ ਉਰਫ਼ ਹਿਤੇਨ ਗੁਲੀਵਰ ਠਾਕੁਰ ਨੇ ਜੇਲ੍ਹ ਕਰਮਚਾਰੀ ਨਾਲ ਸੰਪਰਕ ਕੀਤਾ ਅਤੇ ਬੇਨਤੀ ਕੀਤੀ ਕਿ ਇੱਕ ਹੋਰ ਵਿਚਾਰ ਅਧੀਨ ਕੈਦੀ ਨੂੰ ਜੇਲ੍ਹ ਵਿੱਚ ਆਏ ਇੱਕ ਵਿਜ਼ਟਰ ਨੂੰ ਨਿੱਜੀ ਤੌਰ ’ਤੇ ਮਿਲਣ ਦੀ ਇਜਾਜ਼ਤ ਦਿੱਤੀ




ਜਾਵੇ। ਜਦੋਂ ਸ਼ਿਕਾਇਤਕਰਤਾ ਜੇਲ੍ਹ ਕਰਮਚਾਰੀ ਨੇ ਇਹ ਬੇਨਤੀ ਅਸਵੀਕਾਰ ਕਰ ਦਿੱਤੀ, ਤਾਂ ਦੋਸ਼ੀ ਠਾਕੁਰ ਗੁੱਸੇ ਵਿੱਚ ਆ ਗਿਆ। ਉਸਨੇ ਸ਼ਿਕਾਇਤਕਰਤਾ ਨੂੰ ਗਾਲੀ-ਗਲੋਚ ਕੀਤਾ ਅਤੇ ਧਮਕੀਆਂ ਦਿੱਤੀਆਂ। ਸਥਿਤੀ ਉਦੋਂ ਵਿਗੜ ਗਈ ਜਦੋਂ ਦੋਸ਼ੀ ਨੇ ਕਥਿਤ ਤੌਰ ’ਤੇ ਸੀਮਿੰਟ ਦਾ ਇੱਕ ਟੁਕੜਾ ਅਤੇ ਪੱਥਰ ਚੁੱਕ ਕੇ ਜੇਲ੍ਹ ਕਰਮਚਾਰੀ ’ਤੇ ਸੁੱਟ ਦਿੱਤਾ। ਪੀੜਤ ਜੇਲ੍ਹ ਕਰਮਚਾਰੀ ਦੇ ਸਰੀਰ ’ਤੇ ਹਮਲੇ ਕਾਰਨ ਸੱਟਾਂ ਲੱਗੀਆਂ। ਪੁਲਿਸ ਅਨੁਸਾਰ, ਦੋਸ਼ੀ ਨੇ ਨਾ ਸਿਰਫ਼ ਉਸ ਨਾਲ ਦੁਰਵਿਵਹਾਰ ਕੀਤਾ ਅਤੇ ਧਮਕਾਇਆ, ਬਲਕਿ ਉਸਨੂੰ ਉਸਦੀ ਡਿਊਟੀ ਨਾਲ ਸੰਬੰਧਿਤ ਕਾਰਜ ਕਰਨ ਤੋਂ ਵੀ ਰੋਕਿਆ। ਇਸ ਹਮਲੇ ਦੀ ਸ਼ਿਕਾਇਤ ’ਤੇ ਖੜਕਪਾੜਾ ਪੁਲਸ ਸਟੇਸ਼ਨ ਵਿੱਚ 26 ਨਵੰਬਰ ਨੂੰ ਇੱਕ ਐਫਆਈਆਰ ਦਰਜ ਕੀਤੀ ਗਈ ਸੀ। ਹਿਤੇਂਦਰ ਉਰਫ਼ ਹਿਤੇਨ ਗੁਲੀਵਰ ਠਾਕੁਰ ਖ਼?ਲਾਫ਼ ਭਾਰਤੀ ਨਿਆ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

## ਡੰਪਰ ਦੀ ਟਰੈਕਟਰ-ਟਰਾਲੀ ਨਾਲ ਭਿਆਨਕ ਟੱਕਰ, 2 ਨੌਜਵਾਨਾਂ ਦੀ ਹੋਈ ਮੌਤ

ਨੈਸ਼ਨਲ ਡੈਸਕ 5 ਦਸੰਬਰ। ਉੱਤਰ ਪ੍ਰਦੇਸ਼ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਕੌਸ਼ੰਬੀ ਜ਼ਿਲ੍ਹੇ ਦੇ ਸੰਦੀਪਨ ਘਾਟ ਖੇਤਰ ਵਿੱਚ ਇੱਕ ਡੰਪਰ ਦੀ ਟਰੈਕਟਰ-ਟਰਾਲੀ ਨਾਲ ਟੱਕਰ ਕਾਰਨ 2 ਮਜ਼ਦੂਰਾਂ ਦੀ ਮੌਤ ਹੋ ਗਈ। ਜਾਣਕਾਰੀ ਦਿੰਦੇ ਹੋਏ ਪੁਲਸ ਸਰਕਲ ਅਫਸਰ ਅਭਿਸ਼ੇਕ ਸਿੰਘ ਨੇ ਦੱਸਿਆ ਕਿ ਸੰਦੀਪਨ ਘਾਟ ਥਾਣਾ ਖੇਤਰ ਦੇ ਮੁਜਾਹਿਦਪੁਰ ਪਿੰਡ ਦੇ ਵਸਨੀਕ ਲਵ ਕੁਸ਼ (16) ਅਤੇ ਅਜੈ ਕੁਮਾਰ (16) ਇੱਕ ਟਰੈਕਟਰ-ਟਰਾਲੀ ’ਤੇ ਮਿੱਟੀ ਲੈ ਕੇ ਮੂਰਤਗੰਜ-ਬਦਨਪੁਰ ਸੜਕ ’ਤੇ ਜਾ ਰਹੇ ਸਨ। ਇਸ ਦੌਰਾਨ ਚੰਦਵਾੜੀ ਚੌਰਾਹੇ ਵੱਲ ਮੁੜਦੇ ਇੱਕ ਡੰਪਰ ਨੇ ਪਿੱਛੇ ਤੋਂ ਟਰੈਕਟਰ-ਟਰਾਲੀ ਨੂੰ ਟੱਕਰ ਮਾਰ ਦਿੱਤੀ। ਉਨ੍ਹਾਂ ਕਿਹਾ ਕਿ ਟਰੈਕਟਰ-ਟਰਾਲੀ ਕੰਟਰੋਲ ਗੁਆ ਬੈਠੀ ਅਤੇ ਸੜਕ ਕਿਨਾਰੇ ਪਲਟ ਗਈ, ਜਿਸ ਨਾਲ ਲਵ ਕੁਸ਼ ਅਤੇ ਅਜੈ ਕੁਮਾਰ ਦੀ ਮੌਕੇ ’ਤੇ ਹੀ ਮੌਤ ਹੋ ਗਈ। ਉਨ੍ਹਾਂ ਅੱਗੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਤੋਂ ਸੂਚਨਾ ਮਿਲਣ ’ਤੇ ਪੁਲਸ ਮੌਕੇ ’ਤੇ ਪਹੁੰਚੀ, ਲਾਸ਼ਾਂ ਨੂੰ ਬਾਹਰ ਕੱਢਿਆ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਡੰਪਰ ਚਾਲਕ ਹਾਦਸੇ ਤੋਂ ਬਾਅਦ ਗੱਡੀ ਸਮੇਤ ਫਰਾਰ ਹੋ ਗਿਆ ਤੇ ਉਸ ਦੀ ਭਾਲ ਜਾਰੀ ਹੈ।

## ਖੜ੍ਹੇ ਟਰੱਕ ’ਚ ਸ਼ਰਧਾਲੂਆਂ ਦੀ ਕਾਰ, ਡਰਾਈਵਰ ਸਮੇਤ ਦੋ ਦੀ ਮੌਤ

ਨੈਸ਼ਨਲ ਡੈਸਕ 5 ਦਸੰਬਰ। ਸਵੇਰੇ ਬਲੀਆ ਜ਼ਿਲ੍ਹੇ ਦੇ ਬੈਰੀਆ ਖੇਤਰ ਵਿੱਚ ਪਵਿੱਤਰ ਯਾਤਰਾ ਲਈ ਵਾਰਾਣਸੀ ਜਾ ਰਹੇ ਬਿਹਾਰ ਤੋਂ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਕਾਰ ਇੱਕ ਖੜ੍ਹੇ ਟਰੱਕ ਨਾਲ ਟਕਰਾ ਗਈ, ਜਿਸ ਕਾਰਨ ਇੱਕ ਕੁੜੀ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਗੰਭੀਰ ਜ਼ਖਮੀ ਹੋ ਗਏ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ 4 ਵਜੇ ਦੇ ਕਰੀਬ, ਬੈਰੀਆ ਖੇਤਰ ਵਿੱਚ ਚਾਂਦ ਦਿਆਰ ਯਾਦਵ ਬਸਤੀ ਨੇੜੇ ਇੱਕ ਤੇਜ਼ ਰਫ਼ਤਾਰ ਕਾਰ ਨੇ ਕੰਟਰੋਲ ਗੁਆ ਦਿੱਤਾ ਅਤੇ ਸੜਕ ਕਿਨਾਰੇ ਖੜ੍ਹੇ ਟਰੱਕ ਨਾਲ ਟਕਰਾ ਗਈ। ਡਰਾਈਵਰ ਆਸ਼ੂ ਸਿੰਘ (30) ਦੀ ਮੌਕੇ ’ਤੇ ਹੀ ਮੌਤ ਹੋ ਗਈ ਅਤੇ ਛੇ ਹੋਰ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਸਾਰੇ ਜ਼ਖਮੀਆਂ ਨੂੰ ਸੋਨਬਰਸਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਜ਼ਿਲ੍ਹਾ ਹਸਪਤਾਲ ਭੇਜ ਦਿੱਤਾ ਗਿਆ। ਜ਼ਖਮੀਆਂ ਵਿੱਚੋਂ ਇੱਕ ਆਰਤੀ ਘੋਸ਼ (11) ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਰਹਿਣ ਵਾਲੇ ਸੱਤ ਲੋਕ ਪਵਿੱਤਰ ਯਾਤਰਾ ਲਈ ਵਾਰਾਣਸੀ ਜਾ ਰਹੇ ਸਨ ਜਦੋਂ ਡਰਾਈਵਰ ਨੂੰ ਨੀਂਦ ਆ ਗਈ, ਜਿਸ ਕਾਰਨ ਕਾਰ ਟਰੱਕ ਨਾਲ ਟਕਰਾ ਗਈ। ਉਨ੍ਹਾਂ ਕਿਹਾ ਕਿ ਪੁਲਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

# ਕਾਰ ’ਤੇ ’ਕਾਲ’ ਬਣ ਡਿੱਗਿਆ ਬਜਰੀ ਨਾਲ ਭਰਿਆ ਟਰੱਕ, ਪੂਰਾ ਪਰਿਵਾਰ ਹੋ ਗਿਆ ਖ਼ਤਮ

**ਕੌਮੀ ਪਤ੍ਰਿਕਾ**

ਸਹਾਰਨਪੁਰ 5 ਦਸੰਬਰ। ਉੱਤਰ ਪ੍ਰਦੇਸ਼ ’ਚ ਸਹਾਰਨਪੁਰ ਜ਼ਿਲ੍ਹੇ ਦੇ ਗਾਗਲਹੇੜੀ ਥਾਣਾ ਖੇਤਰ ’ਚ ਸ਼ੁੱਕਰਵਾਰ ਨੂੰ ਬਜਰੀ ਨਾਲ ਭਰਿਆ ਇਕ ਵੱਡਾ ਟਰੱਕ (ਡੰਪਰ) ਇਕ ਕਾਰ ’ਤੇ ਪਲਟ ਗਿਆ। ਇਸ ਹਾਦਸੇ ’ਚ ਕਾਰ ਸਵਾਰ ਇਕ ਹੀ ਪਰਿਵਾਰ ਦੇ 7 ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਪੁਲਸ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਪੁਲਸ ਸੁਪਰਡੈਂਟ ਵਿਓਮ ਬਿੰਦਰ ਨੇ ਦੱਸਿਆ ਕਿ ਗਾਗਲਹੇੜੀ ਥਾਣਾ ਖੇਤਰ ਦੇ ਸਈਅਦ ਮਾਜਰਾ ਪਿੰਡ ’ਚ ਇਹ ਹਾਦਸਾ ਉਦੋਂ ਹੋਇਆ ਜਦੋਂ ਬਜਰੀ ਨਾਲ ਭਰਿਆ ਟਰੱਕ ਇਕ ਕਾਰ ’ਤੇ ਪਲਟ ਗਿਆ ਅਤੇ ਇਕ ਹੀ ਪਰਿਵਾਰ ਦੇ 7 ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਬਿੰਦਲ ਨੇ ਕਿਹਾ ਕਿ ਲਾਸ਼ਾਂ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਇਸ ਤੋਂ ਬਾਅਦ ਟਰੱਕ ਡਰਾਈਵਰ ਫਰਾਰ ਹੋ ਗਿਆ ਅਤੇ ਪੁਲਸ ਐੱਫਆਈਆਰ ਦਰਜ ਕਰ ਕੇ ਜੇਸੀਬੀ ਦੀ ਮਦਦ ਨਾਲ ਰਾਹਤ ਅਤੇ ਬਚਾਅ ਕੰਮ ਕਰ ਰਹੀ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਟਰੱਕ ਦੇ ਬੇਕਾਬੂ ਹੋ ਕੇ ਕੋਲੋਂ ਲੰਘ ਰਹੀ ਇਕ ਕਾਰ ’ਤੇ ਡਿੱਗਣ ਨਾਲ ਕਾਰ ਬੁਰੀ ਤਰ੍ਹਾਂ ਦੱਬ ਗਈ ਅਤੇ ਟਰੱਕ ’ਚ ਭਰੀ ਬਜਰੀ ਦੇ ਭਾਰ ਨਾਲ ਕਾਰ ’ਚ ਸਵਾਰ ਪੂਰਾ ਪਰਿਵਾਰ ਦੱਬ ਗਿਆ। ਪੁਲਸ ਅਨੁਸਾਰ ਕਾਰ ਸਵਾਰ ਸੰਦੀਪ ਆਪਣੇ ਪਰਿਵਾਰਕ ਮੈਂਬਰਾਂ ਨੂੰ ਲੈ ਕੇ ਰਿਸ਼ਤੇਦਾਰੀ ’ਚ ਗੰਗੋਹ ਜਾ ਰਿਹਾ ਸੀ ਪਰ ਉੱਥੇ ਪੁੱਜਣ ਤੋਂ ਪਹਿਲਾਂ ਹੀ ਇਹ ਹਾਦਸਾ ਹੋ ਗਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਨੇੜੇ-ਤੇੜੇ ਦੇ ਪਿੰਡ ਵਾਸੀਆਂ ਦੀ ਉੱਥੇ ਭੀੜ ਲੱਗ ਗਈ ਅਤੇ ਆਵਾਜਾਈ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ। ਉੱਥੇ ਹੀ ਕਟਰ ਮਸ਼ੀਨ ਨਾਲ ਕਾਰ ’ਚ ਫਸੀਆਂ ਲਾਸ਼ਾਂ ਬਾਹਰ ਕੱਢੀਆਂ ਗਈਆਂ। ਮ੍ਰਿਤਕਾਂ ਦੀ ਪਛਾਣ ਸੰਦੀਪ ਕੁਮਾਰ (24), ਉਸ ਦੀ ਭੈਣ ਜੋਲੀ (27), ਜੀਜਾ ਸ਼ੇਖਰ (28), ਸੰਦੀਪ ਦੀ ਮਾਂ ਰਾਣੀ ਦੇਵੀ (62), ਸੰਦੀਪ ਦਾ ਮਾਸੀ ਦੀ ਮੁੰਡਾ ਵਿਪਿਨ (20) ਅਤੇ ਇਕ ਹੋਰ ਰਿਸ਼ਤੇਦਾਰ ਰਾਜੂ ਸੈਨੀ (27) ਵਜੋਂ ਹੋਈ ਹੈ। ਮ੍ਰਿਤਕਾਂ ’ਚ ਪਰਿਵਾਰ ਦਾ ਇਕ ਬੱਚਾ ਵੀ ਸ਼ਾਮਲ ਹੈ। ਬਿੰਦਲ ਨੇ ਕਿਹਾ ਕਿ ਮਾਮਲੇ ’ਚ ਅੱਗੇ ਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।





## ਪੰਜਾਬ ’ਚ 3 ਦਿਨ ਨਹੀਂ ਚੱਲਣਗੀਆਂ ਆਧਾਰ ਕਾਰਡ ਵਾਲੀਆਂ ਬੱਸਾਂ !

ਚੰਡੀਗੜ੍ਹ 5 ਦਸੰਬਰ। ਪੰਜਾਬ ’ਚ ਆਧਾਰ ਕਾਰਡ ਵਾਲੀਆਂ ਬੱਸਾਂ ਨੂੰ ਲੈ ਕੇ ਜ਼ਰੂਰੀ ਖ਼ਬਰ ਸਾਹਮਣੇ ਆ ਰਹੀ ਹੈ। ਦਰਅਸਲ ਆਧਾਰ ਕਾਰਡ ’ਤੇ ਬੱਸਾਂ ’ਚ ਸਫ਼ਰ ਕਰਨ ਵਾਲੀਆਂ ਬੀਬੀਆਂ ਸਣੇ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਦੱਸਿਆ ਜਾ ਰਿਹਾ ਹੈ ਕਿ ਸਰਕਾਰੀ ਬੱਸਾਂ 8 ਤੋਂ 10 ਦਸੰਬਰ ਤੱਕ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ਰੋਡਵੇਜ਼, ਪਨਬੱਸ ਅਤੇ ਪੀ. ਆਰ. ਟੀ. ਸੀ. ਕੰਟਰੈਕਟ ਵਰਕਰ ਯੂਨੀਅਨ ਨੇ ਵੱਡਾ ਐਲਾਨ ਕੀਤਾ ਹੈ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ, ਜਿਸ ਕਾਰਨ ਉਹ ਬੱਸਾਂ ਦਾ ਚੱਕਾ ਜਾਮ ਕਰਨ ਲਈ ਮਜਬੂਰ ਹਨ। ਯੂਨੀਅਨ ਨੇ ਐਲਾਨ ਕੀਤਾ ਕਿ 5 ਦਸੰਬਰ ਅਤੇ 5 ਦਸੰਬਰ ਨੂੰ ਸਾਰੇ ਡਿਪੂਆਂ ’ਤੇ ਗੇਟ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਪੰਜਾਬ ਭਰ ਦੇ ਬੱਸ ਡਿਪੂ ਬੰਦ ਰਹਿਣਗੇ। ਇਸ ਦੇ ਨਾਲ ਹੀ 8 ਤੋਂ 10 ਦਸੰਬਰ ਤੱਕ ਬੱਸਾਂ ਨਹੀਂ ਚੱਲਣਗੀਆਂ। ਇਸ ਲਈ ਇਨ੍ਹਾਂ 3 ਦਿਨਾਂ ਦੌਰਾਨ ਸਰਕਾਰੀ ਬੱਸਾਂ ਦਾ ਸਫ਼ਰ ਕਰਨ ਵਾਲੇ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਤੁਸੀਂ ਵੀ ਇਨ੍ਹਾਂ ਤਾਰੀਖ਼ਾਂ ਦੌਰਾਨ ਕਿਤੇ ਜਾਣ ਦਾ ਪ੍ਰੋਗਰਾਮ ਬਣਾਇਆ ਹੈ ਤਾਂ ਇਨ੍ਹਾਂ ਤਾਰੀਖ਼ਾਂ ਨੂੰ ਸੋਚ-ਸਮਝ ਕੇ ਹੀ ਘਰੋਂ ਨਿਕਲੋ ਕਿਉਂਕਿ ਰਾਹ ’ਚ ਤੁਹਾਨੂੰ ਪਰੇਸ਼ਾਨੀ ਹੋ ਸਕਦੀ ਹੈ।




# ਲਖਨਊ-ਪ੍ਰਯਾਗਰਾਜ ਨੈਸ਼ਨਲ ਹਾਈਵੇਅ ’ਤੇ ਸੇਮਰੀ ਚੌਰਾਹੇ ਨੇੜੇ ਸੜਕ ਧੱਸੀ, ਫਸਿਆ ਡੰਪਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 5 ਦਸੰਬਰ। ਕੁਝ ਦਿਨ ਪਹਿਲਾਂ ਉਂਚਾਹਾਰ-ਰਾਏਬਰੇਲੀ-ਲਖਨਊ-ਪ੍ਰਯਾਗਰਾਜ ਰਾਸ਼ਟਰੀ ਰਾਜਮਾਰਗ ’ਤੇ ਸੇਮਰੀ ਰਾਣਾਪੁਰ ਪਿੰਡ ਦੇ ਨੇੜੇ ਇੱਕ ਵੱਡਾ ਹਾਦਸਾ ਟਲ ਗਿਆ। ਰਾਸ਼ਟਰੀ ਰਾਜਮਾਰਗ ’ਤੇ ਅਚਾਨਕ ਸੜਕ ਧੱਸਣ ਕਾਰਨ ਇੱਕ ਡੰਪਰ ਟਰੱਕ ਦੇ ਕਈ ਪਹੀਏ ਇੱਕ ਟੋਏ ਵਿੱਚ ਫਸ ਗਏ। ਡੰਪਰ ਕਈ ਘੰਟਿਆਂ ਤੱਕ ਉਸੇ ਥਾਂ ’ਤੇ ਫਸਿਆ ਰਿਹਾ, ਜਿਸ ਕਾਰਨ ਸੜਕ ’ਤੇ ਹਫੜਾ-ਦਫੜੀ ਮਚ ਗਈ। ਖੁਸ਼ਕਿਸਮਤੀ ਨਾਲ, ਇਸ ਘਟਨਾ ਵਿੱਚ ਕੋਈ ਵੀ ਜ਼ਖਮੀ ਨਹੀਂ ਹੋਇਆ। ਘਟਨਾ ਤੋਂ ਤੁਰੰਤ ਬਾਅਦ ਡੰਪਰ ਦੇ ਡਰਾਈਵਰ ਅਤੇ ਕਲੀਨਰ ਨੇ ਵਾਹਨ ਨੂੰ ਕੱਢਣ ਦੀ ਕੋਸ਼ਿਸ਼ ਕੀਤੀ, ਜਦੋਂ ਕਿ ਸਥਾਨਕ ਨਿਵਾਸੀਆਂ ਨੇ ਵਾਹਨਾਂ ਨੂੰ ਮੋੜ ਕੇ ਆਵਾਜਾਈ ਨੂੰ ਸੰਭਾਲਿਆ ਅਤੇ ਸੰਭਾਵੀ ਹਾਦਸੇ ਨੂੰ ਟਾਲ ਦਿੱਤਾ। ਸ਼ਿਵਮ ਪਾਂਡੇ, ਅੰਨੂ ਪਾਠਕ, ਅੰਨੂ ਪਾਂਡੇ, ਸੰਤੋਸ਼ ਪਾਂਡੇ, ਅਖਿਲੇਸ਼ ਸਿੰਘ, ਜੈਮਲ ਸਿੰਘ ਅਤੇ ਪ੍ਰਸ਼ਾਂਤ ਸਿੰਘ ਸਮੇਤ ਦਰਜਨਾਂ ਲੋਕ ਮੌਕੇ



’ਤੇ ਪਹੁੰਚੇ ਅਤੇ ਹੋਰ ਵਾਹਨਾਂ ਨੂੰ ਸੰਕੇਤ ਦੇ ਕੇ ਸਥਿਤੀ ਨੂੰ ਕਾਬੂ ਕੀਤਾ। ਘਟਨਾ ਦਾ ਇੱਕ ਵੀਡੀਓ ਇੰਟਰਨੈੱਟ ’ਤੇ ਵੀ ਵਾਇਰਲ ਹੋ ਰਿਹਾ ਹੈ। ਸਥਾਨਕ ਨਿਵਾਸੀਆਂ ਨੇ ਹਾਈਵੇਅ ਦੇ ਢਹਿਣ ਬਾਰੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐਗਜ਼ੀਕਿਊਟਿੰਗ ਏਜੰਸੀ ਦੀ ਲਾਪਰਵਾਹੀ ਅਤੇ ਨਿਰਮਾਣ ਕਾਰਜ ਦੀ ਮਾੜੀ ਗੁਣਵੱਤਾ ਕਾਰਨ, ਕੁਝ ਮਹੀਨਿਆਂ ਦੇ ਅੰਦਰ-ਅੰਦਰ ਸੜਕ ਥਾਂ-ਥਾਂ ਤੋਂ ਡੁੱਬਣੀ ਸ਼ੁਰੂ ਹੋ ਗਈ ਹੈ। ਲਖਨਊ-ਪ੍ਰਯਾਗਰਾਜ ਸੜਕ ਨੂੰ ਹਾਲ ਹੀ ਵਿੱਚ ਮਹਾਕੁੰਭ 2025 ਦੇ ਮੱਦੇਨਜ਼ਰ ਚੌੜਾ ਅਤੇ ਨਵੀਨੀਕਰਨ ਕੀਤਾ ਗਿਆ ਸੀ, ਪਰ ਲੋਕਾਂ ਦਾ ਦੋਸ਼ ਹੈ ਕਿ ਉਸਾਰੀ ਜਲਦੀ ਵਿੱਚ ਅਤੇ ਗੁਣਵੱਤਾ ਦੇ ਮਾਪਦੰਡਾਂ ਦੀ ਪਾਲਣਾ ਕੀਤੇ ਬਿਨਾਂ ਕੀਤੀ ਗਈ ਸੀ। ਇਸ ਤੋਂ ਪਹਿਲਾਂ, ਬਰਸਾਤ ਦੇ ਮੌਸਮ ਦੌਰਾਨ, ਇਸ ਹਾਈਵੇਅ ਦੇ ਕਈ ਹਿੱਸਿਆਂ ਵਿੱਚ ਡੁੱਬਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਜਦੋਂ ਇਸ ਘਟਨਾ ਸੰਬੰਧੀ ਐਸਡੀਐਮ ਰਾਜੇਸ਼ ਕੁਮਾਰ ਸ਼੍ਰੀਵਾਸਤਵ ਨਾਲ ਉਨ੍ਹਾਂ ਦੇ ਸੀਯੂਜੀ ਨੰਬਰ ’ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕਸ਼ਮੀਰ ਦੇ 5 ਜ਼ਿਲਿਆਂ 'ਚ ਛਾਪੇਮਾਰੀ, ਬਠਿੰਡੀ ਤੋਂ 19 ਸਾਲਾ ਅੱਤਵਾਦੀ ਗ੍ਰਿਫਤਾਰ

**ਕੌਮੀ ਪਤ੍ਰਿਕਾ**

ਸ੍ਰੀਨਗਰ/ਜੰਮੂ 5 ਦਸੰਬਰ। ਪੁਲਸ ਨੇ ਪਾਬੰਦੀਸ਼ੁਦਾ ਸੰਗਠਨ ਜਮਾਤ-ਏ-ਇਸਲਾਮੀ (ਜੇ. ਈ. ਆਈ.) 'ਤੇ ਕਾਰਵਾਈ ਦੇ ਤਹਿਤ ਵੀਰਵਾਰ ਨੂੰ ਕਸ਼ਮੀਰ ਵਾਦੀ 'ਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਛਾਪੇ ਅਨੰਤਨਾਗ, ਪੁਲਵਾਮਾ, ਬਡਗਾਮ, ਕੁਲਗਾਮ ਅਤੇ ਕੁਪਵਾੜਾ ਜ਼ਿਲਿਆਂ ਵਿਚ ਮਾਰੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਛਾਪੇ ਜਮਾਤ-ਏ-ਇਸਲਾਮੀ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਜੁੜੇ ਰਿਹਾਇਸ਼ੀ ਟਿਕਾਣਿਆਂ ਅਤੇ ਹੋਰ ਥਾਵਾਂ 'ਤੇ ਮਾਰੇ ਗਏ ਜੋ ਅੱਤਵਾਦੀ ਨੈੱਟਵਰਕ ਅਤੇ ਇਸਨੂੰ ਸਮਰਥਨ ਦੇਣ ਵਾਲੇ ਤੰਤਰ ਨੂੰ ਖਤਮ ਕਰਨ ਦੇ ਨਿਰੰਤਰ ਯਤਨਾਂ ਦਾ ਹਿੱਸਾ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਸ ਕਾਰਵਾਈ ਤੋਂ ਪਹਿਲਾਂ ਠੋਸ ਖੁਫੀਆ ਜਾਣਕਾਰੀ ਮਿਲੀ ਸੀ ਕਿ ਜੇ. ਈ. ਆਈ. ਦੇ ਕੁਝ ਮੈਂਬਰ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਸੰਗਠਨ ਅਤੇ ਇਸ ਨਾਲ ਜੁੜੇ ਸੰਸਥਾਨਾਂ ਨਾਲ ਸਬੰਧਤ ਵਿਅਕਤੀਆਂ ਦੇ ਘਰਾਂ ਤੋਂ ਇਲੈਕਟ੍ਰਾਨਿਕ ਉਪਕਰਣ, ਦਸਤਾਵੇਜ਼ ਅਤੇ ਸਾਹਿਤ ਜ਼ਬਤ ਕੀਤਾ ਗਿਆ ਹੈ। ਉੱਤਰ ਕਸ਼ਮੀਰ ਵਿਚ ਵਾਰਿਪੁਰਾ, ਹੰਦਵਾੜਾ ਸਥਿਤ ਜਾਮੀਆ ਇਸਲਾਮੀਆ ਇੰਸਟੀਚਿਊਟ ਵਿਚ ਵੀ ਤਲਾਸ਼ੀ ਲਈ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਸ਼ੱਕੀ ਗੈਰ-ਕਾਨੂੰਨੀ ਗਤੀਵਿਧੀਆਂ ਅਤੇ ਜੇ. ਈ. ਆਈ. ਨਾਲ ਸੰਭਾਵਿਤ ਸਬੰਧਾਂ ਦੀ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ। ਦੂਜੇ ਪਾਸੇ ਜੰਮੂ ਪੁਲਸ ਨੇ ਇਕ 19 ਸਾਲਾ ਅੱਤਵਾਦੀ ਨੂੰ ਗ੍ਰਿਫਤਾਰ ਕੀਤਾ ਹੈ ਜੋ ਬਾਹੂ ਫੋਰਟ ਪੁਲਸ ਸਟੇਸ਼ਨ ਵਿਚ ਭਾਰਤੀ ਨਿਆਂ ਸੰਹਿਤਾ (ਬੀ. ਐੱਨ. ਐੱਸ.) ਦੇ ਸੈਕਸ਼ਨ 113(3) ਦੇ ਤਹਿਤ ਦਰਜ ਐੱਫ. ਆਈ. ਆਰ. ਨੰਬਰ 331/2025 ਵਿਚ ਮੁੱਖ ਸ਼ੱਕੀ ਦੇ ਤੌਰ 'ਤੇ ਸਾਹਮਣੇ ਆਇਆ ਹੈ। ਪੁਲਸ ਦੇ ਅਨੁਸਾਰ, ਮੁਲਜ਼ਮ, ਜੋ ਕਿ ਮੂਲ ਰੂਪ ਵਿਚ ਰਿਆਸੀ ਜ਼ਿਲੇ ਦਾ ਰਹਿਣ ਵਾਲਾ ਹੈ ਅਤੇ ਇਸ ਸਮੇਂ ਬਠਿੰਡੀ ਖੇਤਰ ਵਿਚ ਰਹਿ ਰਿਹਾ ਸੀ ਅਤੇ



ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਿਹਾ ਸੀ। ਇਸਦੀ ਗ੍ਰਿਫਤਾਰੀ ਪੁਲਸ ਨੂੰ ਮਿਲੀ ਖੁਫੀਆ ਜਾਣਕਾਰੀ ਤੋਂ ਬਾਅਦ ਹੋਈ। ਮੁਲਜ਼ਮ ਪਾਕਿਸਤਾਨ ਅਤੇ ਹੋਰ ਵਿਦੇਸ਼ੀ ਮੁਲਕਾਂ ਦੇ ਕਈ ਮੋਬਾਈਲ ਨੰਬਰਾਂ ਦੇ ਸੰਪਰਕ ਵਿਚ ਸੀ। ਜੰਮੂ ਪੁਲਸ ਨੇ ਮੁਲਜ਼ਮ ਤੋਂ ਕਈ ਡਿਜੀਟਲ ਡਿਵਾਈਸਾਂ ਬਰਾਮਦ ਕੀਤੀਆਂ ਹਨ, ਜਿਨ੍ਹਾਂ ਦੀ ਹੁਣ ਡਿਟੇਲਡ ਫਾਰੈਂਸਿਕ ਜਾਂਚ ਅਤੇ ਟੈਕਨੀਕਲ ਐਨਾਲਿਸਿਸ ਕੀਤਾ ਜਾ ਰਿਹਾ ਹੈ ਤਾਂ ਜੋ ਸੰਭਾਵੀ ਹੈਂਡਲਰਾਂ, ਕਮਿਊਨੀਕੇਸ਼ਨ ਪੈਟਰਨਾਂ ਅਤੇ ਡਿਜੀਟਲ ਫੁੱਟਪ੍ਰਿੰਟ ਦਾ ਪਤਾ ਲਗਾਇਆ ਜਾ ਸਕੇ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਸ਼ੱਕੀ ਤੋਂ ਡੂੰਘੀ ਪੁੱਛਗਿੱਛ ਕੀਤੀ ਜਾ ਰਹੀ ਹੈ। ਨਾਲ ਹੀ ਉਸਦੀ ਸ਼ਮੂਲੀਅਤ ਦਾ ਪਤਾ ਲਗਾਉਣ ਅਤੇ ਸ਼ੱਕੀ ਅੱਤਵਾਦੀ ਸਾਜ਼ਿਸ਼ ਨਾਲ ਜੁੜੇ ਕਿਸੇ ਵੀ ਸਾਥੀ ਦੀ ਪਛਾਣ ਕਰਨ ਲਈ ਪੂਰੀ ਜਾਂਚ ਚਲ ਰਹੀ ਹੈ।

## 18 ਸਾਲਾ ਮੁੰਡੇ ਦੇ ਪਿਆਰ 'ਚ ਅੰਨ੍ਹੀ ਹੋਈ ਪੰਜ ਬੱਚਿਆਂ ਦੀ ਮਾਂ, ਚਾੜ੍ਹ ਗਈ ਚੰਨ

ਅੰਬੇਡਕਰ ਨਗਰ 5 ਦਸੰਬਰ। ਉੱਤਰ ਪ੍ਰਦੇਸ਼ ਦੇ ਅੰਬੇਡਕਰ ਨਗਰ ਜ਼ਿਲ੍ਹੇ ਤੋਂ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇੱਕ ਔਰਤ ਨੇ ਆਪਣੇ 18 ਸਾਲਾ ਪ੍ਰੇਮੀ ਨਾਲ ਆਪਣੇ ਪਤੀ ਦੀ ਮੌਜੂਦਗੀ ਵਿੱਚ ਵਿਆਹ ਕਰਵਾ ਲਿਆ। ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਇਹ ਔਰਤ ਪੰਜ ਬੱਚਿਆਂ ਦੀ ਮਾਂ ਹੈ। ਇਸ ਔਰਤ ਦਾ ਲੰਬੇ ਸਮੇਂ ਤੋਂ ਆਪਣੇ 18 ਸਾਲੇ ਦੇ ਪ੍ਰੇਮੀ ਨਾਲ ਅਫੇਅਰ ਚੱਲ ਰਿਹਾ ਸੀ। ਇਹ ਘਟਨਾ ਅੰਬੇਡਕਰ ਨਗਰ ਜ਼ਿਲ੍ਹੇ ਦੇ ਜਹਾਂਗੀਰਗੰਜ ਥਾਣਾ ਖੇਤਰ ਵਿੱਚ ਸਥਿਤ ਹੁਸੈਨਪੁਰ ਖੁਰਦ ਪਿੰਡ ਵਿੱਚ ਵਾਪਰੀ ਹੈ। ਔਰਤ ਦਾ ਪ੍ਰੇਮੀ ਨਿਖਿਲ ਦੇਵਰੀਆ ਵਿੱਚ ਕਬਾੜ ਡੀਲਰ ਵਜੋਂ ਕੰਮ ਕਰਦਾ ਹੈ। ਇਸ ਦੌਰਾਨ ਇਨ੍ਹਾਂ ਦੋਵਾਂ ਦੀ ਮੁਲਾਕਾਤ ਹੋਈ ਅਤੇ ਫਿਰ ਪ੍ਰੇਮ ਸੰਬੰਧ ਬਣ ਗਏ। ਇਸ ਦੌਰਾਨ ਉਨ੍ਹਾਂ ਨੇ ਵਿਆਹ ਕਰਨ ਦਾ ਫੈਸਲਾ ਕੀਤਾ ਅਤੇ ਦੇਵਰੀਆ ਤੋਂ ਅੰਬੇਡਕਰ ਨਗਰ ਭੱਜ ਕੇ ਆ ਗਏ। ਦੂਜੇ ਪਾਸੇ ਔਰਤ ਦੇ ਪਤੀ ਨੂੰ ਜਦੋਂ ਇਸ ਬਾਰੇ ਪਤਾ ਲੱਗਾ, ਤਾਂ ਉਹ ਵੀ ਅੰਬੇਡਕਰ ਨਗਰ ਪਹੁੰਚ ਗਿਆ। ਸ਼ੁਰੂ ਵਿੱਚ ਪਤੀ-ਪਤਨੀ ਅਤੇ ਉਸ ਦੇ ਪ੍ਰੇਮੀ ਵਿਚਕਾਰ ਲੰਬੀ ਗੱਲਬਾਤ ਹੋਈ ਪਰ ਔਰਤ ਆਪਣੇ ਪ੍ਰੇਮੀ ਨਾਲ ਰਹਿਣ 'ਤੇ ਅੜੀ ਰਹੀ। ਉਹ ਉਸ ਨਾਲ ਰਹਿਣ ਅਤੇ ਵਿਆਹ ਕਰਵਾਉਣ ਦੀ ਜਿੱਦ ਕਰਨ ਲੱਗੀ। ਬੁੱਧਵਾਰ ਨੂੰ ਮਨਗਰ ਦੇ ਸ਼ਿਵ ਮੰਦਰ ਵਿੱਚ ਔਰਤ ਅਤੇ ਉਸਦੇ ਪ੍ਰੇਮੀ ਦਾ ਵਿਆਹ ਕਰਵਾ ਦਿੱਤਾ ਗਿਆ। ਇਸ ਦੌਰਾਨ ਸਭ ਤੋਂ ਖਾਸ ਗੱਲ ਇਹ ਰਹੀ ਕਿ ਵਿਆਹ ਦੀਆਂ ਸਾਰੀਆਂ ਰਸਮਾਂ ਔਰਤ ਦੇ ਪਤੀ ਦੀ ਮੌਜੂਦਗੀ ਵਿੱਚ ਹੋਈਆਂ। ਵਿਆਹ ਤੋਂ ਬਾਅਦ ਪਤੀ ਨੇ ਆਪਣੀ ਪਤਨੀ ਦਾ ਹੱਥ ਉਸਦੇ ਪ੍ਰੇਮੀ ਨੂੰ ਸੌਂਪ ਦਿੱਤਾ ਅਤੇ ਆਪਣੇ ਪੰਜ ਬੱਚਿਆਂ ਨਾਲ ਘਰ ਵਾਪਸ ਆ ਗਿਆ।

## ਅੱਧੀ ਰਾਤ ਘਰੇ ਸੱਦ ਲਿਆ ਆਸ਼ਿਕ ਤੇ ਫਿਰ ਦੋਵਾਂ ਨੇ ਰਲ?

ਫਰੀਦਕੋਟ 5 ਦਸੰਬਰ। ਜ਼ਿਲ੍ਹੇ ਦੇ ਪਿੰਡ ਸੁਖਣਵਾਲਾ ਵਿਚ ਬੀਤੀ 29-30 ਨਵੰਬਰ ਦੀ ਰਾਤ ਨੂੰ ਹੋਏ ਨੌਜਵਾਨ ਦੇ ਅੰਨ੍ਹੇ ਕਤਲ ਦੀ ਫਰੀਦਕੋਟ ਪੁਲਸ ਵੱਲੋਂ ਗੁੱਥੀ ਸੁਲਝਾ ਲਏ ਜਾਣ ਦਾ ਦਾਅਵਾ ਕੀਤਾ ਜਾ ਰਿਹਾ। ਵਿਸ਼ੇਸ਼ ਪ੍ਰੈਸ ਕਾਨਫ਼ਰੰਸ ਕਰ SP ਇਨਵਟੀਗੇਸ਼ਨ ਯੋਗੇਸ਼ਵਰ ਸਿੰਘ ਗੋਰਾਇਆ ਨੇ ਦਸਿਆ ਕਿ ਪਿੰਡ ਸੁਖਣਵਾਲਾ ਵਿਚ ਹੋਏ ਕਤਲ ਮਾਮਲੇ ਵਿਚ ਪੁਲਸ ਵੱਲੋਂ ਮ੍ਰਿਤਕ ਦੀ ਪਤਨੀ ਤੇ ਉਸ ਦੇ ਮਰਦ ਦੋਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਤਨੀ ਦਾ ਸ਼ੋਸ਼ਲ ਮੀਡੀਆ ਰਾਹੀਂ ਕਿਸੇ ਲੜਕੇ ਨਾਲ ਪ੍ਰੇਮ ਸਬੰਧ ਬਣੇ ਸਨ ਜੋ 29-30 ਨਵੰਬਰ ਦੀ ਰਾਤ ਨੂੰ ਉਸ ਨੂੰ ਮਿਲਣ ਉਨ੍ਹਾਂ ਦੇ ਪਿੰਡ ਸੁਖਣਵਾਲਾ ਸਥਿਤ ਘਰੇ ਆਇਆ ਸੀ ਜਿਸ ਦੌਰਾਨ ਔਰਤ ਦੇ ਪਤੀ ਦੀ ਜਾਗ ਖੁੱਲ੍ਹ ਗਈ ਤੇ ਪਰਾਏ ਮਰਦ ਦੇ ਘਰ ਵਿਚ ਹੋਣ 'ਤੇ ਉਸ ਨੇ ਵਿਰੋਧ ਕੀਤਾ ਤਾਂ ਆਪਸ ਵਿਚ ਗੁਥਮ-ਗੁਥੀ ਹੋ ਗਏ। ਇਸੇ ਦੌਰਾਨ ਪ੍ਰੇਮੀ ਜੋੜੇ ਨੇ ਉਸ ਦਾ ਗਲਾ ਘੁਟ ਕੇ ਕਤਲ ਕਰ ਦਿੱਤਾ ਅਤੇ ਇਸ ਕਤਲ ਨੂੰ ਕੋਈ ਹੋਰ ਰੰਗਤ ਦੇਣ ਲਈ ਪੁਲਸ ਨੂੰ ਘਰ 'ਚ ਚੋਰੀ ਹੋਣ ਤੇ ਚੋਰਾਂ ਵਲੋਂ ਕਤਲ ਕੀਤੇ ਜਾਣ ਦੀ ਗੱਲ ਕਹੀ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਪਹੁੰਚੀ ਪੁਲਸ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨਾਲ ਹੋਈ ਗੱਲਬਾਤ ਦੌਰਾਨ ਜਾਂਚ ਵਿਚ ਸਾਹਮਣੇ ਆਇਆ ਕਿ ਮ੍ਰਿਤਕ ਦੀ ਪਤਨੀ ਦੇ ਕਿਸੇ ਹੋਰ ਲੜਕੇ ਨਾਲ ਸਬੰਧ ਸਨ ਜੋ ਰਾਤ ਸਮੇਂ ਉਸ ਨੂੰ ਮਿਲਣ ਆਇਆ ਸੀ। ਪਰ ਪਤੀ ਨੂੰ ਪਤਾ ਲੱਗਿਆ ਤਾਂ ਉਸ ਨੇ ਵਿਰੋਧ ਕੀਤਾ ਅਤੇ ਇਸੇ ਦੌਰਾਨ ਪ੍ਰੇਮੀ ਜੋੜੇ ਨੇ ਉਸ ਦਾ ਗਲਾ ਦਵਾ ਕੇ ਕਤਲ ਕਰ ਦਿੱਤਾ। ਉਨ੍ਹਾਂ ਕਿਹਾ ਕਿ ਦੋਹਾਂ ਨੂੰ ਪੇਸ਼ ਅਦਾਲਤ ਕਰ ਰਿਮਾਂਡ ਹਾਸਲ ਕੀਤਾ ਹੈ ਅਤੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother□s name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL □KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son□s service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.



**ਉਤਰ ਰੇਲਵੇ**

**ਖੁਲ੍ਹੀ ਈ-ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਮੁਖ ਚਲ ਸਟਾਕ ਇੰਜੀਨੀਅਰ (ਫ੍ਰੇਟ), ਉਤਰ ਰੇਲਵੇ, ਦਿੱਲੀ ਦੁਆਰਾ ਅਨੁਭਵੀ ਅਤੇ ਸਮਰਥ ਟੈਂਡਰਕਾਰਾਂ ਤੋਂ ਖੁਲ੍ਹੀ ਪ੍ਰਣਾਲੀ ਵਿਚ ਹੇਠਾਂ ਲਿਖਤ ਕੰਮ ਲਈ ਈ-ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

| | | | |
|---|---|---|---|
| ਕੰਮ ਦਾ ਨਾਮ | TKD ਵਿਚ ROH ਡਿਪੋ ਦੇ ਵੈਗਨਾਂ ਦੀ ROH ਅਤੇ ਮੁਰੰਮਤ ਦੋ ਸਾਲ ਦੇ ਸਮੇਂ ਦੇ ਲਈ | | |
| ਕੰਮ ਸਥਲ | ਦਿੱਲੀ | ਕੰਮ ਦਾ ਸਮਾਂ | ਚੌਵੀ (24) ਮਹੀਨੇ |
| ਵਿਗਿਆਪਤ ਮੁੱਲ | ₹ 30,08,13,682.29/- (ਜੀਐਸਟੀ ਦੇ ਪ੍ਰਾਵਧਾਨ ਸਮੇਤ) | | |
| ਬਿਆਨਾ ਰਾਸ਼ੀ ਜਮ੍ਹਾ ਕੀਤੀ ਜਾਣੀ ਹੈ | ₹16,54,100.00/-ਕੇਵਲ ਨੈਟ ਬੈਕਿੰਗ ਜਾਂ ਗੇਟਵੇ ਦੇ ਮਾਧਿਅਮ ਨਾਲ | | |
| ਨਿਵਿਦਾ ਫਾਰਮ ਮੁੱਲ | ₹ 0/- | | |
| ਈ ਨਿਵਿਦਾ ਫਾਰਮ ਪ੍ਰਾਪਤ ਕਰਨ ਦਾ ਸਮਾਂ | ਮਿਤੀ 28.11.2025 ਤੋਂ 29.12.2025 12:00 ਵਜੇ ਤਕ | | |
| ਈ-ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮਾਂ | ਮਿਤੀ 29.12.2025 12:00 ਵਜੇ ਤਕ | | |
| ਈ-ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ | ਮਿਤੀ 29.12.2025 ਨੂੰ 12:00 ਵਜੇ ਦੇ ਬਾਅਦ, ਜੇਕਰ ਖੋਹਲਣ ਦੀ ਮਿਤੀ ਨੂੰ ਛੁੱਟੀ ਹੁੰਦੀ ਹੈ ਤਾਂ ਈ-ਨਿਵਿਦਾ ਅਗਲੇ ਕੰਮ ਦਿਵਸ ਨੂੰ - ਖੋਹਲੀ ਜਾਏਗੀ | | |
| ਈ-ਨਿਵਿਦਾ ਖੋਹਲਣ ਦਾ ਸਥਾਨ | ਯਾਂਤਰਿਕ ਵਿਭਾਗ, ਮੰਡਲ ਰੇਲ ਪ੍ਰਬੰਧਕ ਦਫਤਰ, ਉਤਰ ਰੇਲਵੇ, ਰਾਜ ਪ੍ਰਵੇਸ਼ ਮਾਰਗ ਨਵੀਂ ਦਿੱਲੀ-55 | | |

ਨੋਟ: ਨਿਵਿਦਾ ਦੇ ਪੂਰੇ ਵੇਰਵੇ ਵੈਬਸਾਈਟ www.ireps.gov.in 'ਤੇ ਮਿਲ ਸਕਦੀ ਹੈ।

No:ਐਨਆਰ - DLIOMCNWMISC72025 ਤਾਰੀਕ: 02.12.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3746/2025

ਕੌਮੀ ਪੱਤ੍ਰਿਕਾ

# ਆਲਮੀ ਨਿਵੇਸ਼ਕਾਂ ਤੱਕ ਪਹੁੰਚ ਲਈ ਮੁੱਖ ਮੰਤਰੀ ਦੀ ਅਗਵਾਈ ਹੇਠ ਜਾਪਾਨ ਅਤੇ ਦੱਖਣੀ ਕੋਰੀਆ ਜਾਵੇਗਾ ਉੱਚ-ਪੱਧਰੀ ਵਫ਼ਦ

## ਦੌਰੇ ਦਾ ਉਦੇਸ਼ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026' ਤੋਂ ਪਹਿਲਾਂ ਨਿਵੇਸ਼ਕਾਂ ਦੀ ਆਲਮੀ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

13 ਤੋਂ 15 ਮਾਰਚ 2026 ਤੱਕ ਇੰਡੀਅਨ ਸਕੂਲ ਆਫ਼ ਬਿਜ਼ਨਸ (ਆਈ.ਐਸ.ਬੀ. ਮੋਹਾਲੀ) ਦੇ ਕੈਂਪਸ ਵਿਖੇ ਹੋਣ ਵਾਲੇ 6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਤੋਂ ਪਹਿਲਾਂ ਆਪਣੀ ਵਿਸ਼ਵਵਿਆਪੀ ਸ਼ਮੂਲੀਅਤ ਨੂੰ ਵਧਾਉਣ ਦੇ ਹਿੱਸੇ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਉੱਚ ਪੱਧਰੀ ਵਫ਼ਦ ਦਸੰਬਰ ਦੇ ਪਹਿਲੇ ਹਫ਼ਤੇ ਅੰਤਰਰਾਸ਼ਟਰੀ ਆਊਟਰੀਚ ਮਿਸ਼ਨ ਤਹਿਤ ਜਾਪਾਨ ਅਤੇ ਦੱਖਣੀ ਕੋਰੀਆ ਜਾਵੇਗਾ।

ਮੁੱਖ ਮੰਤਰੀ ਦੀ ਅਗਵਾਈ ਹੇਠ ਇਹ ਵਫ਼ਦ ਜਿਸ ਵਿੱਚ ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਐਨਆਰਆਈ ਮਾਮਲਿਆਂ ਬਾਰੇ ਮੰਤਰੀ ਸ੍ਰੀ ਸੰਜੀਵ ਅਰੋੜਾ ਤੋਂ ਇਲਾਵਾ ਰਾਜ ਸਰਕਾਰ ਦੇ ਸੀਨੀਅਰ ਅਧਿਕਾਰੀ ਅਤੇ ਇਨਵੈਸਟ ਪੰਜਾਬ ਦੀ ਟੀਮ ਸ਼ਾਮਲ ਹੋਵੇਗੀ, 2-3 ਦਸੰਬਰ ਨੂੰ ਟੋਕੀਓ, 4-5 ਦਸੰਬਰ ਨੂੰ ਓਸਾਕਾ ਅਤੇ 8-9 ਦਸੰਬਰ ਨੂੰ ਸਿਓਲ ਦਾ ਦੌਰਾ ਕਰੇਗਾ ਜਿਸ ਦਾ ਉਦੇਸ਼ ਆਰਥਿਕ ਭਾਈਵਾਲੀ ਦੀ ਮਜ਼ਬੂਤੀ ਲਈ ਵਿਸ਼ਵਵਿਆਪੀ ਕੰਪਨੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ 6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਲਈ ਨਿੱਜੀ ਤੌਰ 'ਤੇ ਸੱਦਾ ਦੇਣਾ ਹੈ। ਇਨ੍ਹਾਂ ਦੌਰਿਆਂ, ਮੀਟਿੰਗਾਂ ਅਤੇ ਰੋਡ ਸ਼ੋਅ ਪ੍ਰੋਗਰਾਮ ਬਾਰੇ ਜਾਪਾਨ ਵਿੱਚ ਭਾਰਤੀ ਦੂਤਾਵਾਸ, ਦੱਖਣੀ ਕੋਰੀਆ ਵਿੱਚ ਭਾਰਤੀ ਦੂਤਾਵਾਸ, ਵਿਦੇਸ਼ ਮੰਤਰਾਲੇ, ਡੀਪੀਆਈਆਈਟੀ ਵਿਭਾਗ ਦੀ ਇਨਵੈਸਟ ਇੰਡੀਆ ਏਜੰਸੀ ਨਾਲ ਨੇੜਿਓਂ ਤਾਲਮੇਲ ਅਤੇ ਨਵੀਂ ਦਿੱਲੀ ਵਿੱਚ ਜਾਪਾਨ ਅਤੇ ਦੱਖਣੀ ਕੋਰੀਆ ਦੇ ਦੂਤਾਵਾਸਾਂ ਦੇ ਸਮਰਥਨ ਅਤੇ ਸਹਿਯੋਗ ਨਾਲ ਉਲੀਕੇ ਜਾ ਰਹੇ ਹਨ, ਜਿਨ੍ਹਾਂ ਦਾ ਮਾਰਗਦਰਸ਼ਨ, ਸਹਿਯੋਗ ਅਤੇ ਭਾਈਵਾਲੀ ਆਊਟਰੀਚ ਏਜੰਡੇ ਦੀ ਰੂਪ-ਰੇਖਾ ਵਾਸਤੇ ਅਹਿਮ ਰਹੇ ਹਨ।

ਇਸ ਦੌਰੇ ਦੌਰਾਨ ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਉੱਤਰੀ ਭਾਰਤ ਦੇ ਪਸੰਦੀਦਾ ਨਿਵੇਸ਼ ਸਥਾਨ ਵਜੋਂ ਪੇਸ਼ ਕਰਦਿਆਂ ਇਸਦੀ ਰਣਨੀਤਕ ਸਥਿਤੀ, ਐਨਸੀਆਰ ਅਤੇ ਪ੍ਰਮੁੱਖ ਬੰਦਰਗਾਹਾਂ ਨਾਲ ਨਿਰਵਿਘਨ ਸੰਪਰਕ, ਮਜ਼ਬੂਤ ਉਦਯੋਗਿਕ ਕਲੱਸਟਰ, ਨਿਰਵਿਘਨ ਬਿਜਲੀ ਸਪਲਾਈ, ਹੁਨਰਮੰਦ ਕਾਰਜਬਲ ਅਤੇ ਅਗਾਂਹਵਧੂ ਨੀਤੀਗਤ ਮਾਹੌਲ ਨੂੰ ਉਜਾਗਰ ਕੀਤਾ ਜਾਵੇਗਾ। ਇਹ ਵਫ਼ਦ ਵਿਸ਼ਵਵਿਆਪੀ ਕੰਪਨੀਆਂ ਨੂੰ ਪੰਜਾਬ ਸਰਕਾਰ ਵੱਲੋਂ ਲਾਗੂ ਪ੍ਰਸ਼ਾਸਨਿਕ ਅਤੇ ਰੈਗੂਲੇਟਰੀ ਸੁਧਾਰਾਂ ਬਾਰੇ ਵੀ ਜਾਣੂ ਕਰਵਾਏਗਾ, ਜਿਸ ਵਿੱਚ ਫਾਸਟਟ੍ਰੈਕ ਪੰਜਾਬ ਸਿੰਗਲ-ਵਿੰਡੋ ਸਿਸਟਮ ਰਾਹੀਂ 173 ਤੋਂ ਵੱਧ ਸਰਕਾਰ ਤੋਂ ਕਾਰੋਬਾਰ ਸੇਵਾਵਾਂ, ਆਟੋ-ਡੀਮਡ ਪ੍ਰਵਾਨਗੀਆਂ, ਪੈਨ-ਅਧਾਰਤ ਬਿਜ਼ਨਸ ਇੰਡੈਂਟੀਫਾਇਰਜ਼ ਅਤੇ ਸਮਾਂ-ਬੱਧ ਸਿਧਾਂਤਕ ਪ੍ਰਵਾਨਗੀਆਂ ਲਈ ਪੰਜਾਬ ਰਾਈਟ ਟੂ ਬਿਜ਼ਨਸ ਐਕਟ ਵਿੱਚ ਸੋਧਾਂ ਸ਼ਾਮਲ ਹਨ। ਇਹ ਆਊਟਰੀਚ ਪ੍ਰੋਗਰਾਮ ਪੰਜਾਬ ਦੇ ਮਜ਼ਬੂਤ ਉਦਯੋਗਿਕ ਬੁਨਿਆਦੀ ਢਾਂਚੇ 'ਤੇ ਵੀ ਰੌਸ਼ਨੀ ਪਾਏਗਾ, ਜਿਸ ਵਿੱਚ ਪਲੱਗ-ਐਂਡ-ਪਲੇ ਪਾਰਕ (ਸਥਾਪਤ ਬੁਨਿਆਦੀ ਢਾਂਚਾ) ਅਤੇ ਰਾਜਪੁਰਾ ਵਿਖੇ ਏਕੀਕ੍ਰਿਤ ਨਿਰਮਾਣ ਕਲੱਸਟਰ (ਆਈਐਮਸੀ) ਦੀ ਸ਼ਥਾਪਨਾ ਸ਼ਾਮਲ ਹਨ। ਇਸਦੇ ਨਾਲ ਹੀ ਸੂਬੇ ਨੂੰ ਇਨਵੈਸਟ ਪੰਜਾਬ ਰਾਹੀਂ ਹਾਸਲ ਹੋਏ 1.4 ਲੱਖ ਕਰੋੜ ਤੋਂ ਵੱਧ ਦੇ ਨਿਵੇਸ਼ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਸ ਦ੍ਰਿਸ਼ਟੀਕੋਣ ਦਾ ਉਦੇਸ਼ ਸਾਫ਼ ਅਤੇ ਸਪੱਸ਼ਟ ਹੈ, ਜੋ ਨੀਤੀ ਵਿੱਚ ਸਥਿਰਤਾ, ਤੇਜ਼ੀ ਨਾਲ ਫੈਸਲੇ ਲੈਣ ਅਤੇ ਨਿਵੇਸ਼ਕਾਂ ਦੇ ਸਮੇਂ ਤੇ ਵਿਸ਼ਵਾਸ ਦਾ ਸਤਿਕਾਰ ਕਰਨ ਵਾਲੀ ਸ਼ਾਸਨ ਪ੍ਰਣਾਲੀ ਦੀ ਪੇਸ਼ਕਸ਼ ਕਰਕੇ ਪੰਜਾਬ ਨੂੰ ਵਿਸ਼ਵਵਿਆਪੀ ਉਦਯੋਗ ਲਈ ਇੱਕ ਪਸੰਦੀਦਾ ਸਥਾਨ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦ੍ਰਿਸ਼ਟੀਕੋਣ ਦੀਆਂ ਜ਼ਰੂਰਤਾਂ ਨੂੰ ਸਮਝਦਿਆਂ ਉਨ੍ਹਾਂ ਨਾਲ ਸਾਂਝੇਦਾਰੀ ਅਤੇ ਭਾਈਵਾਲੀ ਰਾਹੀਂ ਕੰਮ ਕਰਦਿਆਂ ਇਹ ਯਕੀਨੀ ਬਣਾਉਣਾ ਕਿ ਸਰਕਾਰ ਉਨ੍ਹਾਂ ਦੇ ਵਿਕਾਸ ਦੀ ਕੁੰਜੀ ਬਣੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਆਪਣੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਉਦਯੋਗਿਕ ਸਮਰੱਥਾ ਦੇ ਵਿਸਥਾਰ ਨਾਲ ਨਿਵੇਸ਼ ਲਈ ਨਵੇਂ ਰਾਹ ਖੋਲ੍ਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਅਤੇ ਉਦਯੋਗ ਦਰਮਿਆਨ ਭਾਈਵਾਲੀ ਸਫ਼ਲਤਾ ਦੀ ਕੁੰਜੀ ਹੈ ਅਤੇ ਸੂਬਾ ਸਰਕਾਰ ਦਾ ਦ੍ਰਿੜ ਵਿਸ਼ਵਾਸ ਹੈ ਕਿ ਉਦਯੋਗਿਕ ਵਿਕਾਸ ਸਿਰਫ਼ ਉਦੋਂ ਹੀ ਸਾਕਾਰ ਹੋ ਸਕਦਾ ਹੈ ਜਦੋਂ ਅਸੀਂ ਬਰਾਬਰ ਦੇ ਭਾਈਵਾਲਾਂ ਵਜੋਂ ਕੰਮ ਕਰੀਏ। ਉਨ੍ਹਾਂ ਕਿਹਾ ਕਿ ਇਹ ਸਿਧਾਂਤ 2022 ਵਿੱਚ ਪੇਸ਼ ਕੀਤੀ ਗਈ ਸਾਡੀ ਨਵੀਂ ਉਦਯੋਗਿਕ ਨੀਤੀ ਦਾ ਮਾਰਗਦਰਸ਼ਨ ਕਰਦਾ ਹੈ, ਜੋ ਕਿ ਉਦਯੋਗ ਦੇ ਆਗੂਆਂ ਅਤੇ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਰਾਹੀਂ ਬਣਾਈ ਗਈ ਸੀ, ਜਿਸਦਾ ਉਦੇਸ਼ ਉਦਯੋਗ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਦੀ ਪੂਰਤੀ ਨੂੰ ਯਕੀਨੀ ਬਣਾਉਂਣਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਸੈਕਟਰ-ਵਿਸ਼ੇਸ਼ ਨੀਤੀਆਂ ਤਿਆਰ ਕਰਨ ਲਈ ਉਦਯੋਗ ਦੇ ਆਗੂਆਂ ਦੀ ਪ੍ਰਧਾਨਗੀ ਹੇਠ 24 ਸੈਕਟਰਲ ਕਮੇਟੀਆਂ ਬਣਾਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਸਾਡੀਆਂ ਸਫ਼ਲਤਾ ਦੀਆਂ ਕਹਾਣੀਆਂ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦਿਆਂ ਉੱਤਰੀ ਭਾਰਤ ਵਿੱਚ ਪੰਜਾਬ ਨੂੰ ਨਿਵੇਸ਼ ਲਈ ਪਸੰਦੀਦਾ ਸਥਾਨ ਵਜੋਂ ਦਰਸਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਅਤੇ ਅਸੀਂ ਨਿਵੇਸ਼ਕਾਂ ਤੇ ਭਾਈਵਾਲਾਂ ਨੂੰ ਸਾਲ 2035 ਤੱਕ ਪੰਜਾਬ ਦੀ ਵਿਕਾਸ ਕਹਾਣੀ ਦਾ ਹਿੱਸਾ ਬਣਨ ਲਈ ਸੱਦਾ ਦੇ ਰਹੇ ਹਾਂ। ਵਫ਼ਦ ਦਾ ਉਦੇਸ਼ ਲੜੀਵਾਰ ਰੋਡ ਸ਼ੋਆਂ, ਕਾਰੋਬਾਰ ਮੀਟਿੰਗਾਂ ਅਤੇ ਪ੍ਰਮੁੱਖ ਗਲੋਬਲ ਕਾਰਪੋਰੇਸ਼ਨਾਂ ਅਤੇ ਸੰਸਥਾਵਾਂ ਨਾਲ ਗੱਲਬਾਤ ਰਾਹੀਂ ਪੰਜਾਬ ਨੂੰ ਜਾਪਾਨੀ ਅਤੇ ਦੱਖਣੀ ਕੋਰੀਆਈ ਕੰਪਨੀਆਂ ਲਈ ਮੋਬਿਲਟੀ, ਇਲੈਕਟ੍ਰਾਨਿਕਸ, ਈਐਸਡੀਐਮ, ਆਟੋ ਕੰਪੋਨੈਂਟਸ, ਫੂਡ ਪ੍ਰੋਸੈਸਿੰਗ, ਰਸਾਇਣਾਂ, ਗਰੀਨ ਊਰਜਾ, ਆਈਟੀ, ਸੈਮੀਕੰਡਕਟਰ, ਟੈਕਸਟਾਈਲ ਅਤੇ ਉੱਨਤ ਨਿਰਮਾਣ ਵਿੱਚ ਇੱਕ ਆਕਰਸ਼ਕ ਨਿਵੇਸ਼ ਸਥਾਨ ਵਜੋਂ ਸਥਾਪਤ ਕਰਨਾ ਹੈ। ਜਾਪਾਨ ਅਤੇ ਦੱਖਣੀ ਕੋਰੀਆ ਵਿੱਚ ਭਾਰਤੀ ਮਿਸ਼ਨਾਂ ਅਤੇ ਭਾਈਵਾਲ ਸੰਸਥਾਵਾਂ, ਦੋਵਾਂ ਦੇ ਸਮਰਥਨ ਨਾਲ ਤਿਆਰ ਕੀਤੇ ਗਏ ਇਹ ਪ੍ਰੋਗਰਾਮ ਮਜ਼ਬੂਤ ਆਰਥਿਕ ਸਬੰਧਾਂ, ਸਾਂਝੇ ਉੱਦਮਾਂ, ਤਕਨਾਲੋਜੀ ਦੇ ਆਦਾਨ-ਪ੍ਰਦਾਨ ਅਤੇ ਸਪਲਾਈ-ਚੇਨ ਏਕੀਕਰਨ ਵਿੱਚ ਸਹਾਈ ਹੋਣਗੇ। ਵਫ਼ਦ ਵੱਲੋਂ ਟੋਕੀਓ, ਓਸਾਕਾ ਅਤੇ ਸਿਓਲ ਵਿੱਚ ਭਾਰਤੀ ਮੂਲ ਦੇ ਲੋਕਾਂ ਨਾਲ ਸੱਭਿਆਚਾਰਕ ਅਤੇ ਭਾਈਚਾਰਕ ਸਬੰਧਾਂ ਦੀ ਮਜ਼ਬੂਤੀ ਲਈ ਪ੍ਰਵਾਸੀ ਭਾਈਚਾਰੇ ਨਾਲ ਵੀ ਵਿਸ਼ੇਸ਼ ਗੱਲਬਾਤ ਕੀਤੀ ਜਾਵੇਗੀ। ਆਪਣੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰੀ-ਸਮਿਟ ਆਊਟਰੀਚ ਦੇ ਹਿੱਸੇ ਵਜੋਂ ਪੰਜਾਬ ਸਰਕਾਰ ਪਹਿਲਾਂ ਹੀ ਨਵੀਂ ਦਿੱਲੀ ਵਿੱਚ ਜਾਪਾਨ-ਪੰਜਾਬ ਨਿਵੇਸ਼ ਗੋਲਮੇਜ਼, ਜੀਸੀਸੀ ਗੋਲਮੇਜ਼ ਅਤੇ ਸੀਆਈਐਸ ਗੋਲਮੇਜ਼ ਸਮੇਤ ਵੱਖ-ਵੱਖ ਮੀਟਿੰਗਾਂ ਕਰ ਚੁੱਕੀ ਹੈ, ਜਿਸ ਦੌਰਾਨ ਵਿਸ਼ਵਵਿਆਪੀ ਉਦਯੋਗਾਂ ਅਤੇ ਡਿਪਲੋਮੈਟਾਂ ਨੇ ਪੰਜਾਬ ਵਿੱਚ ਨਿਵੇਸ਼ ਅਤੇ ਭਾਈਵਾਲੀ ਲਈ ਡੂੰਘੀ ਦਿਲਚਸਪੀ ਦਿਖਾਈ। ਇਸ ਤੋਂ ਇਲਾਵਾ ਪੰਜਾਬ ਨੇ ਗੁਰੂਗ੍ਰਾਮ, ਦਿੱਲੀ, ਬੰਗਲੂਰੂ, ਹੈਦਰਾਬਾਦ ਅਤੇ ਚੇਨਈ ਵਰਗੇ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਰੋਡ ਸ਼ੋਅ ਕੀਤੇ ਹਨ, ਜਿਸ ਦੌਰਾਨ ਵੱਡੇ ਕਾਰਪੋਰੇਟ, ਐਮਐਸਐਮਈਜ਼ ਅਤੇ ਸੈਕਟਰਲ ਸੰਸਥਾਵਾਂ ਨਾਲ ਪੰਜਾਬ ਦੇ ਦ੍ਰਿਸ਼ਟੀਕੋਣ, ਨਿਵੇਸ਼ ਲਈ ਤਿਆਰ ਮੌਕਿਆਂ ਅਤੇ 2026 ਸੰਮੇਲਨ ਲਈ ਵਿਸ਼ੇਸ਼ ਪ੍ਰਸਤਾਵ ਨੂੰ ਸਾਂਝਾ ਕੀਤਾ ਗਿਆ।

ਉਦਯੋਗ ਅਤੇ ਵਣਜ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਕਿਹਾ ਕਿ ਇਹ ਪਹਿਲ ਨਵੇਂ ਆਰਥਿਕ ਸਬੰਧ ਬਣਾਉਣ, ਮੌਜੂਦਾ ਵਿਦੇਸ਼ੀ ਉਦਯੋਗ ਦੀ ਦੇਖਰੇਖ ਲਈ ਢੁਕਵਾਂ ਮਾਹੌਲ ਯਕੀਨੀ ਬਣਾਉਣ ਅਤੇ ਅੰਤਰਰਾਸ਼ਟਰੀ ਕਾਰੋਬਾਰ ਦੇ ਖੇਤਰ ਵਜੋਂ ਪੰਜਾਬ ਨੂੰ ਇੱਕ ਪਸੰਦੀਦਾ ਨਿਵੇਸ਼ ਸਥਾਨ ਵਜੋਂ ਦਰਸਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ।

ਪੰਜਾਬ ਸਰਕਾਰ ਦਾ ਉਦੇਸ਼ ਇਸ ਦੌਰੇ ਰਾਹੀਂ ਉਦਯੋਗਿਕ ਭਾਈਵਾਲੀ ਨੂੰ ਵਧਾਉਣ, ਸਾਂਝੇ ਉੱਦਮਾਂ, ਤਕਨਾਲੋਜੀ ਦੇ ਆਦਾਨ ਪ੍ਰਦਾਨ ਅਤੇ ਖੋਜ-ਅਧਾਰਤ ਸਹਿਯੋਗ ਲਈ ਨਵੇਂ ਰਸਤੇ ਲੱਭਣ, ਅਤੇ ਆਲਮੀ ਉਦਯੋਗਿਕ ਆਗੂਆਂ ਨੂੰ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਵਿੱਚ ਭਾਈਵਾਲ ਦੇਸ਼ਾਂ, ਪ੍ਰਦਰਸ਼ਕਾਂ ਅਤੇ ਮੁਹਾਰਤ ਤੇ ਗਿਆਨ ਦੇ ਆਦਾਨ-ਪ੍ਰਦਾਨ ਦੇ ਭਾਈਵਾਲ ਵਜੋਂ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਹੈ। ਇਨਵੈਸਟ ਪੰਜਾਬ ਨੇ ਉਮੀਦ ਤੇ ਵਿਸ਼ਵਾਸ ਜਤਾਇਆ ਕਿ ਇਹ ਮਿਸ਼ਨ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦੀ ਮਜ਼ਬੂਤ ਪਛਾਣ ਨੂੰ ਕਾਇਮ ਕਰਨ ਦੇ ਨਾਲ-ਨਾਲ ਜਾਪਾਨ, ਦੱਖਣੀ ਕੋਰੀਆ ਅਤੇ ਆਲਮੀ ਮਾਰਕੀਟ ਤੋਂ ਉੱਚ-ਗੁਣਵੱਤਾ ਤੇ ਲੰਬੇ ਸਮੇਂ ਦੇ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।

# ਪੰਜਾਬ ਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੇ 90 ਫੀਸਦੀ ਮਾਮਲੇ ਘਟੇ: ਕੇਂਦਰ



**ਨਵੀਂ ਦਿੱਲੀ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਨ ਮੰਤਰੀ ਭੁਪੇਂਦਰ ਯਾਦਵ ਨੇ ਅੱਜ ਸੰਸਦ ਨੂੰ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਵਿੱਚ 2022 ਦੇ ਮੁਕਾਬਲੇ ਸਾਲ 2025 ਦੇ ਝੋਨੇ ਦੇ ਵਾਢੀ ਸੀਜ਼ਨ ਦੌਰਾਨ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਲਗਪਗ 90 ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ।

ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੇ ਪਰਾਲੀ ਸਾੜਨ ਦੇ ਪ੍ਰਭਾਵ ਬਾਰੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਵਾਤਾਵਰਨ ਮੰਤਰੀ ਨੇ ਲੋਕ ਸਭਾ ਨੂੰ ਦੱਸਿਆ ਕਿ ਖੇਤਾਂ ਵਿੱਚ ਅੱਗ ਲੱਗਣ ਕਾਰਨ ਸਰਦੀਆਂ ਦੇ ਮਹੀਨਿਆਂ ਵਿੱਚ ਪ੍ਰਦੂਸ਼ਣ ਵਧਦਾ ਹੈ।

ਚੰਨੀ ਨੇ ਪੁੱਛਿਆ ਸੀ ਕਿ ਕੀ ਇਸ ਸਾਲ ਪੰਜਾਬ ਵਿੱਚ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ 20 ਪ੍ਰਤੀਸ਼ਤ ਕਮੀ ਦੇ ਬਾਵਜੂਦ ਦਿੱਲੀ ਦਾ ਨੂੰ ਪਾਰ ਕਿਉਂ ਕਰ ਗਿਆ ਹੈ। ਉਨ੍ਹਾਂ ਨੇ ਅੱਗੇ ਪੁੱਛਿਆ ਕਿ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਦੇ ਨਿਰਦੇਸ਼ਾਂ ਨੂੰ ਲਾਗੂ ਕਰਨ ਅਤੇ ਕਿਸਾਨਾਂ ਨੂੰ ਵਿਕਲਪਕ ਮਸ਼ੀਨਰੀ ਪ੍ਰਦਾਨ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਕੀ ਕਿਹਾ ਜਾ ਰਿਹਾ ਹੈ।

ਮੰਤਰੀ ਨੇ ਕਿਹਾ ਕਿ ਦਿੱਲੀ-ਐਨਸੀਆਰ ਵਿੱਚ ਹਵਾ ਪ੍ਰਦੂਸ਼ਣ ਕਈ ਸਥਾਨਕ ਅਤੇ ਖੇਤਰੀ ਕਾਰਕਾਂ ਦਾ ਨਤੀਜਾ ਹੈ, ਜਿਸ ਵਿੱਚ ਵਾਹਨਾਂ ਅਤੇ ਉਦਯੋਗਿਕ ਨਿਕਾਸ, ਉਸਾਰੀ ਤੋਂ ਧੂੜ, ਨਗਰ ਪਾਲਿਕਾ ਰਹਿੰਦ-ਖੂੰਹਦ ਨੂੰ ਸਾੜਨਾ, ਲੈਂਡਫਿਲ ਵਿੱਚ ਅੱਗ ਅਤੇ ਮੌਸਮ ਸਬੰਧੀ ਸਥਿਤੀਆਂ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਬੀਤੇ ਸਾਲਾਂ ਦੇ ਮੁਕਾਬਲੇ ਇਸ ਸਾਲ ਇਨ੍ਹਾਂ ਮਾਮਲਿਆਂ ਵਿਚ ਘਟਨਾਵਾਂ ਵਿੱਚ ਲਗਪਗ 90 ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੇ ਪਰਾਲੀ ਸਾੜਨ ਦੇ ਪ੍ਰਭਾਵ ਬਾਰੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਵਾਤਾਵਰਨ ਮੰਤਰੀ ਨੇ ਲੋਕ ਸਭਾ ਨੂੰ ਦੱਸਿਆ ਕਿ ਖੇਤਾਂ ਵਿੱਚ ਅੱਗ ਲੱਗਣ ਕਾਰਨ ਸਰਦੀਆਂ ਦੇ ਮਹੀਨਿਆਂ ਵਿੱਚ ਪ੍ਰਦੂਸ਼ਣ ਵਧਦਾ ਹੈ।

ਚੰਨੀ ਨੇ ਪੁੱਛਿਆ ਸੀ ਕਿ ਕੀ ਇਸ ਸਾਲ ਪੰਜਾਬ ਵਿੱਚ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ 20 ਪ੍ਰਤੀਸ਼ਤ ਕਮੀ ਦੇ ਬਾਵਜੂਦ ਦਿੱਲੀ ਦਾ ਨੂੰ ਪਾਰ ਕਿਉਂ ਕਰ ਗਿਆ ਹੈ।

ਉਨ੍ਹਾਂ ਨੇ ਅੱਗੇ ਪੁੱਛਿਆ ਕਿ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਦੇ ਨਿਰਦੇਸ਼ਾਂ ਨੂੰ ਲਾਗੂ ਕਰਨ ਅਤੇ ਕਿਸਾਨਾਂ ਨੂੰ ਵਿਕਲਪਕ ਮਸ਼ੀਨਰੀ ਪ੍ਰਦਾਨ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਕੀ ਕਿਹਾ ਜਾ ਰਿਹਾ ਜ਼ਿਕਰਯੋਗ ਕਮੀ ਆਈ ਹੈ।

# ਉੱਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਣਨ ਨੇ ਸ਼ਕਤੀਪੀਠ ਮਾਂ ਭਦਰਕਾਲੀ ਮੰਦਿਰ ਵਿੱਚ ਕੀਤਾ ਪੂਜਨ, ਦੇਸ਼ਵਾਸੀਆਂ ਦੇ ਸੁੱਖ, ਸ਼ਾਂਤੀ ਅਤੇ ਖੁਸ਼ਹਾਲੀ ਦੀ ਕੀਤੀ ਕਾਮਨਾ



**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਪ ਰਾਸ਼ਟਰਪਤੀ ਸ੍ਰੀ ਸੀ.ਪੀ. ਰਾਧਾਕ੍ਰਿਸ਼ਣਨ ਨੇ ਕੁਰੂਕਸ਼ੇਤਰ ਦੇ ਵਿਸ਼ਵ ਪ੍ਰਸਿੱਦ ਸ਼ਕਤੀਪੀਠ ਮਾਂ ਭਦਰਕਾਲੀ ਮੰਦਿਰ ਵਿੱਚ ਪੂਜਾ-ਅਰਚਣਾ ਕੀਤੀ। ਇਸ ਮੌਕੇ 'ਤੇ ਉਨ੍ਹਾਂ ਨੇ ਦੇਸ਼ਵਾਸੀਆਂ ਦੇ ਸੁੱਖ, ਸ਼ਾਂਤੀ ਅਤੇ ਖੁਸ਼ਹਾਲੀ ਦੀ ਕਾਮਨਾ ਕੀਤੀ। ਉਨ੍ਹਾਂ ਦੇ ਨਾਲ ਇਸ ਮੌਕੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਰਹੇ।ਮੰਦਿਰ ਦੇ ਪੀਠਾਧੀਸ਼ ਪੰਡਿਤ ਸਤਪਾਲ ਮਹਾਰਾਜ ਨੇ ਪਰੰਪਰਾ ਅਨੁਸਾਰ ਉੱਪ ਰਾਸ਼ਟਰਪਤੀ ਸ੍ਰੀ ਰਾਧਾਕਿਸ਼ਣਨ ਤੋਂ ਪੂਜਾ-ਅਰਚਣਾ ਕਰਵਾਈ। ਇਸ ਮੌਕੇ 'ਤੇ ਉੱਪ ਰਾਸ਼ਟਰਪਤੀ ਨੇ ਸ੍ਰੀ ਸ਼ਕਤੀਪੀਠ 'ਤੇ ਮੱਥਾ ਟੇਕਿਆ। ਪੂਜਾ-ਅਰਚਣਾ ਦੇ ਬਾਅਦ ਪੰਡਿਤ ਸਤਪਾਲ ਮਹਾਰਾਜ ਨੇ ਉੱਪ ਰਾਸ਼ਟਰਪਤੀ ਨੂੰ ਸਨਮਾਨ ਸਵਰੂਪ ਸਮ੍ਰਿਤੀ ਚਿੰਨ੍ਹ ਵੀ ਭੇਂਟ ਕੀਤਾ।

ਉੱਪ ਰਾਸ਼ਟਰਪਤੀ ਸ੍ਰੀ ਰਾਧਾਕ੍ਰਿਸ਼ਣਨ ਆਪਣੇ ਕੁਰੂਕਸ਼ੇਤਰ ਦੌਰੇ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਾਲ ਮੰਦਿਰ ਪਹੁੰਚੇ। ਉੱਪ ਰਾਸ਼ਟਰਪਤੀ ਦੇ ਇਸ ਦੌਰੇ ਨੇ ਨਾ ਸਿਰਫ ਧਾਰਮਿਕ ਮਾਹੌਲ ਨੂੰ ਹੋਰ ਖੁਸ਼ਹਾਲ ਕੀਤਾ, ਸਗੋਂ ਕੁਰੂਕਸ਼ੇਤਰ ਦੀ ਸਭਿਆਚਾਰਕ ਅਤੇ ਇਤਿਹਾਸਕ ਵਿਰਾਸਤ 'ਤੇ ਵੀ ਚਾਨਣਪਾਇਆ। ਮੰਦਿਰ ਵਿੱਚ ਉਨ੍ਹਾਂ ਦੀ ਮੌਜੂਦਗੀ ਨਾਲ ਸ਼ਰਧਾਲੂਆਂ ਅਤੇ ਸਥਾਨਕ ਨਾਗਰਿਕਾਂ ਵਿੱਚ ਵਿਸ਼ੇਸ਼ ਉਤਸਾਹ ਦੇਖਿਆ ਗਿਆ। ਇਸ ਮੌਕੇ ਨੇ ਇਹ ਸੰਦੇਸ਼ ਵੀ ਦਿੱਤਾ ਕਿ ਭਾਰਤ ਦੀ ਧਾਰਮਿਕ ਪਰੰਪਰਾਵਾਂ ਨਾ ਸਿਰਫ ਸਾਡੀ ਸਭਿਆਚਾਰਕ ਪਹਿਚਾਣ ਹਨ, ਸਗੋਂ ਸਮਾਜ ਵਿੱਚ ਏਕਤਾ, ਸ਼ਾਂਤੀ ਅਤੇ ਖੁਸ਼ਹਾਲੀ ਦੇ ਮੁੱਲਾਂ ਨੂੰ ਵੀ ਮਜਬੂਤ ਕਰਦੀ ਹੈ।

ਮਾਂ ਭਦਰਕਾਲੀ ਮੰਦਿਰ, ਜਿਸ ਨੂੰ ਸ਼ਕਤੀਪੀਆਂ ਵਿੱਚ ਇੱਕ ਪ੍ਰਮੁੱਖ ਸਥਾਨ ਪ੍ਰਾਪਤ ਹੈ, ਆਪਣੇ ਇਤਿਹਾਸਕ ਅਤੇ ਅਧਿਆਤਮਿਕ ਮਹਤੱਵ ਲਈ ਪੂਰੇ ਦੇਸ਼ ਵਿੱਚ ਪ੍ਰਸਿੱਦ ਹਨ। ਇਹ ਸਥਾਨ ਨਾ ਸਿਰਘ ਭਗਤਾਂ ਦੇ ਲਈ, ਸਗੋਂ ਸੈਲਾਨੀਆਂ ਅਤੇ ਸਭਿਆਚਾਰ ਪ੍ਰੇਮੀਆਂ ਲਈ ਵੀ ਖਿੱਚ ਦੇ ਕੇਂਦਰ ਹੈ।

# ਬ੍ਰਹਮਸਰੋਵਰ ਦੇ ਪੁਰਸ਼ੋਤਮਪੁਰਾ ਬਾਗ 'ਚ ਸੰਤ ਸੰਮੇਲਨ

**ਸ਼ਾਹਬਾਦ ਮਾਰਕੰਡਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਹਮਸਰੋਵਰ ਦੇ ਪੁਰਸ਼ੋਤਮਪੁਰਾ ਬਾਗ 'ਚ ਸੰਤ ਸੰਮੇਲਨ ਕਰਵਾਇਆ ਗਿਆ ਜਿੱਥੇ ਵੱਖ-ਵੱਖ ਰਾਜਨੀਤਕ ਤੇ ਉੱਘੀਆਂ ਸ਼ਖਸੀਅਤਾਂ ਨੇ ਹਾਜ਼ਰੀ ਲਵਾਈ। ਕੇਂਦਰੀ ਬਿਜਲੀ, ਰਿਹਾਇਸ਼ ਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਗੀਤਾ ਜੀਵਨ ਜਿਊਣ ਦਾ ਇੱਕ ਤਰੀਕਾ ਤੇ ਸ਼ਾਂਤੀ ਦਾ ਸਰੋਤ ਹੈ। ਭਗਵਾਨ ਕ੍ਰਿਸ਼ਨ ਨੇ ਕੁਰੂਕਸ਼ੇਤਰ ਦੀ ਧਰਤੀ 'ਤੇ ਮਹਾਂਭਾਰਤ ਦੇ ਯੁੱਧ ਦੇ ਮੈਦਾਨ 'ਚ ਅਰਜਨ ਨੂੰ ਗੀਤਾ ਦਾ ਸੰਦੇਸ਼ ਦਿੱਤਾ ਜੋ ਅੱਜ ਵੀ ਪਹਿਲਾਂ ਜਿੰਨਾਂ ਹੀ ਪ੍ਰਸੰਗਿਕ ਹੈ। ਸੰਤ ਸੰਮੇਲਨ ਬਾਰੇ ਖੱਟਰ ਨੇ ਕਿਹਾ ਕਿ ਇਹ ਤਿਉਹਾਰ ਭਾਰਤ ਦੇ ਵੱਖ-ਵੱਖ ਸੂਬਿਆਂ ਤੇ ਵਿਦੇਸ਼ਾਂ ਵਿੱਚ ਕਰਕੇ ਗੀਤਾ ਦੀਆਂ ਸਿੱਖਿਆਵਾਂ ਦਾ ਪਸਾਰ ਕੀਤਾ ਜਾ ਰਿਹਾ ਹੈ।

ਇਸ ਮੌਕੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਭਗਵਾਨ ਕ੍ਰਿਸ਼ਨ ਵੱਲੋਂ ਕੁਰੂਕਸ਼ੇਤਰ ਦੀ ਪਵਿੱਤਰ ਧਰਤੀ ਤੇ ਦਿੱਤੇ ਗਏ ਗੀਤਾ ਦੇ ਉਪਦੇਸ਼ ਮਨੁੱਖਤਾ ਦਾ ਸਦੀਵੀ ਗਿਆਨ ਹਨ।

ਗੀਤਾ ਮਨੀਸ਼ੀ ਸੁਆਮੀ ਗਿਆਨਾ ਨੰਦ ਨੇ ਕਿਹਾ ਕਿ ਵਿਸ਼ਵ ਸ਼ਾਂਤੀ ਤੇ ਸਦਭਾਵਨਾ ਦਾ ਮਾਰਗ ਗੀਤਾ ਵਿਚ ਮੌਜੂਦ ਗਿਆਨ ਵਿਚ ਹੈ। ਇਹ ਸਾਨੂੰ ਨਫਰਤ, ਡਰ ਤੇ ਮੋਹ ਤੋਂ ਮੁਕਤ ਹੋ ਕੇ ਸਮਾਨਤਾ ਨਾਲ ਜਿਊਣਾ ਸਿਖਾਉਂਦਾ ਹੈ ਜੋ ਕਿ ਵਿਸ਼ਵ ਏਕਤਾ ਲਈ ਬਹੁਤ ਜ਼ਰੂਰੀ ਹੈ। ਇਸ ਮੌਕੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਭਾਜਪਾ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਗੋਲਡੀ, ਭਾਜਪਾ ਆਗੂ ਜੈ ਭਗਵਾਨ ਸ਼ਰਮਾ, ਕੈਪਟਨ ਅਮਰਜੀਤ ਸਿੰਘ, ਅਵਨੀਤ ਵੜੈਚ, ਰੋਸ਼ਨ ਬੇਦੀ, ਸੰਜੇ ਚੌਧਰੀ, ਗੁਰਨਾਮ ਸਿੰਘ ਸੈਣੀ ਰਿਸ਼ੀ ਪਾਲ ਮਥਾਣਾ ਤੇ ਪਤਵੰਤੇ ਮੌਜੂਦ ਸਨ।

# ਰਾਸ਼ਟਰੀ ਅਵਿਸਕਾਰ ਅਭਿਆਨ ਤਹਿਤ ਬਲਾਕ ਪੱਟੀ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ



**ਤਰਨ ਤਾਰਨ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਅਵਿਸਕਾਰ ਅਭਿਆਨ ਤਹਿਤ ਬਲਾਕ ਪੱਟੀ ਦੇ ਸਾਰੇ ਸਰਕਾਰੀ ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਛੇਵੀਂ ਤੋਂ ਅੱਠਵੀਂ ਮਿਡਲ ਵਿੰਗ ਤੇ ਨੌਵੀਂ-ਦਸਵੀਂ ਵਿੰਗ ਦੇ ਵਿਦਿਆਰਥੀਆਂ ਦੀਆਂ ਟੀਮਾਂ ਦੇ ਸਾਇੰਸ, ਸਮਾਜਿਕ, ਹਿਸਾਬ ਤੇ ਅੰਗਰੇਜ਼ੀ ਵਿਸੇ ਦੇ ਕੁਵਿਜ ਮੁਕਾਬਲੇ ਸਰਕਾਰੀ ਸਮਾਰਟ ਹਾਈ ਸਕੂਲ ਚੀਮਾ ਕਲਾਂ ਵਿਖੇ ਬੀ.ਐਨ. ਓ. ਮੈਡਮ ਮੁੱਖ ਅਧਿਆਪਕਾ ਸ੍ਰੀਮਤੀ ਗੁਰਪ੍ਰੀਤ ਕੌਰ ਦੀ ਯੋਗ ਅਗਵਾਈ ਵਿੱਚ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿੱਚੋਂ ਇੱਕ ਇੱਕ ਵਿਦਿਆਰਥੀ ਅਤੇ ਨੌਵੀਂ-ਦਸਵੀਂ ਵਿੱਚੋਂ ਵੀ ਇਕ-ਇੱਕ ਵਿਦਿਆਰਥੀ ਦੀ ਟੀਮ ਨੇ ਭਾਗ ਲਿਆ।

ਛੇਵੀਂ ਤੋਂ ਅੱਠਵੀਂ ਵਿੰਗ ਦੇ ਵਿੱਚੋਂ ਸਰਕਾਰੀ ਹਾਈ ਸਕੂਲ ਕੁੱਲਾ ਨੇ ਪਹਿਲਾ ਸਥਾਨ ਸਰਕਾਰੀ ਹਾਈ ਸਕੂਲ ਬੈਠੇ ਭੈਣੀ ਨੇ ਦੂਸਰਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਚੀਮਾ ਕਲਾਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹਾਈ ਵਿੰਗ ਦੇ ਵਿੱਚੋਂ ਸਰਕਾਰੀ ਹਾਈ ਸਮਾਰਟ ਸਕੂਲ ਚੀਮਾ ਕਲਾਂ ਨੇ ਪਹਿਲਾ ਸਥਾਨ, ਸਕੂਲ ਆਫ ਐਮੀਨੈਂਸ ਪੱਟੀ ਨੇ ਦੂਜਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਬੈਠ ਭੈਣੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਜੱਜਮੈਂਟ ਦੀ ਭੂਮਿਕਾ ਬੀ.ਐਨ.ਓ. ਐਮ ਸ੍ਰੀਮਤੀ ਗੁਰਪ੍ਰੀਤ ਕੌਰ ਸਰਕਾਰੀ ਹਾਈ ਸਕੂਲ ਚੀਮਾ ਕਲਾਂ, ਸ. ਦਵਿੰਦਰ ਸਿੰਘ ਸਰਕਾਰੀ ਹਾਈ ਸਕੂਲ ਬੂਹ ਅਤੇ ਸ.ਗੁਰਪ੍ਰੀਤ ਸਿੰਘ ਸਰਕਾਰੀ ਹਾਈ ਸਕੂਲ ਬੈਠੇ ਭੈਣੀ ਨੇ ਬਾਖੂਬੀ ਨਿਭਾਈ ਇਸ ਮੌਕੇ ਹਰ ਸਕੂਲ ਦੇ ਇੱਕ ਇੱਕ ਗਾਈਡ ਅਧਿਆਪਕ ਵੀ ਹਾਜਰ ਸਨ ।

# ਬਾਲ ਵਿਆਹ ਮੁਕਤ ਭਾਰਤ ਮੁਹਿੰਮ ਸ਼ੁਰੂ




**ਜੀਂਦ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੈਰ ਸਰਕਾਰੀ ਸੰਗਠਨ ਐਮ ਡੀ ਡੀ ਆਫ ਇੰਡੀਆ ਨੇ ਬਾਲ ਵਿਆਹ ਰੋਕ ਅਧਿਕਾਰੀ ਨਾਲ ਮਿਲ ਕੇ ਬਾਲ ਵਿਆਹ ਮੁਕਤ ਭਾਰਤ ਸਬੰਧੀ 100 ਦਿਨਾ ਮੁਹਿੰਮ ਦੀ ਜ਼ਿਲ੍ਹੇ 'ਚ ਜ਼ੋਰ-ਸ਼ੋਰ ਨਾਲ ਸ਼ੁਰੂਆਤ ਕੀਤੀ ਹੈ। ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਪਹਿਲੇ ਹੀ ਦਿਨ ਸਾਂਝੇ ਤੌਰ 'ਤੇ ਜ਼ਿਲ੍ਹੇ ਦੇ ਪਿੰਡ ਲੁਦਾਨਾ, ਮੋਰਖੀ, ਹਾਟ, ਹਾਡਵਾ, ਸ਼ਿਵਾਨਾ ਮਾਲ, ਰੋਜਲਾ, ਕਲਾਵਤੀ, ਭੰਵੇਵਾ ਆਦਿ ਪਿੰਡਾਂ ਵਿੱਚ ਦਰਜਨਾਂ ਪ੍ਰੋਗਰਾਮ ਕਰਵਾਏ ਗਏ। ਸੰਗਠਨ ਦੇ ਜ਼ਿਲ੍ਹਾ ਅਧਿਕਾਰੀ ਨਰਿੰਦਰ ਸ਼ਰਮਾ ਨੇ ਦੱਸਿਆ ਕਿ ਸੰਗਠਨ ਨੇ ਨਗਰ ਅਤੇ ਜ਼ਿਲ੍ਹੇ ਦੇ ਅੱਧਾ ਦਰਜਨ ਪਿੰਡਾਂ ਵਿੱਚ ਵੱਡੇ ਪੈਮਾਨੇ ਉੱਤੇ ਜਾਗਰੂਕਤਾ ਬੈਠਕਾਂ, ਕੈਂਡਲ ਮਾਰਚ ਅਤੇ ਸੌਂਹ ਚੁੱਕ ਪ੍ਰੋਗਰਾਮ ਕਰਵਾਏ ਹਨ। ਇਨ੍ਹਾਂ ਵਿੱਚ ਮਹਿਲਾਵਾਂ ਅਤੇ ਵਿਦਿਆਰਥਣਾਂ ਦੀ ਵਿਸ਼ੇਸ਼ ਹਾਜ਼ਰੀ ਰਹੀ। ਇਸ ਦੇ ਨਾਲ ਹੀ ਭਿੰਨ-ਭਿੰਨ ਪਿੰਡਾਂ ਵਿੱਚ ਧਾਰਮਿਕ ਸਥਾਨਾਂ 'ਤੇ ਸਹੁੰ ਚੁੱਕ ਪ੍ਰੋਗਰਾਮ ਕਰਵਾਏ ਗਏ। ਨਗਰ ਦੇ ਅਲਗ-ਅਲਗ ਮੈਰਿਜ ਪੈਲੇਸਾਂ ਦੇ ਸੰਚਾਲਕਾਂ ਨਾਲ ਮਿਲ ਕੇ ਬਾਲ ਵਿਆਹ ਦੇ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਜ਼ਿਲ੍ਹਾ ਬਾਲ ਵਿਆਹ ਰੋਕ ਅਧਿਕਾਰੀ ਸੁਨੀਤਾ ਨੇ ਕੀਤੀ। ਮੋਤੀ ਲਾਲ ਨਹਿਰੂ ਪਬਲਿਕ ਸਕੂਲ ਵਿੱਚ ਅਧਿਅਪਕਾਂ, ਸਟਾਫ ਅਤੇ ਵਾਰਸਾਂ ਨਾਲ ਵੱਡੀ ਜਾਗਰੂਕਤਾ ਬੈਠਕ ਕੀਤੀ ਗਈ ਜਿਸਦੀ ਪ੍ਰਧਾਨਗੀ ਮਹਿਲਾ ਥਾਨਾ ਦੀ ਐਸ ਐਚ ਓ ਮੋਨਿਕਾ ਨੇ ਕੀਤੀ। ਪਿੰਡ ਹੈਬਤਪੁਰ ਦੇ ਸਰਪੰਚ ਰਿਸ਼ੀਪਾਲ ਦੀ ਪ੍ਰਧਾਨਗੀ ਹੇਠ ਸਹੁੰ ਚੁੱਕ ਅਤੇ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ। ਇਸੇ ਤਰ੍ਹਾਂ ਉਚਾਨਾ ਦੇ ਹਸਪਤਾਲ ਵਿੱਚ ਵੀ ਸਟਾਫ ਅਤੇ ਮਰੀਜ਼ਾਂ ਨਾਲ ਆਏ ਉਨ੍ਹਾਂ ਦੇ ਸਾਥੀਆਂ ਨਾਲ ਪ੍ਰੋਗਰਾਮ ਕੀਤਾ ਗਿਆ।

# ਝੋਨੇ ਦੀ ਫਰਜ਼ੀ ਰਜਿਸਟਰੇਸ਼ਨ ਘੁਟਾਲੇ 'ਚ ਦੋ ਹੋਰ ਕਾਬੂ

**ਰਤੀਆ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰਥਿਕ ਅਪਰਾਧਾਂ ਵਿਰੁੱਧ ਤੇਜ਼ ਅਤੇ ਨਿਰਪੱਖ ਕਾਰਵਾਈ ਤਹਿਤ ਪੁਲਸ ਸੁਪਰਡੈਂਟ ਸਿਧਾਂਤ ਜੈਨ ਦੇ ਨਿਰਦੇਸ਼ਾਂ ਤਹਿਤ ਫਤਿਹਾਬਾਦ ਦੀ ਆਰਥਿਕ ਅਪਰਾਧ ਸ਼ਾਖਾ ਨੇ ਝੋਨੇ ਦੀ ਫਰਜ਼ੀ ਰਜਿਸਟਰੇਸ਼ਨ ਘੁਟਾਲੇ ਵਿੱਚ ਦੋ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ ਵਿੱਚ ਹੁਣ ਤੱਕ ਕੁੱਲ ਦਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਯਸਪਾਲ ਪੁੱਤਰ ਮਾਨ ਸਿੰਘ ਵਾਸੀ ਵਾਰਡ ਨੰਬਰ 1 ਰਤੀਆ ਅਤੇ ਸੁਰਜੀਤ ਸਿੰਘ ਪੁੱਤਰ ਗੁਲਜ਼ਾਰ ਸਿੰਘ ਵਾਸੀ ਬੁਰਜ ਵਜੋਂ ਹੋਈ ਹੈ।

ਇਸ ਤੋਂ ਪਹਿਲਾਂ ਇਸ ਘੁਟਾਲੇ ਵਿੱਚ ਅੱਠ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਆਰਥਿਕ ਅਪਰਾਧ ਸ਼ਾਖਾ ਦੇ ਇੰਚਾਰਜ ਇੰਸਪੈਕਟਰ ਸੰਦੀਪ ਨੇ ਦੱਸਿਆ ਕਿ 8 ਸਤੰਬਰ 2022 ਨੂੰ ਸਬ-ਇੰਸਪੈਕਟਰ ਰਾਜੇਸ਼ ਕੁਮਾਰ (ਮੁੱਖ ਮੰਤਰੀ ਫਲਾਇੰਗ ਸਕੁਐਡ, ਹਿਸਾਰ) ਨੇ ਇੱਕ ਸ਼ਿਕਾਇਤ ਦਰਜ ਕਰਵਾਈ ਸੀ ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਕੁਝ ਮੁਲਜ਼ਮਾਂ ਨੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਨਾਲ ਮਿਲ ਕੇ ਫਤਿਹਾਬਾਦ ਸਰਕਾਰੀ ਪੋਰਟਲ 'ਤੇ ਆਮ ਲੋਕਾਂ ਦੀ ਜ਼ਮੀਨ ਦੀ ਧੋਖਾਧੜੀ ਨਾਲ ਰਜਿਸਟਰੀ ਕੀਤੀ ਹੈ। ਇਸ ਧੋਖਾਧੜੀ ਰਾਹੀਂ, ਮੁਲਜ਼ਮਾਂ ਨੇ ਘੱਟੋ-ਘੱਟ ਸਮਰਥਨ ਮੁੱਲ ਦੇ ਤਹਿਤ ਝੋਨੇ ਦੀ ਅਦਾਇਗੀ ਪ੍ਰਾਪਤ ਕੀਤੀ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਗੰਭੀਰ ਵਿੱਤੀ ਨੁਕਸਾਨ ਹੋਇਆ।

# ਸੀ.ਟੀ ਗਰੁੱਪ ਅਤੇ ਆਰ.ਜੇ. ਕ੍ਰਿਏਟਰਜ਼ ਵਖਰਾ ਸਵੈਗ ਵੱਲੋਂ ਵੀਕੈਂਡ ਆਫ ਵੈਲਨੈੱਸ ਦਾ ਬੇਹਤਰੀਨ ਆਯੋਜਨ



**ਹੁਸ਼ਿਆਰਪੁਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੇਲਵੇ ਮੰਡੀ ਗਰਾਊਂਡ ਹੁਸ਼ਿਆਰਪੁਰ ਵਿੱਚ ਸੀ.ਟੀ. ਗਰੁੱਪ ਆਫ ਐਜੂਕੇਸ਼ਨ ਜਲੰਧਰ ਅਤੇ ਵਖਰਾ ਸਵੈਗ ਆਰ.ਜੇ. ਕ੍ਰਿਏਟਰ ਵੱਲੋਂ ÷ਵੀਕੈਂਡ ਆਫ ਵੈਲਨੈੱਸ÷ ਨਾਮਕ ਸਿਹਤ ਸੰਬੰਧੀ ਪ੍ਰੋਗਰਾਮ ਦਾ ਬੇਹਤਰੀਨ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੰਤਵ ਹੁਸ਼ਿਆਰਪੁਰ ਵਾਸੀਆਂ ਨੂੰ ਜ਼ੁੰਬਾ, ਮਾਰਸ਼ਲ ਆਰਟ, ਯੋਗ ਅਤੇ ਹੋਰ ਸਿਹਤ ਸੰਬੰਧੀ ਸਾਧਨਾਂ ਰਾਹੀਂ ਫਿੱਟ ਰਹਿਣ ਲਈ ਜਾਗਰੂਕ ਕਰਨਾ ਸੀ। ਪ੍ਰੋਗਰਾਮ ਬਹੁਤ ਸਫਲ ਰਿਹਾ ਅਤੇ ਹੁਸ਼ਿਆਰਪੁਰ ਵਾਸੀਆਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਭਾਗ ਲੈ ਕੇ ਸਿਹਤ ਪ੍ਰਤੀ ਆਪਣੀ ਸਜਗਤਾ ਦਾ ਪ੍ਰਮਾਣ ਦਿੱਤਾ। ਇਸ ਮੌਕੇ ਤੇ ਆਰ.ਜੇ. ਕ੍ਰਿਏਟਰਜ਼ ਦੇ ਕੋਆਰਡੀਨੇਟਰ ਡਾ. ਪੰਕਜ ਸ਼ਿਵ ਅਤੇ ਰੇਨੂੰ ਕਵਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸੀ.ਟੀ. ਗਰੁੱਪ ਵੱਲੋਂ ਡਾਇਰੈਕਟਰ ਅਨੁਰਾਗ ਸ਼ਰਮਾ ਅਤੇ ਡੀਨ ਸਟੂਡੈਂਟ ਵੈਲਫੇਅਰ ਡਾ. ਗਗਨ ਜੋੜਾ ਵੀ ਖਾਸ ਤੌਰ 'ਤੇ ਹਾਜ਼ਰ ਰਹੇ।

ਸਮਾਗਮ ਦੀ ਸ਼ੋਭਾ ਵਧਾਉਣ ਲਈ ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ, ਵਿਧਾਇਕ ਪੰਡਿਤ ਬ੍ਰਹਮ ਸ਼ੰਕਰ ਜਿੰਪਾ, ਡਾ. ਇਸ਼ਾਂਕ ਅਤੇ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਹਜ਼ਾਰਾਂ ਦੀ ਗਿਣਤੀ ਵਿੱਚ ਹੁਸ਼ਿਆਰਪੁਰ ਵਾਸੀਆਂ ਅਤੇ ਖ਼ਾਸ ਤੌਰ 'ਤੇ ਸਕੂਲੀ ਬੱਚਿਆਂ ਨੇ ਸਮਾਗਮ ਵਿੱਚ ਭਾਗ ਲਿਆ।

ਵੱਖ-ਵੱਖ ਅਕੈਡਮੀਆਂ ਅਤੇ ਸਕੂਲਾਂ ਦੇ ਬੱਚਿਆਂ ਨੇ ਭੰਗੜਾ, ਗਤਕਾ, ਜ਼ੁੰਬਾ, ਮਾਰਸ਼ਲ ਆਰਟ ਅਤੇ ਯੋਗ ਦੀ ਪ੍ਰਸਤੁਤੀ ਦੇ ਕੇ ਲੋਕਾਂ ਨੂੰ ਸਿਹਤਮੰਦ ਰਹਿਣ ਦਾ ਸੰਦੇਸ਼ ਦਿੱਤਾ। ਸੰਗੀਤ ਦੀ ਤਾਲ 'ਤੇ ਝੂਮਦੇ ਲੋਕਾਂ ਦਾ ਨਜ਼ਾਰਾ ਬੜਾ ਦੇਖਣਯੋਗ ਸੀ।

ਆਰ.ਜੇ. ਕ੍ਰਿਏਟਰਜ਼ ਦੀ ਤਰਫੋਂ ਡਾ. ਪੰਕਜ ਸ਼ਿਵ ਨੇ ਕਿਹਾ ਕਿ ਇਸ ਪ੍ਰੋਗਰਾਮ ਦੀ ਸਫਲਤਾ ਲਈ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਮੈਡਮ ਆਸ਼ਿਕਾ ਜੈਨ, ਐਸ.ਐਸ.ਪੀ. ਸੰਦੀਪ ਮਲਿਕ ਅਤੇ ਪੁਲਿਸ ਟੀਮ ਦਾ ਖਾਸ ਧੰਨਵਾਦ ਹੈ। ਉਨ੍ਹਾਂ ਨੇ ਲੋਕ ਸਭਾ ਮੈਂਬਰ ਡਾ. ਰਾਜਕੁਮਾਰ, ਵਿਧਾਇਕ ਜਿੰਪਾ ਅਤੇ ਡਾ. ਇਸ਼ਾਂਕ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਸਿਹਤ ਪ੍ਰਤੀ ਜਾਗਰੂਕਤਾ ਦਾ ਸੰਦੇਸ਼ ਦਿੱਤਾ।

ਉਨ੍ਹਾਂ ਨੇ ਸਮਾਗਮ ਦੇ ਸਪਾਂਸਰਾਂ—ਫੌਕਸਵੇਗਨ ਲਾਲੀ ਮੋਟਰਜ਼, ਪੰਜਾਬੀ ਲਿਬਾਸ, ਜੀ.ਐਮ. ਫੈਬਰਿਕਸ, ਲਕਸ਼ਿਤਾ, ਲਿਵਾਸਾ ਹਸਪਤਾਲ, ਗੁਪਤਾ ਪਲਾਈਵੁੱਡ ਆਦਿ—ਦਾ ਖਾਸ ਧੰਨਵਾਦ ਕੀਤਾ।

ਸੀ.ਟੀ. ਗਰੁੱਪ ਆਫ ਇੰਸਟੀਚਿਊਟ ਵੱਲੋਂ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੇ ਗਏ ਅਤੇ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਅਤੇ ਮੈਡਲ ਭੇਂਟ ਕੀਤੇ ਗਏ।

ਆਰ.ਜੇ. ਕ੍ਰਿਏਟਰਜ਼ ਅਤੇ ਸੀ.ਟੀ. ਗਰੁੱਪ ਵੱਲੋਂ ਸੈਂਕੜੇ ਲੋਕਾਂ ਨੂੰ ਇਨਾਮ ਵੰਡੇ ਗਏ।


ਅੰਤ ਵਿੱਚ ਡਾ. ਪੰਕਜ ਸ਼ਿਵ ਅਤੇ ਡਾ. ਅਨੁਰਾਗ ਸ਼ਰਮਾ ਨੇ ਸਮਾਗਮ ਦੀ ਸਫਲਤਾ ਲਈ ਸਭ ਦਾ ਧੰਨਵਾਦ ਕੀਤਾ।

# ਮੋਬਾਈਲ ਫੋਨ ਤੇ ਨਕਦੀ ਖੋਹਣ ਦੇ ਦੋਸ਼ ਹੇਠ ਮੁਲਜ਼ਮ ਗ੍ਰਿਫ਼ਤਾਰ

**ਰਤੀਆ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਬਾਈਲ ਫੋਨ ਅਤੇ ਨਕਦੀ ਖੋਹਣ ਦੇ ਮਾਮਲੇ ਵਿੱਚ ਰਤੀਆ ਸਿਟੀ ਪੁਲੀਸ ਨੇ ਇੱਕ ਹੋਰ ਸਹਿ-ਮੁਲਜ਼ਮ ਬਬਲੂ ਰਾਮ ਉਰਫ਼ ਨਿੰਦਰ ਪੁੱਤਰ ਕਾਲਾ ਰਾਮ ਵਾਸੀ ਸਹਿਨਾਲ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਤੋਂ ਇੱਕ ਮੋਬਾਈਲ ਫ਼ੋਨ ਬਰਾਮਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ ਇੱਕ ਮੁਲਜ਼ਮ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਰਤੀਆ ਸਿਟੀ ਪੁਲੀਸ ਸਟੇਸ਼ਨ ਦੇ ਇੰਚਾਰਜ ਸਬ-ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਬਿਨੈਕਾਰ ਅਨੀਤਾ ਗਰਗ ਪਤਨੀ ਸੁਨੀਲ ਕੁਮਾਰ ਜੋ ਕਿ ਗਲੀ ਨੰਬਰ 9, ਟਿੱਬਾ ਕਲੋਨੀ ਰਤੀਆ ਦੇ ਰਹਿਣ ਵਾਲੇ ਹਨ, ਨੇ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ

# ਇੰਗਲੈਂਡ 'ਚ ਭਾਰਤੀ ਨੌਜਵਾਨ ਦਾ ਕਤਲ



**ਹਿਸਾਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਚਰਖੀ ਦਾਦਰੀ ਜ਼ਿਲ੍ਹੇ ਦੇ 30 ਸਾਲਾ ਨੌਜਵਾਨ ਦੀ ਇੰਗਲੈਂਡ ਵਿੱਚ ਲੰਡਨ ਤੋਂ ਲਗਪਗ 215 ਕਿਲੋਮੀਟਰ ਦੂਰ ਵੋਰਸੈਸਟਰ ਸ਼ਹਿਰ ਵਿੱਚ ਕੁੱਝ ਵਿਅਕਤੀਆਂ ਨੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਉਸ ਦੀ ਪਛਾਣ ਵਿਜੈ ਕੁਮਾਰ ਸ਼ਿਓਰਾਨ ਵਜੋਂ ਹੋਈ ਹੈ। ਇਹ ਘਟਨਾ 25 ਨਵੰਬਰ ਦੀ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਸ਼ੱਕ ਹੈ ਕਿ ਇਸ ਹੱਤਿਆ ਪਿੱਛੇ ਉੱਥੇ ਰਹਿ ਰਹੇ ਹਰਿਆਣਾ ਅਤੇ ਪੰਜਾਬ ਦੇ ਕੁੱਝ ਵਿਅਕਤੀਆਂ ਦਾ ਹੱਥ ਹੈ। ਹਾਲਾਂਕਿ, ਇਸ ਸਬੰਧੀ ਇੰਗਲੈਂਡ ਦੀ ਪੁਲੀਸ ਨੇ ਕੋਈ ਖੁਲਾਸਾ ਨਹੀਂ ਕੀਤਾ। ਪਰਿਵਾਰ ਨੇ ਵਿਦੇਸ਼ ਮੰਤਰਾਲੇ ਨੂੰ ਵਿਜੈ ਕੁਮਾਰ ਦੀ ਲਾਸ਼ ਭਾਰਤ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਹੈ। ਚਰਖੀ ਦਾਦਰੀ ਜ਼ਿਲ੍ਹੇ ਦੀ ਬਧਰਾ ਸਬ-ਡਿਵੀਜ਼ਨ ਦੇ ਪਿੰਡ ਜਗਰਾਮਬਾਸ ਦੇ ਵਸਨੀਕ ਰਵੀ ਕੁਮਾਰ ਨੇ ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਕੁੱਝ ਵਿਅਕਤੀਆਂ ਵੱਲੋਂ ਉਸ ਦੇ ਛੋਟੇ ਭਰਾ ਵਿਜੈ ਕੁਮਾਰ, ਜੋ ਬ੍ਰਿਸਟਲ ਵਿੱਚ ਯੂਨੀਵਰਸਿਟੀ ਆਫ ਦਿ ਵੈਸਟ ਆਫ ਇੰਗਲੈਂਡ (ਯੂ ਡਬਲਿਊ ਈ) ਵਿੱਚ ਪੜ੍ਹਾਈ ਕਰ ਰਿਹਾ ਸੀ, ਦੀ 25 ਨਵੰਬਰ ਨੂੰ ਹੱਤਿਆ ਕਰ ਦਿੱਤੀ ਗਈ। ਬਰਤਾਨੀਆ ਦੀ ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ। ਉਸ ਨੇ ਪੱਤਰ ਵਿੱਚ ਲਿਖਿਆ, "ਅਸੀਂ ਮੰਤਰਾਲੇ ਨੂੰ ਮਦਦ ਦੀ ਅਪੀਲ ਕਰਦੇ ਹਾਂ ਤਾਂ ਜੋ ਮੇਰੇ ਭਰਾ ਦੀ ਦੇਹ ਅੰਤਿਮ ਰਸਮਾਂ ਲਈ ਭਾਰਤ ਲਿਆਂਦੀ ਜਾ ਸਕੇ।'

ਉਨ੍ਹਾਂ ਦੱਸਿਆ ਕਿ ਵਿਜੈ ਕੁਮਾਰ ਸੈਂਟਰਲ ਐਕਸਾਈਜ਼ ਤੇ ਕਸਟਮਜ਼ ਵਿਭਾਗ ਵਿੱਚ ਕੋਚੀ ਵਿੱਚ ਤਾਇਨਾਤ ਸੀ। ਉਹ ਨੌਕਰੀ ਛੱਡ ਕੇ ਉੱਚ ਪੜ੍ਹਾਈ ਲਈ ਅਤੇ ਪੰਜਾਬ ਦੇ ਕੁੱਝ ਵਿਅਕਤੀਆਂ ਦਾ ਹੱਥ ਹੈ। ਹਾਲਾਂਕਿ, ਇਸ ਸਬੰਧੀ ਇੰਗਲੈਂਡ ਦੀ ਪੁਲੀਸ ਨੇ ਕੋਈ ਖੁਲਾਸਾ ਨਹੀਂ ਕੀਤਾ। ਪਰਿਵਾਰ ਨੇ ਵਿਦੇਸ਼ ਮੰਤਰਾਲੇ ਨੂੰ ਵਿਜੈ ਕੁਮਾਰ ਦੀ ਲਾਸ਼ ਭਾਰਤ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਹੈ। ਚਰਖੀ ਦਾਦਰੀ ਜ਼ਿਲ੍ਹੇ ਦੀ ਬਧਰਾ ਸਬ-ਡਿਵੀਜ਼ਨ ਦੇ ਪਿੰਡ ਜਗਰਾਮਬਾਸ ਦੇ ਵਸਨੀਕ ਰਵੀ ਕੁਮਾਰ ਨੇ ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਕੁੱਝ ਵਿਅਕਤੀਆਂ ਵੱਲੋਂ ਉਸ ਦੇ ਛੋਟੇ ਭਰਾ ਵਿਜੈ ਕੁਮਾਰ, ਜੋ ਬ੍ਰਿਸਟਲ ਵਿੱਚ ਯੂਨੀਵਰਸਿਟੀ ਆਫ ਦਿ ਵੈਸਟ ਆਫ ਇੰਗਲੈਂਡ (ਯੂ ਡਬਲਿਊ ਈ) ਵਿੱਚ ਪੜ੍ਹਾਈ ਕਰ ਰਿਹਾ ਸੀ, ਦੀ 25 ਨਵੰਬਰ ਨੂੰ ਹੱਤਿਆ ਕਰ ਦਿੱਤੀ ਗਈ। ਬਰਤਾਨੀਆ ਦੀ ਇਸ ਸਾਲ ਸ਼ੁਰੂ ਵਿੱਚ ਇੰਗਲੈਂਡ ਗਿਆ ਸੀ।

# ਅਨਾਥ ਤੇ ਬੇਸਹਾਰਾ ਬੱਚਿਆਂ ਲਈ ਚਲਾਏ ਜਾ ਰਹੇ ਬਾਲ ਘਰਾਂ ਦੀ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ : ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ

**ਜਲੰਧਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਜਲੰਧਰ ਵਿੱਚ ਅਨਾਥ ਅਤੇ ਬੇਸਹਾਰਾ ਬੱਚਿਆਂ ਲਈ ਚੱਲ ਰਹੇ ਬਾਲ ਘਰਾਂ ਦੀ ਜੁਵੇਨਾਇਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ਼ ਚਿਲਡਰਨ) ਐਕਟ 2015 ਅਮੈਂਡਮੈਂਟ 2021 ਅਧੀਨ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੈ ਭਾਰਤੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਕੋਈ ਵੀ ਬਾਲ ਘਰ, ਜੋ 0-18 ਸਾਲ ਦੇ ਅਨਾਥ, ਬੇਸਹਾਰਾ ਜਾਂ ਦਿਵਿਆਂਗ ਬੱਚਿਆਂ ਲਈ ਕੰਮ ਕਰ ਰਹੇ ਹਨ ਅਤੇ ਜੁਵੇਨਾਇਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ਼ ਚਿਲਡਰਨ) ਐਕਟ 2015 ਅਮੈਂਡਮੈਂਟ 2021 ਦੀ ਧਾਰਾ 41 (1) ਅਧੀਨ ਰਜਿਸਟਰ ਨਹੀਂ ਹੈ, ਉਨ੍ਹਾਂ ਬਾਲ ਘਰਾਂ ਦੇ ਮੁਖੀ 'ਤੇ ਵਿਭਾਗ ਵੱਲੋਂ ਇਸ ਐਕਟ ਦੀ ਧਾਰਾ 42 ਅਨੁਸਾਰ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਇਕ ਸਾਲ ਦੀ ਸਜ਼ਾ ਜਾਂ ਇਕ ਲੱਖ ਰੁਪਏ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਕੋਈ ਵੀ ਗੈਰ ਸਰਕਾਰੀ ਸੰਸਥਾ, ਜਿਸ ਵਿੱਚ 0-18 ਸਾਲ ਦੇ ਅਨਾਥ, ਬੇਸਹਾਰਾ ਜਾਂ ਦਿਵਿਆਂਗ ਬੱਚਿਆਂ ਦੇ ਰਹਿਣ, ਖਾਣ-ਪੀਣ ਅਤੇ ਦੇਖ਼ਭਾਲ ਦੀ ਸੁਵਿਧਾ ਮੁਹੱਈਆ ਕਰਵਾਈ ਜਾਂਦੀ ਹੈ, ਦਾ ਜੁਵੇਨਾਇਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ 2015 ਦੀ ਧਾਰਾ 41(1) ਤਹਿਤ ਰਜਿਸਟਰਡ ਹੋਣਾ ਲਾਜ਼ਮੀ ਹੈ।

# ਚੱਜ-ਆਚਾਰ



• ਨਰਿੰਦਰ ਸਿੰਘ ਕਪੂਰ

ਹਰ ਇਕ ਮਿਹਨਤ ਕਰਦਾ ਹੈ ਅਤੇ ਸੈਂਕੜੇ ਸੁਪਨੇ ਵੇਖਦੇ ਹਨ। ਇਕ ਚਾਹੁੰਦਾ ਹੈ ਕਿ ਮੈਂ ਮਿਹਨਤ ਨਾਲ ਕਰੋੜਪਤੀ ਬਣਾ ਪਰ ਪੰਜਾਹ ਚਾਹੁੰਣਗੇ ਕਿ ਕਿੱਧਰੋਂ ਕਰੋੜ ਰੁਪਏ ਹੀ ਲੱਭ ਪੈਣ। ਭਾਰਤ ਦੇ ਲੋਕ ਧਰਮ ਤੋਂ ਸਿਵਾਇ ਹਰ ਚੀਜ਼ ਜਾਂ ਵਿਹਾਰ ਪ੍ਰਤੀ ਲਾਪ੍ਰਵਾਹ ਹਨ ਪਰ ਹੁਣ ਸਮੁੱਚੇ ਸੰਸਾਰ ਨਾਲ ਵਾਹ ਪੈਣ ਕਰਕੇ ਸਾਰੇ ਸੋਚਣ ਲੱਗ ਪਏ ਹਨ ਕਿ ਜ਼ਿੰਦਗੀ ਅਤੇ ਸਮਾਜ ਨੂੰ ਚੰਗੇਰਾ ਬਣਾਉਣ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਸੁਧਾਰਿਆ-ਸੰਵਾਰਿਆ ਜਾ ਸਕਦਾ ਹੈ।

ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਸਾਊ ਵਿਹਾਰ ਕੀਤਾ ਜਾਵੇ ਅਤੇ ਸਾਨੂੰ ਟਿਕਟ ਲੈਣ ਵੇਲੇ ਲੰਮੀ ਕਤਾਰ ਵਿਚ ਨਾ ਖਲੋਣਾ ਪਵੇ, ਬਿਲ ਭਰਨ ਵੇਲੇ ਪ੍ਰੇਸ਼ਾਨ ਨਾ ਹੋਣਾ ਪਵੇ, ਦਫ਼ਤਰ ਵਿਚ ਕੰਮ ਲਈ ਗੇੜੇ ਨਾ ਲਾਉਣੇ ਪੈਣ। ਪੰਜਾਬੀਆਂ ਵਿਚ ਵੱਡੇ ਗੁਣ ਹਨਾਂ ਵਾਰਨ ਲੱਗਿਆਂ ਇਹ ਜਾਨ ਦੀ ਪ੍ਰਵਾਹ ਨਹੀਂ ਕਰਦੇ, ਇਨ੍ਹਾਂ ਤੋਂ ਵੱਡੀਆਂ ਕੁਰਬਾਨੀਆਂ ਕੋਈ ਨਹੀਂ ਕਰ ਸਕਦਾ ਪਰ ਇਹ ਮੱਧਕਾਲੀ ਸਮਾਜ ਦੇ ਗੁਣ ਸਨ, ਆਧੁਨਿਕ ਸਮਾਜ ਵਿਚ ਕੰਮ ਆਉਣ ਵਾਲਾ ਚੱਜ-ਆਚਾਰ ਕਿੱਧਰੇ ਵੀ ਪੰਜਾਬੀਆਂ ਦਾ ਗੁਣ ਜਾਂ ਪਛਾਣ ਨਹੀਂ ਬਣਿਆ। ਜਿਵੇਂ ਕਿਸੇ ਵੱਲੋਂ ਬੂਹਾ ਖੜਕਾਉਣ ਦੇ ਢੰਗ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਕਿਹੋ-ਜਿਹਾ ਮਹਿਮਾਨ ਆਇਆ ਹੈ। ਜਿੱਥੇ ਵਿਹਾਰ ਸਾਊ ਹੋਵੇਗਾ, ਉੱਥੇ ਸ਼ਾਂਤੀ ਹੋਵੇਗੀ, ਉੱਥੇ ਵਪਾਰ ਵਧੇਗਾ, ਖ਼ੁਸ਼ਹਾਲੀ ਆਵੇਗੀ, ਰੁਜ਼ਗਾਰ ਵਧੇਗਾ। ਸਾਊ ਸਲੀਕੇ ਵਾਲੇ ਲੋਕ ਚੰਗੀਆਂ ਸਾਫ਼-ਸੁਥਰੀਆਂ ਆਦਤਾਂ ਦੇ ਧਾਰਨੀ, ਚੁੱਪ ਰਹਿਣੇ ਅਤੇ ਨਾਪ-ਤੋਲ ਕੇ ਬੋਲਣ ਵਾਲੇ ਹੁੰਦੇ ਹਨ। ਚੱਜ ਆਚਾਰ ਦਾ ਸੁਨਹਿਰੀ ਅਸੂਲ ਹੈ ਕਿ ਸੂਝਵਾਨਾਂ ਅੱਗੇ ਬੋਲਿਆ ਘੱਟ ਜਾਵੇ ਅਤੇ ਉਨਾਂ ਨੂੰ ਸੁਣਿਆ ਵਧੇਰੇ ਜਾਵੇ। ਅਲੋਚਨਾ ਉਸੇ ਦੀ ਕਰਨੀ ਚਾਹੀਦੀ ਹੈ, ਜਿਸ ਦੇ ਵਿਕਾਸ ਵਿਚ ਸਾਡੀ ਦਿਲਚਸਪੀ ਹੋਵੇ। ਸੰਸਾਰ ਦੇ ਗ਼ਰੀਬ ਦੇਸ਼ ਇਸ ਲਈ ਗ਼ਰੀਬ ਹਨ ਕਿਉਂਕਿ ਉਹ ਸਮੇਂ ਦੇ ਮਹੱਤਵ ਤੋਂ ਅਵੇਸਲੇ ਹਨ।

ਸਮੇਂ ਪ੍ਰਤੀ ਸਾਡੀ ਲਾਪ੍ਰਵਾਹੀ ਸਾਡੇ ਵਿਹਾਰ ਦਾ ਸਭ ਤੋ ਵੱਡਾ ਔਗੁਣ ਹੈ, ਜਿਸ ਵਿੱਚੋਂ ਝੂਠ ਬੋਲਣ , ਬਹਾਨੇ ਲਾਉਣ ਅਤੇ ਸੁਸਤ ਹੋਣ ਦੇ ਲੱਛਣ ਉਪਜਦੇ ਹਨ। ਜੇ ਅਸੀਂ ਗਲਤੀਆਂ ਮੰਨਦੇ ਜਾਈਏ ਤਾਂ ਸਾਡੇ ਵਿਚ ਵਿਕਾਸ ਵਾਪਰਦਾ ਹੈ। ਆਪਣੀਆਂ ਘਾਟਾਂ ਤੋਂ ਸ਼ਰਮਸਾਰ ਹੋਣ ਦੀ ਲੋੜ ਨਹੀਂ। ਸਗੋਂ ਦੱਸੋ ਕਿ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਕਿਵੇਂ ਅਤੇ ਕਿਹੋ-ਜਿਹੀ ਜੱਦੋ-ਜਹਿਦ ਕਰ ਰਹੇ ਹੋ। ਇਵੇਂ ਦੂਜੇ ਵੀ ਆਪਣੀਆਂ ਘਾਟਾਂ ਦੱਸਣਗੇ ਅਤੇ ਸਾਰੇ ਇਕ-ਦੂਜੇ ਦੇ ਸਹਿਯੋਗੀ ਹੋ ਨਿਬੜਨਗੇ। ਕਈ ਨਿਕੰਮੇ ਕਹਿੰਦੇ ਹਨ ਕਿ ਮੈਨੂੰ ਆਪਣਾ ਕੰਮ ਪਸੰਦ ਨਹੀਂ। ਜੇ ਪਸੰਦ ਨਹੀਂ ਤਾਂ ਅਸਤੀਫ਼ਾ ਦੇ ਦਿਉ। ਸਪਸ਼ਟ ਹੈ ਜੇ ਕੰਮ ਪਸੰਦ ਨਹੀਂ ਤਾਂ ਉਸ ਨੂੰ ਚੰਗੀ ਤਰ੍ਹਾਂ ਨਹੀਂ ਕੀਤਾ ਹੋਵੇਗਾ। ਇਵੇਂ ਹੀ ਜੋ ਕੰਮ ਸਾਨੂੰ ਚੰਗਾ ਲੱਗਦਾ ਹੈ, ਉਹ ਕਰਨਾ, ਨਾ ਕੁਰਬਾਨੀ ਹੁੰਦੀ ਹੈ, ਨਾ ਸੇਵਾ। ਜੇ ਘਰ ਵਿਚ ਧੀ ਨਾ ਹੋਵੇ ਤਾਂ ਪੁਰਸ਼ ਵਿਚ ਪਿਤਾ ਵਾਲੇ ਗੁਣ ਹੀ ਨਹੀਂ ਉਪਜਦੇ। ਲੋੜ ਹੈ ਕਿ ਅਸੀਂ ਆਪਣੇ ਆਪ ਨੂੰ ਚੰਗੇ-ਆਚਾਰ ਦੇ ਜ਼ੋਰ ਨਾਲ ਉੱਚਾ ਚੁੱਕੀਏ, ਕਿਸੇ ਦੀ ਉਡੀਕ ਕਰਨ ਦੀ ਲੋੜ ਨਹੀਂ ਇਹ ਹੰਭਲਾ ਸਾਨੂੰ ਆਪ ਹੀ ਮਾਰਨਾ ਪਵੇਗਾ, ਨਹੀਂ ਤਾਂ ਪੱਛੜ ਕੇ ਅਸੀਂ ਆਪਣੇ-ਆਪ ਨੂੰ ਹਾਕਾਂ ਮਾਰਦੇ ਰਹਾਂਗੇ।

ਮੋਬਾਈਲ : 98158-80434

# ਮੇਰੀ ਨਾਵਲ ਸਿਰਜਣ ਪ੍ਰਕਿਰਿਆ

ਸਿਰਜਣ ਪ੍ਰਕਿਰਿਆ ਨੂੰ ਪਰਿਭਾਸ਼ਿਤ ਕਰਨਾ ਤੇ ਵਿਆਖਿਆਉਣਾ ਔਖੈ। ਇਹ ਅਜਿਹਾ ਸਹਿਜਬੋਧ ਹੈ ਜੋ ਭਾਸ਼ਾ ਤੋਂ ਪਰ੍ਹੇ ਹੈ ਪਰ ਕਮਾਲ ਹੈ ਕਿ ਇਹ ਭਾਸ਼ਾ ਰਾਹੀਂ ਹੀ ਪ੍ਰਗਟ ਹੁੰਦੈ। ਹੈਨਰੀ ਬਰਗਸਾਂ ਕਹਿੰਦੈ ਕਿ ਸਹਿਜਬੋਧ ਸਿਮਰਤੀ ਹੈ, ਪ੍ਰਤੱਖਣ ਨਹੀਂ। ਬੰਦੇ ਨੇ ਜੋ ਜੀਵਿਆ, ਪੜ੍ਹਿਆ, ਸਮਝਿਆ ਤੇ ਹੰਢਾਇਆ ਹੁੰਦੈ ਓਹੀ ਕਾਲਿਕ-ਮਿਆਦ 'ਚ ਉਸ ਦਾ ਵਿਹਾਰ ਬਣਦਾ। ਸਿਰਜਣਾ, ਇਸ ਵਿਹਾਰ ਦਾ ਪ੍ਰਗਟਾਵਾ ਹੈ। ਇਹ ਸ਼ਾਬਦਿਕ ਵੀ ਹੁੰਦੈ ਤੇ ਨਿਸ਼ਬਦ ਵੀ।

'ਨਿਰਵਾਣ' ਮੇਰਾ ਪਹਿਲਾ ਨਾਵਲ ਹੈ। ਮੈਂ ਜੋ ਪਿਛਲੇ ਕੁਝ ਵਰ੍ਹਿਆਂ 'ਚ ਜੀਵਿਆ, ਪੜ੍ਹਿਆ ਤੇ ਹੰਢਾਇਆ ਓਹੀ ਯਥਾਰਥ, ਗਲਪੀ ਬਿਰਤਾਂਤ ਰਾਹੀਂ 'ਨਿਰਵਾਣ' ਦੇ ਪਾਠ ਰੂਪ 'ਚ ਪਾਠਕਾਂ ਦੇ ਸਾਹਮਣੇ ਆਇਆ। ਯਥਾਰਥ ਤੇ ਗਲਪ ਵਿਚਲਾ ਫ਼ਰਕ ਉਵੇਂ ਹੀ ਹੁੰਦੈ ਜਿਵੇਂ ਸ਼ੀਸ਼ੇ ਵਿਚਲਾ ਬਿੰਬ। ਬਿੰਬ ਸ਼ੀਸ਼ੇ ਮੂਹਰੇ ਖੜ੍ਹੀ ਹੋਂਦ ਨਹੀਂ ਭਾਵੇਂ ਕਿ ਬਿੰਬ ਤੇ ਹੋਂਦ ਇੱਕੋ ਜਿਹੇ ਨੇ ਪਰ ਦੋਹਾਂ 'ਚ ਅੰਤਰ ਹੈ। ਇਹ ਅੰਤਰ ਹੈ ਜੀਵੰਤਤਾ ਤੇ ਦੇਸ਼-ਕਾਲ ਦਾ।

ਦੋਸਤੋਵਸਕੀ ਨੇ ਇਕ ਵਾਰ ਵਾਰਵਾਰਾ ਨੂੰ ਕਿਹਾ ਕਿ ਮੇਰੀ ਇਕ ਗੱਲ ਯਾਦ ਰੱਖੀਂ। ਕਹਾਣੀਆਂ ਤੇ ਪਲਾਟ ਮਨੋਂ ਨਾ ਘੜ੍ਹੀਂ। ਉਹ ਕੁਝ ਲਿਖੀਂ ਜੋ ਜ਼ਿੰਦਗੀ ਦਿੰਦੀ ਹੈ। ਜੋ ਜੀਵੰਤ ਹੈ। ਜ਼ਿੰਦਗੀ ਸਾਰੀਆਂ ਕਲਪਣਾਵਾਂ ਤੋਂ ਕਿਤੇ ਵਧ ਅਮੀਰ ਹੈ। ਆਮ ਸਧਾਰਣ ਬੰਦਿਆਂ ਦੀ ਜ਼ਿੰਦਗੀ ਜੋ ਸਾਨੂੰ ਦਿੰਦੀ ਹੈ, ਕੋਈ ਵੀ ਕਲਪਣਾ ਅਜਿਹਾ ਕੁਝ ਈਜ਼ਾਦ ਨਹੀਂ ਕਰ ਸਕਦੀ। ਜ਼ਿੰਦਗੀ ਦਾ ਸਤਿਕਾਰ ਕਰੀਂ। ਪਰ ਇਸ ਦਾ ਇਹ ਭਾਵ ਨਹੀਂ ਕਿ ਸਾਹਿਤ ਸੁਧਾ ਸੱਚ ਹੁੰਦਾ ਹੈ। ਸਾਹਿਤ ਗਲਪ ਹੁੰਦਾ ਜੋ ਸਾਨੂੰ ਸੱਚ ਨੂੰ ਪਛਾਣਨ ਦੇ ਕਾਬਿਲ ਬਣਾਉਂਦੈ। ਘੱਟੋ ਘੱਟ ਅਜਿਹਾ ਸੱਚ ਜੋ ਪਾਠਕ ਨੂੰ ਸਮਝਣ ਲਈ ਦਿੱਤਾ ਜਾਂਦੈ। ਲੇਖਕ ਨੂੰ ਅਵੱਸ਼ ਹੀ ਉਨ੍ਹਾਂ ਤਰੀਕਿਆਂ ਤੇ ਸਮਝ ਦਾ ਪਤਾ ਹੋਣਾ ਚਾਹੀਦਾ ਜੋ ਉਸ ਦੀਆਂ ਗਲਪ ਰਚਨਾਵਾਂ ਦੀ ਸੱਚਾਈ ਨੂੰ ਪਾਠਕ ਨੂੰ ਕਾਇਲ ਕਰਨ ਦੇ ਯੋਗ ਬਣਾਉਣ।

ਮੂਲ ਰੂਪ 'ਚ ਮੈਂ ਕਵੀ ਹਾਂ। ਮੇਰੇ ਲਈ ਕਾਵਿਕਾਰੀ ਦਾ ਭਾਵ ਏ, ਸ਼ਬਦ ਦੀ ਪੂਰਣਤਾ ਨੂੰ ਪਾਉਣਾ। ਦਿੱਸਦਾ ਸ਼ਬਦ ਪੂਰਣ ਨਹੀਂ। ਸ਼ਬਦ ਦੀ ਪੂਰਣਤਾ, ਸ਼ਬਦ ਦੇ ਪਾਰ ਹੈ, ਅਦਿੱਖ। ਕਈ ਵਾਰ ਓਸ ਤੋਂ ਵੀ ਪਰ੍ਹਾਂ। ਸ਼ਬਦਾਂ ਤੋਂ ਪਾਰ ਦੇ ਅਧਿਆਤਮ ਨੂੰ ਪ੍ਰਾਪਤ/ਦਿੱਸਦੀ ਸ਼ਬਦ-ਸਮਰੱਥਾ ਤੋਂ ਪਰ੍ਹਾਂ ਜਾ ਕੇ ਫੜਨਾ, ਕਵਿਤਾ ਹੈ। ਨਿਰਉਚੇਚ। ਸਹਿਜ ਭਾਵ। ਸਹਿਜ ਹੀ ਸਿਰਜਣਾ ਏ। ਇਸ ਸਿਰਜਣ 'ਚ ਹੀ ਜਿਊਣ ਹੈ। ਇਹ ਹੀ ਜੀਵਨ-ਮਰਨ...!

ਮੇਰੀ ਕਵਿਤਾ ਤੋਂ ਨਾਵਲ ਦੀ ਯਾਤਰਾ ਬਾਰੇ ਮੈਂ 'ਨਿਰਵਾਣ' ਦੀ ਭੂਮਿਕਾ 'ਚ ਹੀ ਲਿਖਿਆ ਹੈ, 'ਭਾਸ਼ਾ ਦੀ ਕੁਦਾਲ ਨਾਲ ਕਿਸੇ ਨੇ ਧਰਤੀ ਪੁੱਟਣੀ ਸ਼ੁਰੂ ਕੀਤੀ ਤਾਂ ਵਿੱਚੋਂ ਇਕ ਹੋਰ ਕੁਦਾਲ ਨਿਕਲ ਆਈ। ਇਹੋ ਉਹੋ ਕੁਦਾਲ ਸੀ ਜਿਸ ਨਾਲ ਕਿਸੇ ਨੇ ਭਾਸ਼ਾ ਦੀ ਕੁਦਾਲ ਲੱਭੀ ਸੀ। ਮੇਰੀ ਕਵਿਤਾ ਤੋਂ ਨਾਵਲ ਵੱਲ ਦੀ ਭਾਲ ਵੀ ਕੁਝ ਇਹੋ ਜਿਹੀ ਰਹੀ...'।

ਮੈਂ ਆਪਣੀ ਨੌਕਰੀ ਦੇ ਸਿਲਸਿਲੇ 'ਚ ਜਿਨ੍ਹਾਂ ਇਲਾਕਿਆਂ, ਸਮਾਜਾਂ 'ਚ ਵਿਚਰਿਆਂ ਓਥੇ ਮੈਂ ਬੁੱਧ ਧਰਮ ਤੇ ਫ਼ਲਸਫ਼ੇ ਨੂੰ ਕੋਲੋਂ ਡਿੱਠਾ ਤੇ ਪੜ੍ਹਿਆ ਵੀ। ਬੁੱਧ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਤੇ ਅਮਲੀ ਰੂਪ 'ਚ ਜਿਊਣ ਦਾ ਯਤਨ ਵੀ ਕੀਤਾ। ਬੋਧ ਗਯਾ, ਜਿੱਥੇ ਬੁੱਧ ਨੂੰ ਨਿਰਵਾਣ ਪ੍ਰਾਪਤ ਹੋਇਆ ਓਥੇ ਮੈਂ ਆਪਣੀ ਨੌਕਰੀ ਦੇ ਸਬੰਧ 'ਚ ਮਾਓਵਾਦੀ ਲਹਿਰ ਨੂੰ ਲਾਗਿਓਂ ਤੱਕਿਆ। ਮਾਰਕਸੀ ਵਿਚਾਰਧਾਰਾ ਤੇ ਮਾਓ ਦੇ ਅਮਲਾਂ ਬਾਰੇ ਮੈਂ ਨਿੱਠ ਕੇ ਅਧਿਐਨ ਕੀਤਾ ਤੇ ਸਮਝਣ ਦੀ ਕੋਸ਼ਿਸ਼ ਵੀ ਕੀਤੀ। ਮਾਓਵਾਦੀ ਲਹਿਰ ਦੇ ਲੋਕ ਵਿਹਾਰ ਤੇ ਸਿਧਾਂਤਕਤਾ ਵਿਚਲੇ ਖੱਪੇ ਨੂੰ ਮਹਿਸੂਸ ਕੀਤਾ। ਜਦੋਂ ਕਦੀ ਨਕਸਲੀ ਜਾਂ ਰਣਬੀਰ ਸੈਨਾ ਦੀ ਹਿੰਸਾ-ਪ੍ਰਤੀਹਿੰਸਾ ਦੀਆਂ ਘਟਨਾਵਾਂ ਦੇ ਮੌਕੇ ਦੀ ਜਾਂਚ ਕਰ ਕੇ ਪਰਤਦਾ ਤਾਂ ਰਾਹ 'ਚ ਪੈਂਦੇ ਬੋਧ ਗਯਾ ਮੱਠ ਕੋਲ ਰੁਕ ਜਾਂਦਾ। ਬੋਧੀ ਬਿਰਖ ਹੇਠ ਬੈਠ ਇਸ ਮਾਨਵੀ ਹੋਣੀ ਤੇ ਵਿਡੰਭਨਾ 'ਤੇ ਮਨਨ ਕਰਦਾ। ਕੁਝ ਵਰ੍ਹਿਆਂ ਬਾਅਦ ਮੇਰੀ ਬਦਲੀ ਲੇਹ ਹੋ ਗਈ ਜੋ ਬੁੱਧ ਦੇ ਪੈਰੋਕਾਰਾਂ ਦੀ ਧਰਤੀ ਹੈ। ਇੱਥੇ ਮੈਂ ਬੋਧੀ ਮੱਠਾਂ 'ਚ ਅਕਸਰ ਜਾਂਦਾ। ਬੋਧੀ ਭਿਖਸ਼ੂਆਂ ਦੀ ਸੰਗਤ 'ਚ ਵਿਚਰਦਾ। ਬੁੱਧ ਦਰਸ਼ਨ ਅਤੇ ਵਿਚਾਰਾਂ 'ਤੇ ਗੋਸ਼ਟਿ ਹੁੰਦਾ।

ਬੁੱਧ ਦੇ ਫ਼ਲਸਫ਼ੇ ਦੇ ਨਾਲ ਨਾਲ ਭਾਰਤੀ ਦਰਸ਼ਨ ਤੇ ਗਿਆਨ ਸ਼ਾਸਤਰ ਨੂੰ ਮੈਂ ਆਪਣੇ ਅੰਦਰਲੀਆਂ ਜਿਗਿਆਸਾਵਾਂ ਦੇ ਜਵਾਬ ਲੱਭਣ ਲਈ ਪੜ੍ਹਦਾ। ਵੇਦਾਂਤ 'ਚ ਉਪਨਿਸ਼ਦਾਂ ਤੇ ਪੁਰਾਣਾਂ ਦਾ ਅਧਿਐਨ ਕਰਦਾ। ਮਿਥਿਹਾਸ ਇਤਿਹਾਸ ਨੂੰ ਫਰੋਲਦਾ। ਮੈਂ ਹੋਰ ਪੜ੍ਹਦਾ। ਧਾਰਣਾਵਾਂ ਧਿਆਉਂਦਾ। ਸਮਾਧੀ ਲਾਉਂਦਾ। ਧਿਆਨ ਯੋਗ ਦੀ ਭਾਲ ਕਰਦਾ। ਹੋਰ ਭਟਕਦਾ। ਫਿਰ ਧਿਆਨ ਦੀ ਸ਼ਰਣ ਲੈਂਦਾ। ਫਿਰ ਭਟਕਦਾ। ਇਸ ਭਟਕਣ ਨਾਲ 'ਨਿਰਵਾਣ' ਦਾ ਸਿਰਜਣ ਹੋਰ ਤੀਬਰ ਹੁੰਦਾ।

ਇਸ ਦੇ ਨਾਲ ਨਾਲ ਆਪਣੀ ਨੌਕਰੀ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਦੇਸ਼ ਦੀਆਂ ਰਾਜਨੀਤਕ ਤੇ ਸੱਤਾ ਸੰਰਚਨਾਵਾਂ ਦੇ ਸੂਖ਼ਮ ਪਾਸਾਰਾਂ ਨੂੰ ਪਛਾਣਨ ਦੀ ਕੋਸ਼ਿਸ਼ ਕਰਦਾ। ਇਸ ਪ੍ਰਕਿਰਿਆ 'ਚ ਮੇਰੀ ਇਹ ਸਮਝ ਪੈਦਾ ਹੋਈ ਕਿ ਵੇਦਾਂਤ ਤੇ ਉਸ ਦੇ ਬ੍ਰਾਹਮਣੀ ਸੰਕਲਪਾਂ ਨੇ ਬੁੱਧ ਮੱਤ ਤੇ ਹੋਰ ਭਾਰਤੀ ਗਿਆਨ ਪਰੰਪਰਾਵਾਂ ਭਾਵ (ਪਦਾਰਥਕ, ਪ੍ਰਕਿਰਤਕ ਤੇ ਸ਼ੂੰਨਯਵਾਦੀ) ਨੂੰ ਆਪਣੀ ਸੱਤਾ ਨੂੰ ਬਣਾਏ ਰੱਖਣ ਲਈ ਮਾਇਆ ਤੇ ਬ੍ਰਹਮ ਦੀ ਖੇਡ ਨਾਲ ਮੂਲੋਂ ਹੀ ਜੜੋਂ ਉਖਾੜ ਦਿੱਤਾ ਤੇ ਲੋਕਾਈ ਨੂੰ ਆਪਣੇ ਮਗਰ ਲਾ ਲਿਆ। ਸਾਰਾ ਭਾਰਤ ਵੇਦਾਂਤਮਈ ਹੋ ਗਿਆ। ਸ਼ੰਕਰਾਚਾਰਯ ਦੀ ਇਸ 'ਚ ਮੁੱਖ ਭੂਮਿਕਾ ਸੀ। ਇਸ ਦੇ ਨਾਲ ਨਾਲ ਵਰਤਮਾਨ ਦੌਰ 'ਚ ਰਾਜਨੀਤਕ ਸੱਤਾ ਕੋਲ ਲੋਕਤੰਤਰ ਇਕ ਅਜਿਹਾ ਸੰਦ ਹੈ ਜਿਸ ਨਾਲ ਉਹ ਆਪਣੇ ਆਪ ਨੂੰ ਬਣਾਏ ਰੱਖਣ ਲਈ ਹਰ ਖੇਡ ਖੇਲ੍ਹਦੀ ਹੈ। ਮੈਨੂੰ ਭਾਰਤੀ ਇਤਿਹਾਸ ਤੇ ਗਿਆਨ ਦੇ ਪਰਿਪੇਖ ਨੇ ਕਾਲਾਂਤਰ 'ਚ ਪਏ ਇਨ੍ਹਾਂ ਦੋਹਾਂ ਦੌਰਾਂ 'ਚ ਸਮਾਨਾਂਤਰਤਾ ਦਿਸੀ। ਇਸੇ ਸਮਾਨਾਂਤਰਤਾ ਨੂੰ ਮੈਂ ਇਕ ਹਜ਼ਾਰ ਸਾਲ ਦੇ ਅੰਤਰਾਲ 'ਚ ਦੋ ਪਾਤਰਾਂ ਆਨੰਦ ਤੇ ਮਿਲਿੰਦ ਦੇ ਬਿਰਤਾਂਤ ਰਾਹੀਂ ਪੇਸ਼ ਕੀਤਾ। ਮਿਲਿੰਦ ਬੁੱਧ ਦੇ ਨਾਲ ਨਾਲ ਭਾਰਤੀ ਗਿਆਨ ਸ਼ਾਸਤਰ ਤੇ ਦਰਸ਼ਨ ਦਾ ਵਿਦਿਆਰਥੀ ਹੈ। ਆਨੰਦ ਮਾਓਵਾਦੀ ਤਨਜ਼ੀਮ ਦਾ ਕਾਰਕੁੰਨ ਜੋ ਆਪਣੇ ਆਦਰਸ਼ਾਂ 'ਚ ਬੱਝਾ ਹੈ ਅਤੇ ਪਾਰਟੀ ਨੂੰ ਤਨੋਂ-ਮਨੋਂ ਸਮਰਪਿਤ ਹੈ। ਦੋਵੇਂ ਹੀ ਆਪਣੇ ਜੀਵਨ ਦੇ ਤਣਾਵਾਂ ਦੀ ਸ਼ਰਣ ਪ੍ਰੇਮ 'ਚੋਂ ਤਲਾਸ਼ਦੇ ਹੋਏ ਲੰਮੀਆਂ ਯਾਤਰਾਵਾਂ/ਰੂਟਸ ਦੀ ਉੱਭ ਤੋਂ ਬਾਅਦ ਆਪਣੀਆਂ ਜੜ੍ਹਾਂ/ਰੂਟਸਵੱਲ ਮੁੜਦੇ ਨੇ। ਵਰਜਣਾਵਾਂ ਤੋੜ ਕੇ ਮੁਕਤ ਹੋਣਾ ਲੋਚਦੇ ਨੇ। ਦੋਹਾਂ ਨੂੰ ਮੁਕਤੀ ਦੀ ਟੋਹ ਪ੍ਰੇਮ 'ਚੋਂ ਮਿਲਦੀ ਹੈ। ਦੋਵੇਂ ਪ੍ਰੇਮਮਈ ਹੋ ਆਪਣੇ ਪ੍ਰੇਮ ਦੀ ਸੰਪੂਰਣਤਾ, ਸਿਰਜਣਾ ਦੀ ਟੇਕ 'ਚੋਂ ਭਾਲਦੇ ਨੇ। ਮਿਲਿੰਦ ਦੀ 'ਕਮਲਾ' ਬੁੱਧ ਦੀਆਂ ਧਾਰਣਾਵਾਂ ਨੂੰ ਪ੍ਰਚਾਰ ਕੇ ਤੇ ਆਨੰਦ ਦੀ 'ਪੰਕਜਾ' ਕਵਿਤਾ ਦੀ ਸਿਰਜਣਾ ਕਰਕੇ। ਆਨੰਦ ਤੇ ਮਿਲਿੰਦ ਉਨ੍ਹਾਂ ਦੀ ਸਿਰਜਣਾ ਦੇ ਨਾਲ ਨਾਲ ਖਲੋਂਦੇ ਹਨ। 'ਨਿਰਵਾਣ' ਦਾ ਪੋਸਟ ਸਕਰਿਪਟ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਿਖਸ਼ੂ ਮਿਲਿੰਦ ਤੇ ਕਮਲਾ ਦੀ ਅਣਸ ਕਾਲਾਂਤਰ 'ਚ ਕਿਸੇ ਨਾ ਕਿਸੇ ਸਿਰਜਣਾਤਮਕ ਵਿਹਾਰ ਨਾਲ ਜੁੜੀ ਰਹੀ। ਕੋਈ ਗਿਆਨ ਦੇ ਰਾਹ ਪਿਆ ਤੇ ਕੋਈ ਧਿਆਨ ਦੇ। ਜਿਗਿਆਸਾਵਾਂ ਤੇ ਨਿਵਰਿਤੀਆਂ ਦਾ ਸਿਲਸਿਲਾ ਜਾਰੀ ਰਿਹਾ। ਅੰਤ ਆਨੰਦ ਤੇ ਪੰਕਜਾ ਵੀ ਆਪਣਾ ਉਦੇਸ਼ ਸਿਰਜਣ ਤੇ ਸਮਰਪਿਣ ਨੂੰ ਮਿੱਥਦੇ ਹਨ। ਇਸ ਉਦੇਸ਼ ਲਈ ਸਮਰਪਿਤ ਸੰਘਰਸ਼ ਜਾਰੀ ਹੈ। ਇਸੇ ਕਰਕੇ 'ਨਿਰਵਾਣ' ਦੇ ਅਖ਼ੀਰ 'ਚ ਆਉਂਦੈ, 'ਇਹ ਅੰਤ ਨਹੀਂ'।

ਨਿੱਜੀ ਜੀਵਨ 'ਚ ਕਈ ਅਜਿਹੇ ਪ੍ਰੇਮ ਅਨੁਭਵਾਂ, ਹੋਏ-ਅਣਹੋਏ ਪਰਕੀਆ ਸਬੰਧਾਂ ਨੇ ਮੇਰੀ ਜ਼ਿੰਦਗੀ ਦੇ ਵੱਡੇ ਦੌਰ ਨੂੰ ਪ੍ਰਭਾਵਿਤ ਕੀਤਾ। ਹਜ਼ਾਰੀ ਪ੍ਰਸਾਦ ਦਿਵੇਦੀ ਨੇ 'ਅਨਾਮ ਦਾਸ ਕਾ ਪੋਥਾ' 'ਚ ਲਿਖਿਆ ਕਿ ਇਸਤਰੀ ਵੱਲ ਆਕਰਸ਼ਿਤ ਹੋਣਾ ਕਾਮ ਹੈ ਪਰ ਉਸ ਉੱਪਰ ਆਪਣਾ ਆਪ ਨਿਛਾਵਰ ਕਰ ਦੇਣਾ ਪ੍ਰੇਮ ਹੈ। ਕਾਮ ਅਧਿਆਤਮਕ ਵਿਕਾਸ ਦਾ ਬਾਧਕ ਹੈ ਜਦੋਂ ਕਿ ਪ੍ਰੇਮ ਉਸ ਦਾ ਉਨਨਾਯਕ ਹੈ। ਇਸਤਰੀ ਪੁਰਸ਼ ਸਬੰਧ ਤਿੰਨ ਪ੍ਰਕਾਰ ਦੇ ਹੁੰਦੇ ਨੇ। ਇਕ ਹੈ ਕਾਮ ਤੋਂ ਪੈਦਾ ਸਬੰਧ ਜੋ ਧਰਮ ਸੰਗਤ ਨਹੀਂ। ਦੂਸਰਾ ਜੋ ਧਰਮ ਸੰਗਤ ਹੈ, ਇਸ ਨੂੰ ਇਹ ਸ਼ਾਸਤਰਾਂ 'ਚ ਵਿਆਹ ਕਹਿੰਦੇ ਨੇ। ਤੀਸਰਾ ਹੈ ਉਦਵਾਹ। ਇਸ 'ਚ ਪਤੀ ਪਤਨੀ ਨੂੰ ਅਤੇ ਪਤਨੀ ਪਤੀ ਨੂੰ ਉਮਰ ਭਰ ਵਹਨ ਕਰਦੀ ਹੈ ਅਰਥਾਤ ਪ੍ਰਸਪਰ ਦੀ ਅਧਿਆਤਮਕ ਚੇਤਨਾ ਨੂੰ ਨਿਖਾਰਦੀ ਹੈ। ਵਿਆਹ 'ਚ ਪਣਿਗ੍ਰਹਿਣ ਦਾ ਵਿਧਾਨ ਹੈ ਜਦੋਂ ਕਿ ਉਦਵਾਹ 'ਚ ਉਪੋਦਗ੍ਰਹਿਣ ਹੁੰਦਾ ਹੈ। ਇਹ ਗ੍ਰਹਿਣ ਪਣਿ ਦਾ ਨਹੀਂ ਮੁਖ ਤੇ ਮਨ ਦਾ ਹੁੰਦੈ। ਮਾਨਸਿਕ ਹੁੰਦਾ। ਭਾਵਨਾਵਾਂ ਦਾ ਹੁੰਦਾ। ਮਿਲਿੰਦ ਤੇ ਕਮਲਾ ਅਤੇ ਆਨੰਦ ਤੇ ਪੰਕਜਾ ਦਾ ਪ੍ਰੇਮ ਵਿਹਾਰ ਕੁਝ ਇਸੇ ਨੌਈਅਤ ਦਾ ਹੈ ਜੋ ਕਿ 'ਨਿਰਵਾਣ' ਦੇ ਪਾਠ 'ਚ ਆਰ ਪਾਰ ਫ਼ੈਲਿਆ ਹੈ।

ਮੇਰਾ ਮੰਨਣਾ ਹੈ ਕਿ ਭਾਰਤੀ ਸੰਸਕ੍ਰਿਤੀ ਤੇ ਸਮਾਜਿਕਤਾ 'ਚ ਇਨ੍ਹਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜਾਤ ਤੇ ਵਰਣ ਅਜਿਹਾ ਵਰਤਾਰਾ ਹੈ ਕਿ ਜਿੰਨੇ ਮਰਜ਼ੀ ਸੁੰਦਰ ਗਹਿਣੇ ਪਹਿਨ ਲਵੋ ਇਹ ਕੋਹੜ ਛੁਪਾਇਆਂ ਵੀ ਨਹੀਂ ਛੁਪਦਾ। ਮੈਂ ਦਲਿਤ ਗਿਆਨ ਸ਼ਾਸਤਰ ਨੂੰ ਵੀ ਪੜ੍ਹਿਆ। ਜੋਤਿਬਾ ਫੂਲੇ ਦੇ ਵਿਚਾਰਾਂ ਨੇ ਮੈਨੂੰ ਪ੍ਰਭਾਵਿਤ ਕੀਤਾ ਕਿ ਲੋਕਾਈ ਦਾ ਭਲਾ ਗਿਆਨਵਾਨ ਹੋਣ 'ਚ ਹੀ ਹੈ।

ਪਰ ਮੈਨੂੰ ਮਹਿਸੂਸ ਹੁੰਦਾ ਸੀ ਕਿ ਮੈਂ ਇਨ੍ਹਾਂ ਮੀਮਾਸਾਵਾਂ ਤੇ ਅਨੁਭਵਾਂ ਦੇ ਸੂਖ਼ਮ ਤੇ ਉਦਾਤ ਪੱਖਾਂ ਨੂੰ ਤਾਂ ਕਵਿਤਾ 'ਚ ਪ੍ਰਗਟ ਕਰ ਪਾ ਰਿਹਾ। ਇਨ੍ਹਾਂ ਦੀ ਬਹੁਵੰਦਤਾ/ਬਹੁਧੁਨੀ ਤੇ ਵਨਸੁਵੰਨਤਾ ਕਵਿਤਾ 'ਚ ਵਿਅਕਤ ਨਹੀਂ ਹੋ ਰਹੀ। ਰੂਸੀ ਵਿਦਵਾਨ ਮਿਖੇਲ ਬਾਖ਼ਤਿਨ ਇਸ ਨੂੰ ਹੈਟਰੋਗਲੋਸੀਆ ਤੇ ਪੋਲੀਫੋਨੀ ਕਹਿੰਦਾ ਹੈ। ਉਸ ਦਾ ਵਿਚਾਰ ਹੈ ਕਿ ਨਾਵਲ ਦੀ ਵਿਧਾ ਲਈ ਇਨ੍ਹਾਂ ਤੱਤਾਂ ਦਾ ਗਲਪ ਸਿਰਜਣ ਪ੍ਰਕਿਰਿਆ 'ਚ ਹੋਣਾ ਜ਼ਰੂਰੀ ਹੈ। ਬਾਖ਼ਤਿਨ ਦੇ ਸੰਵਾਦ ਦੇ ਸੰਕਲਪ, ਮਾਰਤਿਨ ਬੂਬਰ ਦੇ ਦੂਜੇ/ਪਰ, ਇਮੈਨੂਅਲ ਲੈਵੀਨਾਸ ਦੇ ਪਰਤਾ ਅਤੇ ਹੈਨਰੀ ਬਰਗਸਾਂ ਦੇ ਸਹਿਜਬੋਧ ਤੇ ਨੈਤਿਕਤਾ ਦੇ ਸੰਕਲਪਾਂ ਨੇ ਵੀ ਮੇਰੀ ਸਮਝ ਨੂੰ ਨਿਖਾਰਿਆ। ਇਸ ਸਿਧਾਂਤਕਤਾ ਦੇ ਪਿਠਭੂਮਨ 'ਚ ਮੈਂ 'ਨਿਰਵਾਣ' ਦਾ ਗਲਪੀ ਬਿਰਤਾਂਤ ਸਿਰਜਣ ਦੀ ਚੇਸ਼ਟਾ ਕੀਤੀ ਪਰ ਭਾਸ਼ਾ ਦੀ ਖ਼ੂਬਸੂਰਤੀ ਦੇਖੋ ਕਿ ਕਵਿਤਾ ਫਿਰ ਵੀ ਮੇਰੇ ਨਾਲ ਨਾਲ ਹੀ ਰਹੀ। ਮੈਂ ਆਪ ਹੈਰਾਨ ਹਾਂ। ਭਾਸ਼ਾ ਦੀ ਅਦਭੁੱਤਤਾ ਬਾਰੇ ਜਲਾਲੂਦੀਨ ਰੂਮੀ ਲਿਖਦਾ ਹੈ ਕਿ ਇਹ ਹਮੇਸ਼ਾ ਹੁੰਦਾ ਹੈ, ਜਦੋਂ ਮੈਂ ਕਵਿਤਾ ਲਿਖ ਕੇ ਹੱਟਦਾ ਹਾਂ ਤਾਂ ਇਕ ਮਹਾਨ ਚੁੱਪ ਮੈਨੂੰ ਘੇਰ ਲੈਂਦੀ ਹੈ ਤੇ ਮੈਂ ਹੈਰਾਨ ਹੁੰਦਾ ਹਾਂ ਕਿ ਕਿਉਂ ਮੈਂ ਭਾਸ਼ਾ ਦੀ ਵਰਤੋਂ ਬਾਰੇ ਸੋਚਿਆ ।

ਆਪਣੀ ਦੇਹ, ਮਨ ਤੇ ਮਸਤਿਕ 'ਤੇ ਹੰਢਾਏ ਇਨ੍ਹਾਂ ਸਾਰੇ ਸੱਚਾਂ/ਮਿੱਥਕਾਂ ਨੂੰ ਪ੍ਰਗਟਾਉਣ ਲਈ ਮੈਨੂੰ ਨਾਵਲ ਵਿਧਾ ਮਾਫ਼ਕ ਲੱਗੀ। ਮੈਂ ਲਿਖਦਾ ਬਹੁਤ ਘੱਟ ਹਾਂ। ਪੜ੍ਹਨ ਵੱਲ ਵਧ ਧਿਆਨ ਦਿੰਦਾਂ। ਕਿਉਂ ਕਿ ਟਾਲਸਟਾਏ ਦੀ ਇਕ ਗੱਲ ਮੇਰੇ ਮਨ 'ਚ ਬੈਠੀ ਹੋਈ ਹੈ। ਟਾਲਸਟਾਏ ਕਹਿੰਦਾ ਹੈ ਕਿ ਜੇਕਰ ਮੈਂ ਦੱਸ ਸਾਲ ਨਾ ਲਿਖਾਂ ਤਾਂ ਮੈਨੂੰ ਕੋਈ ਪਾਪ ਬੋਧ ਨਹੀਂ ਹੁੰਦਾ ਪਰ ਪੜ੍ਹਨਾ ਮੇਰੇ ਲਈ ਹਰ ਰਾਤ ਜ਼ਰੂਰੀ ਹੈ।

'ਨਿਰਵਾਣ' ਮੈਂ ਸਤਾਰਾਂ ਸਾਲ ਪਹਿਲਾਂ ਲਿਖਣਾ ਸ਼ੁਰੂ ਕੀਤਾ। ਇਸ ਸਦੀ ਦੇ ਸ਼ੁਰੂਆਤੀ ਦਿਨਾਂ 'ਚ। ਮੇਰਾ ਮੰਨਣਾ ਹੈ ਕਿ ਸਿਰਜਣਾ ਦੌਰਾਨ ਲਿਖਣਾ ਓਨਾਂ ਮਹੱਤਵਪੂਰਣ ਨਹੀਂ ਹੁੰਦਾ ਜਿੰਨਾ ਨਾ-ਲਿਖਣਾ। ਬੰਗਾਲੀ ਨਾਵਲਕਾਰ ਸ਼ਰਤ ਚੰਦਰ ਚੈਟਰਜੀ ਨੇ ਇਕ ਵਾਰ ਦੂਜੇ ਬੰਗਾਲੀ ਨਾਵਲਕਾਰ, ਦਲੀਪ ਕੁਮਾਰ ਰਾਏ ਨੂੰ ਕਿਹਾ ਸੀ ਕਿ ਤੂੰ ਲਿਖਣਾ ਤਾਂ ਜਾਣਦੈਂ ਪਰ ਨਾ-ਲਿਖਣਾ ਨਹੀਂ। ਇਸ ਲਈ ਲਿਖਣ ਨਾਲੋਂ ਵਧ ਮੈਂ ਪੜ੍ਹਦਾ ਜ਼ਿਆਦਾ। ਮਨਨ ਵਧ ਕਰਦਾਂ। ਕਈ ਪ੍ਰਸ਼ਨ ਤੇ ਜਿਗਿਆਸਾਵਾਂ ਮਨ 'ਚ ਉਠਦੀਆਂ ਤੇ ਮੈਂ ਉਨ੍ਹਾਂ ਦੇ ਜਵਾਬ ਲੱਭਣ ਲਈ ਅਧਿਐਨ ਦਾ ਸਹਾਰਾ ਲੈਂਦਾ।

ਮੇਰੇ ਮਨ 'ਚ ਨਾਵਲੀ ਵਿਧਾ ਤੇ ਸਿਧਾਂਤ ਬਾਰੇ ਇਕ ਗੱਲ ਬੈਠੀ ਸੀ ਕਿ ਨਾਵਲ ਮਹਿਜ਼ ਕਥਾ ਕਹਾਣੀ ਤੇ ਘਟਨਾਵਾਂ-ਬੰਦਿਆ ਦਾ ਬਿਰਤਾਂਤ ਨਹੀਂ ਹੁੰਦਾ। ਨਾਵਲ ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਕੁਝ ਹੁੰਦਾ। ਰੂਜ਼ਵੈਲਟ ਨੇ ਇਕ ਵਾਰ ਕਿਹਾ ਸੀ, ਉਚੀ ਸੋਚ ਵਾਲੇ ਵਿਚਾਰਾਂ ਦੀ ਗੱਲ ਕਰਦੇ ਨੇ, ਔਸਤ ਸੋਚ ਵਾਲੇ ਘਟਨਾਵਾਂ ਦੀ ਤੇ ਨੀਵੀਂ ਸੋਚ ਵਾਲੇ ਬੰਦਿਆਂ ਦੀ।

ਨਾਵਲ ਦੀ ਵਿਧਾ ਬਾਰੇ ਮੇਰਾ ਮੰਨਣਾ ਹੈ ਕਿ ਇਸ ਦੀ ਬਣਤਰ ਬਹੁਵੰਦੀ, ਵਨਸੁਵੰਨੀ ਤੇ ਸੁਰ ਬਹੁਧੁਨੀ ਹੁੰਦੀ ਹੈ। ਪੰਜਾਬੀ ਨਾਵਲ ਦੀ ਸਾਰੀ ਪਰੰਪਰਾ ਮੇਰੇ ਸਾਹਮਣੇ ਸੀ ਜੋ ਬਹੁਤੀ ਸ਼ਬਦ-ਸੱਭਿਆਚਾਰ ਵੱਲ ਰੁਚਿਤ ਰਹੀ ਹੈ। ਯੱਕ ਦੈਰੀਦਾ ਇਸ ਨੂੰ ਲੋਗੋਸੈਂਟਰਿਕ ਕਹਿੰਦਾ ਹੈ। ਹੁਣ ਮੇਰੀ ਚੋਣ ਸੀ ਕਿ ਮੈਂ ਲਕੀਰ ਦਾ ਫ਼ਕੀਰ ਬਣ ਗਾਡੀਰਾਹ ਅਪਣਾਵਾਂ ਜਾਂ ਵਿਚਾਰ, ਵਿਚਾਰਧਾਰਾ, ਕੱਥ, ਕਥਾਨਕ, ਭਾਸ਼ਾ ਤੇ ਸ਼ਿਲਪ ਦੀ ਪੱਧਰ 'ਤੇ ਕੋਈ ਨਵਾਂ ਪ੍ਰਯੋਗ ਕਰਾਂ। 'ਨਿਰਵਾਣ' ਨੂੰ ਲਿਖਣ ਲਈ ਮੈਂ ਔਖਾ ਪੰਧ ਅਖ਼ਤਿਆਰ ਕੀਤਾ।

ਇਸ ਨਿਰਵਾਣੀ ਪੰਧ ਦਾ ਪਾਠ ਰੂਪ ਹੁਣ ਪਾਠਕਾਂ ਦੇ ਸਾਹਮਣੇ ਹੈ। ਮੇਰਾ ਮੰਨਣਾ ਹੈ ਕਿ ਰਚਨਾ ਲਿਖੇ ਜਾਣ ਤੋਂ ਬਾਅਦ, ਰਚਨਾਕਾਰ ਦਾ ਉਸ ਨਾਲ ਕੋਈ ਬਹੁਤਾ ਵਾਸਤਾ ਨਹੀਂ ਰਹਿੰਦਾ। ਕਿਉਂ ਕਿ ਰਚਨਾਕਾਰ ਦੀ ਭੂਮਿਕਾ ਆਪਣਾ ਆਪ ਹੰਢਾਅ ਚੁੱਕੀ ਹੁੰਦੀ ਹੈ। ਲਿਖੇ ਜਾਣ ਬਾਅਦ ਰਚਨਾ ਆਪ ਖ਼ੁਦਮੁਖ਼ਤਾਰ ਹੈ। ਉਸ ਨੂੰ ਕਿਸੇ ਦੀ ਟੇਕ ਨਹੀਂ। ਜੇ ਟੇਕ ਦੀ ਲੋੜ ਹੀ ਪੈ ਗਈ ਤਾਂ ਫਿਰ ਰਚਨਾ ਦੀ ਆਪਣੀ ਹੋਂਦ ਕੀ ਹੋਈ...?

ਮੈਂ ਪੰਜਾਬੀ ਪ੍ਰਬੁੱਧ ਪਾਠਕਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਉਨ੍ਹਾਂ ਦੇ ਅਣਗਿਣਤ ਪ੍ਰਭਾਵ ਤੇ ਪ੍ਰਤਿਕਰਮ ਮਿਲੇ। •

ਸਵੈ-ਕਥਨ



ਮਨਮੋਹਨ
ਮੋਬਾਈਲ : 08283948811

## ਗ਼ਜ਼ਲਾਂ

ਬੰਸਰੀ ਵਾਲੇ ਹੱਥਾਂ ਨੂੰ ਜਦ ਸੋਕੇ-ਧੋਖੇ ਠਾਰ ਗਏ।
ਬੁੱਲ੍ਹ ਛੋਹਣ ਜੋ ਤਾਨ ਇਸ਼ਕ ਦੀ ਸੱਤ ਸਮੁੰਦਰ ਪਾਰ ਗਏ।

ਉਮਰ ਦੀਆਂ ਤਰਕਾਲਾਂ ਵੇਲੇ ਟੇਕ ਜਿਨ੍ਹਾਂ ਨੇ ਬਣਨਾ ਸੀ,
ਵੰਡ ਕੇ ਸੀ ਜਿਸ ਹੌਲ਼ਾ ਕਰਨਾ ਬਣ ਬਾਪੂ ਲਈ ਭਾਰ ਗਏ।

ਵਿਚ ਅਖਾੜੇ ਜਿੱਤਾਂ ਵਾਲਾ ਤਾਜ ਸਿਰਾਂ 'ਤੇ ਟਿਕਦਾ ਸੀ,
ਰੋਟੀ ਦੇ ਚੱਕਰ ਵਿਚ ਪੈ ਕੇ ਪਾਪੀ ਪੇਟ ਤੋਂ ਹਾਰ ਗਏ।

ਵਾਅਦੇ ਤੇ ਦਾਅਵੇ ਕਰਦੇ ਸੀ ਜਿਹੜੇ ਪਾਰ ਲਗਾਵਣ ਦੇ,
ਭੰਵਰਾਂ ਵਿਚ ਫਸਾ ਕੇ ਬੇੜੀ ਡੋਬ ਕੇ ਅੱਧ ਵਿਚਕਾਰ ਗਏ।

ਵਕਤ ਦਾ ਪਾਣੀ ਵਹਿੰਦਾ ਜਾਵੇ ਖੋਰੇ ਉਮਰ ਦੇ ਕੰਢੇ ਨੂੰ,
ਦੋਸਤੀਆਂ ਦੇ ਬਾਗਾਂ ਵਿੱਚੋਂ ਫੁੱਲਾਂ ਵਰਗੇ ਯਾਰ ਗਏ।

ਰਿਖੀ ਵਰਗਿਆਂ ਕੀ ਫੜਨੀ ਸੀ ਹੱਥ ਮਸ਼ਾਲ ਕ੍ਰਾਂਤੀ ਦੀ,
ਹਰਫ਼ਾਂ ਦੇ ਹਥਿਆਰ ਬਣਾ ਕੇ ਸ਼ੇਅਰ ਸੁਣਾ ਕੇ ਸਾਰ ਗਏ।



• ਕੁਲਵੰਤ ਰਿਖੀ, ਮੋਬਾਈਲ : 81463-44112

ਗੁਜ਼ਾਰ ਲੈਣਗੇ ਜ਼ਿੰਦਗੀ ਆਪੇ ਛੱਡ ਆਏ।
ਬਿਰਧ ਆਸ਼ਰਮ ਦੇ ਵਿਚ ਮਾਪੇ ਛੱਡ ਆਏ।

ਜਸ਼ਨਾਂ ਦੇ ਵਿਚ ਲੋਕੀਂ ਨੱਚਦੇ ਟੱਪਦੇ ਨੇ,
ਭੀੜੋਂ ਦੂਰ ਕਿਤੇ ਇਕਲਾਪੇ ਛੱਡ ਆਏ।

ਬੱਚੇ ਪੁੱਛਦੇ ਦਾਦਾ-ਦਾਦੀ ਕਿੱਧਰ ਗਏ,
ਬਚਪਨ ਕੋਲੋਂ ਦੂਰ ਬੁਢਾਪੇ ਛੱਡ ਆਏ।

ਵਿਚ ਘਰਾਂ ਦੇ ਤਨਹਾਈਆਂ ਦੇ ਡੇਰੇ ਨੇ,
ਰਿਸ਼ਤੇ, ਨਾਤੇ, ਮੇਲ ਮਿਲਾਪੇ ਛੱਡ ਆਏ।

ਵਿਹੜਿਆਂ ਦੇ ਵਿਚ ਬੰਨ੍ਹੇ ਅੰਗਰੇਜ਼ੀ ਕੁੱਤੇ,
ਨਗਰ ਖੇੜੇ ਗਏ ਸਰਾਪੇ ਛੱਡ ਆਏ।

ਜ਼ਿੰਦਗੀ ਦੇ ਵਿਚ ਦਰਦਾਂ ਦੀਆਂ ਧੁੱਪਾਂ ਨੇ,
ਛਾਵਾਂ ਅੱਜ ਸਨੇਹ ਦੀਆਂ ਜਾਪੇ ਛੱਡ ਆਏ।

• ਸੁਖਵਿੰਦਰ ਸਿੰਘ ਸਨੇਹ, ਮੋਬਾਈਲ : 94786-28611

ਜਦ ਮਖੌਟਾ ਲੱਥਿਆ ਤਾਂ ਰਾਜ਼ ਸਾਰੇ ਖੁੱਲ੍ਹ ਗਏ।
ਪੱਥਰਾਂ ਦੇ ਸ਼ਹਿਰ ਹੀਰੇ, ਰੁਲ਼ ਗਏ ਜੀ ਰੁਲ਼ ਗਏ।

ਸੁਣ ਸੁਨੇਹਾ ਬੱਦਲਾਂ ਦਾ, ਮੁੜਕੇ ਸਾਵਣ ਆ ਗਿਆ,
ਪੌਣ ਪਾਣੀ ਹੋਏ ਸੁੱਚੇ, ਰੁੱਖ ਪੌਦੇ ਧੁਲ ਗਏ।

ਇਸ਼ਕ ਮਾਰੇ ਰੋਣ ਭੁੱਬੀਂ, ਬੇਵਫ਼ਾਈਆਂ ਯਾਦ ਕਰ,
ਹੰਝੂਆਂ ਦਾ ਕੀ ਇਹ ਚੰਦਰੇ, ਕਿਣਮਿਣੀ ਵਿਚ ਡੁੱਲ੍ਹ ਗਏ।

ਬੇਮੁਰੱਵਤ ਆਣ ਬੈਠਾ, ਫੇਰ ਅੱਖਾਂ ਸਾਹਮਣੇ,
ਅੱਜ ਉਹੀ ਫਿਰ ਪੀੜ ਉੱਠੀ, ਫਿਰ ਜ਼ਖ਼ਮ ਉਹ ਖੁੱਲ੍ਹ ਗਏ।

ਦੋ ਕੁ ਘੁੱਟ ਪੀ ਕੇ, ਦੀਵਾਨਾ ਬਣ ਗਿਆ ਸ਼ਾਇਰ ਨਵਾਬ,
ਹੱਸਿਆ, ਫਿਰ ਦੱਸਿਆ, ਫਿਰ ਪਾਜ ਸਾਰੇ ਖੁੱਲ੍ਹ ਗਏ।

• ਪਰਮਜੀਤ ਸਿੰਘ ਢਿੱਲੋਂ, ਮੋਬਾਈਲ : 98887-09191

ਗਲੀ ਮੁਹੱਲੇ ਸ਼ੋਰ ਬੜਾ ਹੈ।
ਰਹਿਬਰ ਮਤਲਬਖੋਰ ਬੜਾ ਹੈ।

ਉਹ ਕੀ ਜਾਣੇ, ਦਰਦ ਕਿਸੇ ਦਾ
ਦਿਲ ਦਾ ਉਹ ਕਠੋਰ ਬੜਾ ਹੈ।

ਵਿਗੜੇ ਸਿਸਟਮ ਦਾ ਹੈ ਪੁਰਜਾ,
ਬੰਦਾ ਰਿਸ਼ਵਤਖ਼ੋਰ ਬੜਾ ਹੈ।

ਰੋਜ਼ ਮਖੌਟਾ ਬਦਲੇ ਜਿਹੜਾ,
ਹੁਣ ਤਾਂ ਸ਼ਾਤਰ ਚੋਰ ਬੜਾ ਹੈ।

ਬੰਦਾ ਪਾਗ਼ਲ ਹੋ ਜਾਵੇਗਾ,
ਅੰਦਰ-ਬਾਹਰ ਸ਼ੋਰ ਬੜਾ ਹੈ।

ਸੱਚ ਸਲਾਮਤ ਰਹਿੰਦੈ, ਬੇਸ਼ਕ,
ਪੈਸੇ ਦੇ ਵਿਚ ਜ਼ੋਰ ਬੜਾ ਹੈ।



• ਡਾ. ਹਰਨੇਕ ਸਿੰਘ ਕੋਮਲ
ਮੋਬਾਈਲ : 93177-61414

## ਸ਼ਬਦੋ ਵਣਜਾਰਿਓ

# ਦਮੜੀ



ਪਰਮਜੀਤ ਢੀਂਗਰਾ
ਮੋਬਾਈਲ : 94173-58120

ਸਮੇਂ ਦੇ ਬਦਲਣ ਨਾਲ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ। ਇਨ੍ਹਾਂ ਨਾਲ ਨਵੇਂ ਸੰਕਲਪ ਜੁੜ ਜਾਂਦੇ ਹਨ ਪਰ ਸ਼ਬਦਾਂ ਦੀ ਆਤਮਾ ਨਹੀਂ ਮਰਦੀ। ਈਸਾ ਤੋਂ ਕੋਈ ਦੋ ਸਦੀਆਂ ਪਹਿਲਾਂ ਉਤਰ ਪੱਛਮੀ ਭਾਰਤ ਵਿਚ ਪੰਜਾਬ, ਸਿੰਧ, ਅਫ਼ਗਾਨਿਸਤਾਨ 'ਤੇ ਯੂਨਾਨੀਆਂ ਦਾ ਰਾਜ ਸੀ। ਉਨ੍ਹਾਂ ਨੇ ਭਾਸ਼ਾ, ਕਲਾ, ਇਮਾਰਤਸਾਜ਼ੀ 'ਤੇ ਡੂੰਘੀ ਛਾਪ ਛੱਡੀ। ਯੂਨਾਨੀਆਂ ਦੇ ਇਸ ਖਿੱਤੇ ਵਿਚ ਪਰਵੇਸ਼ ਤੋਂ ਪਹਿਲਾਂ ਭਾਰਤ ਵਿਚ ਸਿੱਕਿਆਂ ਦੀ ਢਲਾਈ ਦਾ ਕੋਈ ਸਬੂਤ ਨਹੀਂ ਮਿਲਦਾ। ਇਸ ਲਈ ਵਧੇਰੇ ਇਲਕਿਆਂ ਵਿਚ ਧਾਤ ਦੇ ਟੁਕੜਿਆਂ ਨੂੰ ਠੋਕ ਕੇ ਜਾਂ ਕੁੱਟ ਕੇ ਉਨ੍ਹਾਂ 'ਤੇ ਰਾਜ ਮੁਦਰਾ ਠੱਪੀ ਜਾਂਦੀ ਸੀ ਤੇ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਬੇਢੰਗੇ ਸਿੱਕਿਆਂ ਦੀ ਸ਼ਕਲ ਮਿਲ ਜਾਂਦੀ ਸੀ। ਅਜਿਹੇ ਹੀ ਇਕ ਅਨਘੜ੍ਹ ਸਿੱਕੇ ਨੂੰ 'ਦ੍ਰਖਮ' ਕਿਹਾ ਜਾਂਦਾ ਸੀ, ਜਿਸ ਤੋਂ ਸ਼ਬਦ 'ਦਮੜੀ' ਬਣਿਆ। ਸਿੱਕਿਆਂ ਦੀ ਢਲਾਈ ਵੀ ਯੂਨਾਨੀਆਂ ਨੇ 200 ਤੋਂ 175 ਈਸਾ ਪੂਰਬ ਉਤਰ-ਪੱਛਮੀ ਖੇਤਰ ਵਿਚ ਸ਼ੁਰੂ ਕੀਤੀ ਜੋ ਤਕਰੀਬਨ ਤਿੰਨ ਸਦੀਆਂ ਪਹਿਲਾਂ ਤੋਂ ਸਿੱਕਿਆਂ ਦੀ ਢਲਾਈ ਦੇ ਗੁਰ ਤੋਂ ਜਾਣੂ ਸਨ। ਯੂਨਾਨੀਆਂ ਨੇ ਢਲਾਈ ਦੀ ਸਿਖਲਾਈ 'ਕਰੋਸ਼ਿਸ਼' ਤੋਂ ਸਿਖੀ ਜੋ ਈਸਾ ਤੋਂ 560 ਵਰ੍ਹੇ ਪਹਿਲਾਂ ਲੀਡੀਆ (ਅੱਜ ਦਾ ਤੁਰਕੀ) ਦਾ ਰਾਜਾ ਸੀ। ਹਿੰਦੋਸਤਾਨ ਵਿਚ ਇਸ ਨੂੰ 'ਕਾਰੂੰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। 'ਕਾਰੂੰ ਦਾ ਖ਼ਜ਼ਾਨਾ' ਮੁਹਾਵਰਾ ਉਸ ਨਾਲ ਜੁੜਿਆ ਹੋਇਆ ਹੈ। ਭਾਰਤ ਵਿਚ ਸਭ ਤੋਂ ਪਹਿਲਾਂ ਜਿਸ ਯੂਨਾਨੀ ਸਿੱਕੇ ਦੀ ਢਲਾਈ ਸ਼ੁਰੂ ਹੋਈ ਉਹਦਾ ਨਾਂ ਸੀ

-ਦ੍ਰਖਮ ਜੋ ਮੂਲ ਰੂਪ ਵਿਚ ਗਰੀਕ ਭਾਸ਼ਾ ਦਾ ਸ਼ਬਦ ਹੈ। ਪ੍ਰਾਚੀਨ ਗਰੀਸ ਵਿਚ ਦ੍ਰਖਮ ਭਾਰ ਨੂੰ ਤੋਲਣ ਦੀ ਇਕ ਇਕਾਈ ਸੀ। ਬਾਅਦ ਵਿਚ ਇਸ ਨੂੰ ਸਿੱਕੇ ਦਾ ਰੂਪ ਮਿਲ ਗਿਆ। ਦ੍ਰਖਮ ਲੈਟਿਨ ਵਿਚ 'ਦ੍ਰਗਮ' ਤੇ ਅੰਗਰੇਜ਼ੀ ਵਿਚ ਡਰਮ ਦੇ ਰੂਪ ਵਿਚ ਚਲਦਾ ਰਿਹਾ। ਫਿਰ ਅੰਗਰੇਜ਼ੀ ਵਿਚ ਇਹ ਭਾਰ ਦੀ ਇਕਾਈ ਬਣ ਗਿਆ, ਜਿਸ ਦਾ ਮਾਪ ਚਾਰ ਗ੍ਰਾਮ ਹੁੰਦਾ ਹੈ। ਗਰੀਕ ਦ੍ਰਖਮ ਦਾ ਜਨਮ ਪ੍ਰਾਚੀਨ ਗਰੀਕ ਦੇ ਸ਼ਬਦ 'ਡਰੇਕੋਨ' ਤੋਂ ਹੋਇਆ ਜਿਸ ਦਾ ਅਰਥ ਹੈ-ਫੜਨਾ, ਮੁੱਠੀ ਵਿਚ ਘੁਟਣਾ, ਕਲਾਵੇ ਵਿਚ ਲੈਣਾ। ਅੰਗਰੇਜ਼ੀ ਡਰੈਗਨ ਵੀ ਇਕ ਵਿਸ਼ਾਲ ਸੱਪ ਹੈ। ਸੱਪ ਦੀ ਜ਼ਬਰਦਸਤ ਪਕੜ ਕਰਕੇ ਹੀ ਉਹਨੂੰ ਇਹ ਨਾਂ ਮਿਲਿਆ। ਡਰੇਕੋਨ ਤੋਂ ਜੰਮੇ ਦ੍ਰਖਮ ਸ਼ਬਦ ਦਾ ਅਰਥ ਚਾਂਦੀ ਦਾ ਅਜਿਹਾ ਸਿੱਕਾ ਸੀ ਜੋ ਅਸਾਨੀ ਨਾਲ ਮੁੱਠੀ ਵਿਚ ਮੀਟਿਆ ਜਾ ਸਕਦਾ ਹੈ। ਮੌਰੀਆ ਤੇ ਗੁਪਤ ਕਾਲ ਵਿਚ ਇਹ ਸਿੱਕਾ ਸੰਸਕ੍ਰਿਤ ਦੇ 'ਦ੍ਰਖਮ' ਦੇ ਰੂਪ ਵਿਚ ਮਿਲਦਾ ਹੈ। ਅਪਭ੍ਰੰਸ਼ਾਂ ਸਮੇਂ ਇਹਦਾ ਰੂਪ 'ਦਮ' ਹੋ ਗਿਆ ਜੋ ਬਾਅਦ ਵਿਚ ਦਮ ਜਾਂ ਦਾਮ ਦੇ ਰੂਪ ਵਿਚ ਢਲਿਆ। ਫਿਰ ਇਹ ਦਮੜੀ ਦਾ ਰੂਪ ਧਾਰ ਗਿਆ।

ਯੂਨਾਨੀ ਪ੍ਰਭਾਵ ਅਰਬੀ ਜ਼ੁਬਾਨ 'ਤੇ ਵੀ ਪਿਆ ਤੇ ਓਥੇ ਇਹਨੇ 'ਦਿਰਹਮ' ਦਾ ਰੂਪ ਲੈ ਲਿਆ। ਦਿਰਹਮ ਅੱਜ ਮੋਰੱਕੋ, ਯੂਏਈ, ਲੀਬੀਆ, ਕਤਰ ਆਦਿ ਦੇਸ਼ਾਂ ਵਿਚ ਪ੍ਰਚਲਤ ਹੈ। ਪੰਜਾਬੀ ਵਿਚ ਪੈਸੇ ਦਾ ਚੌਥਾ ਹਿੱਸਾ ਦਮੜੀ ਹੈ। ਪੰਜਾਬੀ ਵਿਚ ਦਮੜੀ ਤੋਂ ਦਮੜਾ ਵੀ ਪ੍ਰਚਲਤ ਹੈ। ਇਹ ਚਾਂਦੀ, ਸੋਨੇ ਦਾ ਸਿੱਕਾ ਸੀ ਪਰ ਅੱਜ ਇਕ ਰੁਪਏ ਦੇ ਸਿੱਕੇ ਵਜੋਂ ਪ੍ਰਚਲਤ ਹੈ। ਪੰਜਾਬੀ ਵਿਚ ਦਮੜੀ ਨਾਲ ਜੁੜੇ ਕਈ ਮੁਹਾਵਰੇ ਵੀ ਪ੍ਰਚਲਤ ਹਨ, ਜਿਵੇਂ-ਦਮੜੀ ਦਮੜੀ ਚੁਕਾਉਣਾ (ਪੂਰਾ ਹਿਸਾਬ ਮੁਕਾ ਦੇਣਾ), ਦਮੜੀ ਦਮੜੀ ਜੋੜਨਾ (ਬਹੁਤ ਕੰਜੂਸੀ ਕਰਕੇ ਪੈਸਾ ਜੋੜਨਾ), ਦਮੜੀ ਦਮੜੀ ਦਾ ਹਿਸਾਬ ਰਖਣਾ (ਪੂਰਾ ਪੂਰਾ ਹਿਸਾਬ ਰਖਣਾ), ਦਮੜੀ ਦਮੜੀ ਦਾ ਮੁਹਤਾਜ ਹੋਣਾ (ਬਹੁਤ ਗਰੀਬ ਹੋਣਾ), ਦਮੜੀ ਦਮੜੀ ਨੂੰ ਤਰਸਣਾ (ਬਹੁਤ ਨਿਰਧਨ ਹੋਣਾ), ਦਮੜੀ ਦਮੜੀ ਪਿੱਛੇ ਮਰਨਾ (ਬਹੁਤ ਕੰਜੂਸ ਹੋਣਾ), ਦਮੜੀ ਦਾ ਪੋਸਤੀ, ਦਮੜੀ ਦਾ ਰਵਾਦਾਰ ਨਾ ਹੋਣਾ (ਪਰਾਏ ਧਨ ਦੀ ਲਾਲਸਾ ਨਾ ਰਖਣਾ) ਦਮੜੀ ਦੀ ਹਾਂਡੀ ਗਈ, ਕੁੱਤੇ ਦੀ ਜਾਤ ਪਛਾਣੀ ਗਈ, ਦਮੜੀ ਦੀ ਬੁਲਬੁਲ ਟਕਾ ਹਿਲਾਈ (ਜਦੋਂ ਕੰਮ 'ਚ ਲਾਭ ਘੱਟ ਤੇ ਖ਼ਰਚਾ ਜ਼ਿਆਦਾ ਹੋਵੇ), ਦਮੜੀ ਦੇ ਤਿੰਨ ਤਿੰਨ ਹੋਣਾ (ਬਹੁਤ ਸਸਤਾ ਹੋਣਾ), ਦਮੜੀ ਦੇ ਭਾਅ (ਬਹੁਤ ਸਸਤਾ, ਮੁਫ਼ਤ ਬਰਾਬਰ), ਦਮੜੀ ਜਾਏ ਪਰ ਚਮੜੀ ਨਾ ਜਾਏ (ਤਕਲੀਫ਼ ਸਹਾਰਦਿਆਂ ਵੀ ਪੈਸਾ ਨਾ ਖ਼ਰਚਣਾ), ਪੰਜਾਬੀ ਲੋਕ ਸਾਹਿਤ ਵਿਚ ਗੀਤ ਵੀ ਮਸ਼ਹੂਰ ਹੈ-ਮੁੰਡਾ ਮੋਹ ਲਿਆ ਤਵੀਤਾਂ ਵਾਲਾ, ਦਮੜੀ ਦਾ ਸੱਕ ਮਲ ਕੇ। •





ਅਮਰ ਸਿੰਘ ਕਈ ਦਿਨਾਂ ਤੋਂ ਹਸਪਤਾਲ ਵਿਚ ਦਾਖ਼ਲ ਸੀ। ਡਾਕਟਰ ਦੀਆਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਉਸ ਦੀ ਸਿਹਤ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ ਸੀ।

ਇਕ ਦਿਨ ਉਸ ਦਾ ਪੁੱਤਰ ਸਤਨਾਮ ਡਾਕਟਰ ਨੂੰ ਪੁੱਛਣ ਲੱਗਾ, "ਡਾਕਟਰ ਸਾਹਿਬ ਕਿਉਂ ਨਹੀਂ ਠੀਕ ਹੋ ਰਹੇ ਮੇਰੇ ਬਾਪੂ ਜੀ"?

ਅੱਗੋਂ ਡਾਕਟਰ ਨੇ ਕਿਹਾ, "ਕੀ ਕਰੀਏ, ਇਹ ਦਮੇ ਦੀ ਬਿਮਾਰੀ ਤਾਂ ਹੁੰਦੀ ਹੀ ਐਦਾਂ ਦੀ ਐ, ਅੱਜ-ਕੱਲ੍ਹ ਛੋਟੇ ਬੱਚੇ, ਗਰਭਵਤੀ ਔਰਤਾਂ ਅਤੇ ਬਜ਼ੁਰਗ ਇਸ ਦੀ ਜਕੜ ਵਿਚ ਛੇਤੀ ਆ ਜਾਂਦੇ ਨੇ, ਜਿੰਨਾ ਚਿਰ ਐਹ ਧੂੰਏ ਦਾ ਪ੍ਰਦੂਸ਼ਣ ਨਹੀਂ ਘੱਟਦਾ ਓਨਾਂ ਚਿਰ ਇਸ ਬਿਮਾਰੀ ਦਾ ਕਿਸੇ ਕੋਲ ਕੋਈ ਵੀ ਹੱਲ ਨਹੀਂ ਐ" ਡਾਕਟਰ ਦੇ ਬੋਲ ਸੁਣ ਕੇ ਸਤਨਾਮ ਨੂੰ ਯਾਦ ਆਇਆ ਕਿ ਉਸ ਨੇ ਵੀ 'ਕੋਈ ਹੱਲ ਨਹੀਂ ਇਹਦਾ' ਇਹ ਕਹਿ ਕੇ ਝੱਟ ਆਪਣੇ ਖੇਤ ਦੀ ਪਰਾਲੀ ਨੂੰ ਅੱਗ ਲਾ ਦਿੱਤੀ ਸੀ।

• ਮਾ. ਸੁਖਵਿੰਦਰ ਦਾਨਗੜ੍ਹ
ਮੋਬਾਈਲ : 94171-80205



ਹਰਪ੍ਰੀਤ ਕੌਰ ਪਬਰੀ
ਮੋਬਾਈਲ : 98158-28178




ਸ਼ਰਾਬ ਨਾਲ ਰੱਜਿਆ ਪ੍ਰੇਮ ਜਦੋਂ ਘਰ ਵੜਿਆ ਤਾਂ ਸੱਥਰ ਵਿਛਿਆ ਦੇਖ ਕੇ ਉਸ ਦੀ ਸਾਰੀ ਸ਼ਰਾਬ ਉਤਰ ਗਈ। ਅੰਦਰ ਵੜ ਕੇ ਦੇਖਿਆ ਤਾਂ ਲਾਜੋ ਦੀ ਲੋਥ ਪਈ ਸੀ। ਉਹ ਇੱਕਦਮ ਸੁੰਨ ਹੋ ਗਿਆ। ਆਪਣੀ ਪੂਰੀ ਜ਼ਿੰਦਗੀ ਦੇ ਕੀਤੇ ਬੁਰੇ ਕਰਮ ਉਸ ਦੀਆਂ ਅੱਖਾਂ ਅੱਗਿਓਂ ਲੰਘ ਰਹੇ ਸਨ। ਉਸ ਨੇ ਆਪਣੀ ਘਰਵਾਲੀ ਲਾਜੋ ਨੂੰ ਕਿੰਨੇ ਦੁੱਖ ਦਿੱਤੇ ਸਨ ਪਰ ਹੁਣ ਪਛਤਾਉਣ ਦਾ ਕੀ ਫਾਇਦਾ? ਹੁਣ ਤਾਂ ਉਹ ਇਸ ਦੁਨੀਆ ਨੂੰ ਛੱਡ ਕੇ ਤੁਰ ਗਈ ਸੀ।

ਕਈ ਸਾਲ ਪਹਿਲਾਂ ਲਾਜੋ ਦਾ ਪ੍ਰੇਮ ਨਾਲ ਵਿਆਹ ਹੋਇਆ ਸੀ ਪਰ ਉਸ ਨੇ ਪੂਰੀ ਜ਼ਿੰਦਗੀ 'ਚ ਲਾਜੋ ਨੂੰ ਇਕ ਵੀ ਸ਼ਬਦ ਪ੍ਰੇਮ ਨਾਲ ਨਹੀਂ ਸੀ ਬੋਲਿਆ। ਲਾਜੋ ਘਰ ਦੇ ਕੰਮ ਕਰਦੀ ਰਹਿੰਦੀ, ਜੇ ਘਰ ਦੀ ਕੋਈ ਚੀਜ਼ ਵਿਗੜ ਜਾਂਦਾ ਤਾਂ ਉਹ ਉਸ ਨੂੰ ਬਹੁਤ ਕੁੱਟਦਾ। ਇੰਨ੍ਹਾਂ ਕੁਝ ਹੋਣ ਦੇ ਬਾਵਜੂਦ ਵੀ ਲਾਜੋ ਆਪਣੀ ਜ਼ਿੰਦਗੀ ਕੱਟ ਰਹੀ ਸੀ। ਉਹ ਸਿਰਫ਼ ਆਪਣੇ ਦੋਨਾਂ ਬੱਚਿਆਂ ਰਾਣੀ ਤੇ ਜੀਤੂ ਲਈ ਆਪਣੀ ਇਸ ਦਰਦ ਭਰੀ ਜ਼ਿੰਦਗੀ ਤੋਂ ਉਫ਼ ਤਕ ਨਹੀਂ ਸੀ ਕਰਦੀ। ਪ੍ਰੇਮ ਬੱਚਿਆ ਨੂੰ ਵੀ ਕਦੇ ਪਿਆਰ ਨਾਲ ਨਾ ਬੋਲਦਾ। ਬੱਚੇ ਵੀ ਉਸ ਤੋਂ ਡਰਦੇ ਰਹਿੰਦੇ ਤੇ ਕੁਝ ਨਾ ਬੋਲਦੇ। ਰਾਣੀ ਆਪਣੇ ਪਿਤਾ ਨੂੰ ਡਰਦੀ-ਡਰਦੀ ਰੋਟੀ ਫੜ੍ਹਾ ਦਿੰਦੀ, ਕਦੇ ਮਨ ਹੁੰਦਾ ਤਾਂ ਉਹ ਰੋਟੀ ਖਾ ਲੈਂਦਾ ਨਹੀਂ ਤਾਂ ਥਾਲੀ ਵਗਾਹ ਕੇ ਮਾਰਦਾ। ਉਹ ਹਰ ਵੇਲੇ ਸ਼ਰਾਬ ਨਾਲ ਰੱਜਿਆ ਰਹਿੰਦਾ। ਕੋਈ ਕੰਮ ਵੀ ਨਾ ਕਰਦਾ। ਲਾਜੋ ਤੇ ਰਾਣੀ ਦੋਵੇਂ ਦਿਹਾੜੀ-ਟੱਪਾ ਕਰ ਕੇ ਘਰ ਦਾ ਖ਼ਰਚ ਚਲਾਉਂਦੀਆਂ। ਜੀਤੂ ਨਿਆਣਾ ਹੋਣ ਕਰਕੇ ਕੁਝ ਵੀ ਕਰਨ ਤੋਂ ਅਸਮਰੱਥ ਸੀ। ਉਹ ਆਪਣੇ ਪਿਤਾ ਦੀਆਂ ਹਰਕਤਾਂ ਨੂੰ ਦੇਖ ਕੇ ਡਰ ਜਾਂਦਾ ਤੇ ਕੁਝ ਨਾ ਬੋਲਦਾ। ਉਹ ਦੋਵੇ ਜਣੀਆਂ ਜੋ ਵੀ ਕਮਾਉਂਦੀਆਂ ਉਨ੍ਹਾਂ ਪੈਸਿਆਂ 'ਚੋਂ ਵੀ ਕਈ ਵਾਰ ਪ੍ਰੇਮ ਦਾਰੂ ਪੀ ਜਾਂਦਾ। ਜੇ ਲਾਜੋ ਕੁਝ ਕਹਿੰਦੀ ਤਾਂ ਉਹ ਉਸ ਨੂੰ ਮਾਰਨ ਤਕ ਜਾਂਦਾ। ਦਾਰੂ ਨਾਲ ਰੱਜਿਆਂ ਉਹ ਕਦੇ ਨਾਲੀ 'ਚ ਡਿੱਗਿਆ ਹੁੰਦਾ ਤੇ ਕਦੇ ਸੜਕ 'ਤੇ। ਬਸ ਇਸ ਤਰ੍ਹਾਂ ਹੀ ਲਾਜੋ ਦੀ ਜ਼ਿੰਦਗੀ ਬੀਤ ਰਹੀ ਸੀ।

ਇਕ ਦਿਨ ਅਚਾਨਕ ਰਾਣੀ ਦੇ ਢਿੱਡ ਵਿਚ ਬਹੁਤ ਦਰਦ ਉੱਠਿਆ। ਦੋ ਤਿੰਨ ਦਿਨ ਤਾਂ ਉਸ ਨੇ ਮਾਂ ਨੂੰ ਨਾ ਦੱਸਿਆ ਕਿਉਂਕਿ ਉਹ ਜਾਣਦੀ ਸੀ ਕਿ ਘਰ ਵਿਚ ਪੈਸੇ ਨਹੀਂ ਹਨ। ਹੁਣ ਦਰਦ ਵਧਣ ਕਰਕੇ ਉਸ ਨੂੰ ਮਾਂ ਨੂੰ ਦੱਸਣਾ ਹੀ ਪਿਆ। ਇਹ ਗੱਲ ਸੁਣ ਕੇ ਲਾਜੋ ਬੇਚੈਨ ਹੋ ਗਈ । ਉਸ ਨੇ ਤੁਰੰਤ ਰਾਣੀ ਨੂੰ ਡਾਕਟਰ ਕੋਲ ਲਿਜਾਉਣ ਬਾਰੇ ਸੋਚਿਆ। ਪੈਸੇ ਚੁੱਕਣ ਲਈ ਜਦੋਂ ਉਸ ਨੇ ਹੱਥ ਮਾਰਿਆ ਤਾਂ ਦੋ ਦਿਨ ਪਹਿਲਾਂ ਦਿਹਾੜੀ ਦੇ ਜੋ ਪੈਸੇ ਉਸ ਨੇ ਰੱਖੇ ਸਨ, ਉਹ ਆਪਣੀ ਥਾਂ ਨਹੀਂ ਸਨ। ਇਕ ਵਾਰ ਫਿਰ ਜ਼ਰਾ ਕੁ ਧਿਆਨ ਨਾਲ ਜਦ ਉਸ ਨੇ ਦੁਬਾਰਾ ਦੇਖਿਆ ਤਾਂ ਸਚਮੁੱਚ ਪੈਸੇ ਨਹੀਂ ਸਨ। ਉਹ ਸਮਝ ਗਈ ਸੀ ਕਿ ਪ੍ਰੇਮ ਨੇ ਉਨ੍ਹਾਂ ਪੈਸਿਆਂ ਦੀ ਦਾਰੂ ਪੀ ਲਈ ਹੈ।

ਓਧਰ ਰਾਣੀ ਦਾ ਦਰਦ ਵਧਦਾ ਹੀ ਜਾ ਰਿਹਾ ਸੀ ਪਰ ਕੋਈ ਪੈਸਾ ਨਾ ਹੋਣ ਕਾਰਨ ਲਾਜੋ ਦਵਾਈ ਨਾ ਦਵਾ ਸਕੀ। ਆਖਰ ਧੀ ਦਾ ਦਰਦ ਸਹਿਣ ਨਾ ਹੁੰਦਾ ਦੇਖ ਉਸ ਨੇ ਪਿੰਡ ਦੇ ਡਾਕਟਰ ਕੋਲ ਉਧਾਰ ਹੀ ਉਸ ਨੂੰ ਦਵਾਈ ਲੈ ਕੇ ਦਿੱਤੀ। ਡਾਕਟਰ ਨੇ ਦਵਾਈ ਦੇ ਤਾਂ ਦਿੱਤੀ ਪਰ ਨਾਲ ਹੀ ਕਿਹਾ, "ਭੈਣਜੀ, ਮੈਂ ਵੈਸੇ ਤਾਂ ਦਵਾਈ ਦੇ ਦਿੱਤੀ ਆ ਪਰ ਤੁਸੀਂ ਗੁੱਡੀ ਦਾ ਸ਼ਹਿਰੋ ਇਲਾਜ ਕਰਾਓ"।

ਡਾਕਟਰ ਦੀ ਇਸ ਗੱਲ ਨੇ ਲਾਜੋ ਨੂੰ ਇਕ ਨਵੀਂ ਚਿੰਤਾ 'ਚ ਪਾ ਦਿੱਤਾ ਸੀ। ਉਹ ਘਰ ਆ ਕੇ ਡਾਕਟਰ ਦੀ ਗੱਲ ਬਾਰੇ ਸੋਚਦੀ ਰਹੀ। ਰਾਣੀ ਨੂੰ ਇਸ ਦਵਾਈ ਨਾਲ ਥੋੜ੍ਹਾ ਫ਼ਰਕ ਤਾਂ ਪੈ ਗਿਆ ਤੇ ਲਾਜੋ ਨੇ ਥੋੜ੍ਹਾ ਸੁੱਖ ਦਾ ਸਾਹ ਲਿਆ। ਪਰ ਫਿਰ ਕੁਝ ਦਿਨਾਂ ਬਾਅਦ ਅਜਿਹਾ ਦਰਦ ਉੱਠਿਆ ਜਿਸ ਨੇ ਰਾਣੀ ਦੀ ਜਾਨ ਹੀ ਲੈ ਲਈ। ਲਾਜੋ ਰੋਂਦੀ ਕੁਰਲਾਉਂਦੀ ਕਹਿ ਰਹੀ ਸੀ ਕਿ "ਮੈਂ ਤਾਂ ਆਪਣੀ ਧੀ ਨੂੰ ਕਿਸੇ ਚੰਗੇ ਡਾਕਟਰ ਨੂੰ ਵੀ ਨਹੀਂ ਦਿਖਾ ਸਕੀ। ਅੱਜ ਪੈਸਿਆਂ ਦੀ ਥੁੜ੍ਹ ਕਰਕੇ ਮੇਰੀ ਧੀ ਚਲੀ ਗਈ। ਧੀਏ... ਮੈਨੂੰ ਮਾਫ਼ ਕਰਦੇ। ਮੈਂ ਤੈਨੂੰ ਬਚਾਅ ਨ ਸਕੀ"।

ਕੁਝ ਚਿਰ ਮਗਰੋਂ ਪ੍ਰੇਮ ਨੇ ਘਰ ਵੜਦਿਆਂ ਹੀ ਅਬਾ-ਤਬਾ ਬੋਲਣਾ ਸ਼ੁਰੂ ਕਰ ਦਿੱਤਾ। "ਅੱਜ ਤਾਂ ਚੁੱਪ ਕਰ ਜਾ... ਅਜੇ ਮੇਰੀ ਧੀ ਨੂੰ ਗੁਜ਼ਰਿਆਂ ਇਕ ਰਾਤ ਵੀ ਨੀਂ ਬੀਤੀ"। ਲਾਜੋ ਇਹ ਸ਼ਬਦ ਅਜੇ ਬੋਲ ਹੀ ਰਹੀ ਸੀ ਕਿ ਇੰਨੇ 'ਚ ਹੀ ਉਸ ਨੇ ਚਾਕੂ ਚੁੱਕ ਕੇ ਲਾਜੋ ਦੀ ਬਾਂਹ 'ਤੇ ਮਾਰਿਆ ਤੇ ਖ਼ੂਨ ਦੀ ਤਤੀਰੀ ਵਗ ਤੁਰੀ। ਉਹ ਉੱਚੀ ਉੱਚੀ ਚੀਕਾਂ ਮਾਰਨ ਲੱਗੀ। ਜੀਤੂ ਵੀ ਉੱਚੀ ਉੱਚੀ ਰੋਣ ਲੱਗ ਪਿਆ। ਚੀਕਾਂ ਸੁਣ ਕੇ ਗੁਆਂਢੀ ਉਸ ਦੇ ਘਰ ਵੱਲ ਭੱਜੇ ਆਏ ਤੇ ਉਸ ਨੂੰ ਡਾਕਟਰ ਕੋਲ ਲੈ ਗਏ। ਡਾਕਟਰ ਨੇ ਉਸ ਦੇ ਟਾਂਕੇ ਲਾ ਦਿੱਤੇ ਤੇ ਕੁਝ ਦਿਨ ਆਰਾਮ ਕਰਨ ਲਈ ਕਿਹਾ। ਲਾਜੋ ਨੂੰ ਜ਼ਖ਼ਮੀ ਕਰ ਕੇ ਪ੍ਰੇਮ ਕਈ ਦਿਨ ਘਰ ਨਾ ਪਰਤਿਆ ਤੇ ਜੀਤੂ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਸਾਰੇ ਕੰਮ ਕਰਦਾ। ਇਕ ਦਿਨ ਪ੍ਰੇਮ ਘਰ ਆਇਆ ਤਾਂ ਲਾਜੋ ਨੇ ਹਿੰਮਤ ਕਰਦਿਆਂ ਉਸ ਤੋਂ ਛੁਟਕਾਰਾ ਪਾਉਣ ਲਈ ਪੰਚਾਇਤ ਬਿਠਾ ਲਈ ਤੇ ਫੈਸਲੇ ਮੁਤਾਬਿਕ ਉਨ੍ਹਾਂ ਨੂੰ ਅੱਡ ਰਹਿਣ ਲਈ ਕਿਹਾ ਗਿਆ। ਪ੍ਰੇਮ ਪਹਿਲਾਂ ਤਾਂ ਇਸ ਲਈ ਰਾਜ਼ੀ ਨਾ ਹੋਇਆਂ ਪਰ ਬਾਅਦ 'ਚ ਉਸ ਨੂੰ ਪੰਚਾਇਤ ਦਾ ਫੈਸਲਾ ਮੰਨਣਾ ਹੀ ਪਿਆ। ਉਸ ਨੂੰ ਕੁਝ ਸਮਾਨ ਦੇ ਕੇ ਪਿੰਡ ਦੇ ਬਾਹਰ ਉਨ੍ਹਾਂ ਦੇ ਖਾਲੀ ਪਏ ਪਲਾਂਟ 'ਚ ਰਹਿਣ ਲਈ ਕਿਹਾ ਗਿਆ। ਉਹ ਆਪਣਾ ਸਮਾਨ ਚੁੱਕ ਕੇ ਚਲਾ ਗਿਆ ਤੇ ਹੌਲੀ ਹੌਲੀ ਉਸ ਨੇ ਆਪ ਹੀ ਉੱਥੇ ਇਕ ਕਮਰਾ ਬਣਾ ਲਿਆ।

ਹੁਣ ਕਿੰਨੇ ਹੀ ਸਾਲ ਹੋ ਗਏ ਸਨ ਲਾਜੋ ਤੇ ਪ੍ਰੇਮ ਨੂੰ ਅੱਡ ਹੋਇਆ। ਜੀਤੂ ਵੀ ਵੱਡਾ ਹੋ ਗਿਆ ਸੀ ਤੇ ਆਪਣੀ ਮਾਂ ਨਾਲ ਰਹਿੰਦਿਆਂ ਉਹ ਉਸ ਦਾ ਪੂਰਾ ਧਿਆਨ ਰੱਖਦਾ। ਗ਼ਰੀਬੀ ਕਰਕੇ ਉਹ ਜ਼ਿਆਦਾ ਪੜ੍ਹ ਲਿਖ ਨਾ ਸਕਿਆ ਤੇ ਬਿਜਲੀ ਦੇ ਉਪਕਰਨਾਂ ਨੂੰ ਠੀਕ ਕਰਨ ਦਾ ਕੰਮ ਸਿੱਖਣ ਲੱਗ ਪਿਆ। ਉਹ ਛੇਤੀ ਹੀ ਸਾਰਾ ਕੰਮ ਚੰਗੀ ਤਰ੍ਹਾਂ ਸਿੱਖ ਗਿਆ ਤੇ ਲੋਕ ਉਸ ਦਾ ਕੰਮ ਪਸੰਦ ਵੀ ਕਰਦੇ। ਹੁਣ ਬਿਜਲੀ ਦਾ ਕੰਮ ਕਰਾਉਣ ਲਈ ਹਰ ਕਿਸੇ ਦੀ ਜ਼ੁਬਾਨ 'ਤੇ ਜੀਤੂ ਦਾ ਹੀ ਨਾਂ ਹੁੰਦਾ ਸੀ। ਲਾਜੋ ਨੂੰ ਹੁਣ ਲੱਗਦਾ ਕਿ ਉਸ ਦੇ ਬੁਰੇ ਦਿਨ ਖ਼ਤਮ ਹੋ ਗਏ ਹਨ। ਜੀਤੂ ਹੁਣ ਉਸ ਨੂੰ ਦਿਹਾੜੀ ਵਗੈਰਾ ਵੀ ਨਾ ਕਰਨ ਦਿੰਦਾ। ਜਿੱਥੇ ਪਹਿਲਾਂ ਪ੍ਰੇਮ ਜੀਤੂ ਨੂੰ ਬੁਲਾਉਂਦਾ ਵੀ ਨਹੀਂ ਸੀ ਉੱਥੇ ਹੁਣ ਉਸ ਦੀ ਤਾਰੀਫ਼ ਸੁਣ ਕੇ ਬਹੁਤ ਖ਼ੁਸ਼ ਹੁੰਦਾ ਤੇ ਇਕ ਦਿਨ ਉਸ ਨੇ ਜੀਤੂ ਨੂੰ ਬੁਲਾ ਲਿਆ। ਜੀਤੂ ਮਨ ਨਾ ਹੁੰਦੇ ਹੋਏ ਵੀ ਉਸ ਕੋਲ ਚਲਾ ਗਿਆ। ਕਿਉਂਕਿ ਲੋਕ ਜੋ ਵੀ ਉਸ ਨੂੰ ਉਸ ਦੇ ਪਿਓ ਬਾਰੇ ਕਹਿੰਦੇ ਸੀ, ਉਹ ਉਸ ਨੂੰ ਸਭ ਯਾਦ ਆ ਰਿਹਾ ਸੀ। ਉਹ ਆਪਣੀ ਮਾਂ ਨੂੰ ਕੁਝ ਨਾ ਦੱਸਦਾ ਤੇ ਅੰਦਰੋ-ਅੰਦਰੀ ਜ਼ਹਿਰ ਦਾ ਘੁੱਟ ਪੀਂਦਾ ਰਹਿੰਦਾ।

ਸਰਦੀਆ ਦੇ ਦਿਨ ਸਨ। ਜੀਤੂ ਕਈ ਦਿਨਾਂ ਤੋਂ ਚੁੱਪ-ਚੁੱਪ ਰਹਿੰਦਾ ਸੀ। ਇਕ ਦਿਨ ਉਹ ਸਵੇਰੇ-ਸਵੇਰੇ ਬਾਹਰੋਂ ਆਇਆ ਤੇ ਆਪਣੀ ਮਾਂ ਦੀ ਗੋਦੀ 'ਚ ਸਿਰ ਰੱਖ ਕੇ ਰੋਣ ਲੱਗ ਪਿਆ।

ਪੁੱਤ, ਕੀ ਹੋਇਆ ਤੈਨੂੰ? ਰੋ ਕਿਉਂ ਰਿਹਾ ਏ?

ਲਾਜੋ ਪੁੱਛਦੀ ਰਹੀ ਪਰ ਜੀਤੂ ਨੇ ਕੋਈ ਜਵਾਬ ਨਾ ਦਿੱਤਾ। ਲਾਜੋ ਨੇ ਉਸ ਨੂੰ ਚਾਹ ਪੁੱਛੀ ਤਾਂ ਜੀਤੂ ਨੇ ਉਸ ਨੂੰ ਵੀ ਨਕਾਰ ਦਿੱਤਾ ਤੇ ਉੱਠ ਕੇ ਬਾਹਰ ਚਲਾ ਗਿਆ। ਉਹ ਆਪਣੇ ਪਿਤਾ ਦੇ ਘਰ ਵੱਲ ਨੂੰ ਚੱਲ ਪਿਆ। ਪ੍ਰੇਮ ਪਿੰਡ ਦੇ ਕੁਝ ਲੋਕਾਂ ਕੋਲ ਬੈਠਾ ਧੂਣੀ ਸੇਕ ਰਿਹਾ ਸੀ ਤੇ ਠਹਾਕੇ ਮਾਰ ਮਾਰ ਕੇ ਹੱਸ ਰਿਹਾ ਸੀ। ਜੀਤੂ ਨੂੰ ਆਉਂਦਾ ਵੇਖ ਉਹ ਹੈਰਾਨ ਹੋ ਗਿਆ। ਉਸ ਦੇ ਪਹੁੰਚਣ 'ਤੇ ਪ੍ਰੇਮ ਕੁਝ ਬੋਲਣ ਹੀ ਲੱਗਿਆ ਸੀ ਕਿ ਪਹੁੰਚਦਿਆਂ ਹੀ ਜੀਤੂ ਡਿੱਗ ਪਿਆ ਤੇ ਸਾਰੇ ਹੀ ਉਸ ਦੇ ਆਲੇ ਦੁਆਲੇ ਹੋ ਗਏ। ਉਸ ਨੂੰ ਚੁੱਕ ਕੇ ਮੰਜੇ 'ਤੇ ਪਾਇਆ ਤੇ ਡਾਕਟਰ ਨੂੰ ਬੁਲਾਇਆ ਗਿਆ। ਡਾਕਟਰ ਨੇ ਕਿਹਾ ਕਿ ਉਸ ਨੇ ਕੋਈ ਜ਼ਹਿਰਲੀ ਚੀਜ਼ ਖਾ ਲਈ ਹੈ। ਇਸ ਨੂੰ ਜਲਦੀ ਹੀ ਹਸਪਤਾਲ ਲੈ ਕੇ ਜਾਣਾ ਪਊ। ਫਟਾ-ਫਟ ਉਸ ਨੂੰ ਹਸਪਤਾਲ ਲਿਜਾਇਆ ਗਿਆ। ਇਕ ਮੁੰਡਾ ਘਰ ਜਾ ਕੇ ਜੀਤੂ ਦੀ ਮਾਂ ਨੂੰ ਖ਼ਬਰ ਦੇ ਆਇਆ ਕਿ ਜੀਤੂ ਨੂੰ ਹਸਪਤਾਲ ਲੈ ਕੇ ਜਾਣਾ ਹੈ, ਉਹ ਛੇਤੀ ਆ ਜਾਵੇ। ਇਹ ਸੁਣ ਕੇ ਉਸ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ। ਉਹ ਨੰਗੇ ਪੈਰ ਬਾਹਰ ਨੂੰ ਭੱਜੀ। ਜੀਤੂ ਦਾ ਚੁੱਪ ਰਹਿਣਾ, ਰੋਣਾ, ਚਾਹ ਨਾ ਪੀਣਾ ਸਭ ਕੁਝ ਲਾਜੋ ਦੀਆਂ ਅੱਖਾਂ ਦੇ ਅੱਗਿਓਂ ਨਿਕਲ ਰਿਹਾ ਸੀ। ਹਸਪਤਾਲ 'ਚ ਡਾਕਟਰ ਨੇ ਦੱਸਿਆ, "ਥੋਡੇ ਮੁੰਡੇ ਨੇ ਕਣਕ 'ਚ ਰੱਖਣ ਵਾਲੀ ਦਵਾਈ ਖਾ ਲਈ ਏ, ਇਸ ਦਾ ਬਚਣਾ ਮੁਸ਼ਕਿਲ ਐ"।

ਇਨ੍ਹਾਂ ਗੱਲਾਂ ਨੇ ਲਾਜੋ ਤੇ ਪ੍ਰੇਮ ਦਾ ਕਲੇਜਾ ਚੀਰ ਦਿੱਤਾ ਤੇ ਉਹ ਦੋਵੇ ਫੁੱਟ ਫੁੱਟ ਕੇ ਰੋਣ ਲੱਗੇ। ਥੋੜ੍ਹੇ ਚਿਰ ਮਗਰੋਂ ਡਾਕਟਰ ਨੇ ਜੀਤੂ ਦੀ ਮੌਤ ਦੀ ਖ਼ਬਰ ਵੀ ਸੁਣਾ ਦਿੱਤੀ। ਅੱਜ ਇਕ ਵਾਰ ਫਿਰ ਲਾਜੋ ਦਾ ਸੰਸਾਰ ਉੱਜੜ ਗਿਆ ਸੀ। ਉਸ ਦੇ ਦੋਵੇਂ ਹੀ ਬੱਚੇ ਰੱਬ ਨੇ ਖੋਹ ਲਏ ਸਨ। ਉਹ ਇੱਕਦਮ ਪੱਥਰ ਹੋ ਗਈ ਸੀ।

ਕੁਝ ਦਿਨਾਂ ਮਗਰੋਂ ਪ੍ਰੇਮ ਨੇ ਲਾਜੋ ਨਾਲ ਰਹਿਣ ਲਈ ਪੰਚਾਇਤ ਬਿਠਾਈ ਪਰ ਲਾਜੋ ਨੇ ਇਨਕਾਰ ਕਰ ਦਿੱਤਾ। ਉਹ ਕਹਿ ਰਹੀ ਸੀ, 'ਇਸ ਪਾਪੀ ਨੇ ਮੇਰਾ ਘਰ ਉਜਾੜ 'ਤਾ, ਮੇਰੀ ਧੀ ਤੇ ਮੇਰੇ ਪੁੱਤ ਦੋਵਾਂ ਨੂੰ ਨਿਗਲ ਗਿਆ। ਮੈਂ ਇਸ ਨਾਲ ਨਹੀਂ ਰਹਿਣਾ। ਕੁਝ ਗੁਆਂਢਣਾਂ ਨੇ ਲਾਜੋ ਨੂੰ ਸਮਝਾਉਂਦਿਆਂ ਕਿਹਾ, 'ਹੁਣ ਤਾਂ ਤੁਸੀਂ ਇਕੱਠ ਰਹਿਣ ਲੱਗ ਜੋ, ਹੁਣ ਤਾਂ ਤੁਹਾਡੇ ਨਿਆਣੇ ਵੀ ਨਹੀਂ ਰਹੇ, ਘੱਟੋ-ਘੱਟ ਹੁਣ ਤਾਂ ਸੁਧਰ ਜਾਓ। ਜਿੰਨਾਂ ਚਿਰ ਜ਼ਿੰਦਗੀ ਏ'। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਲਾਜੋ ਨੇ 'ਕੱਠੇ ਰਹਿਣ ਲਈ ਹਾਮੀ ਭਰ ਦਿੱਤੀ। ਇਹ ਸਭ ਹੋ ਜਾਣ ਤੋਂ ਬਾਅਦ ਵੀ ਉਹ ਥੋੜ੍ਹਾ ਚਿਰ ਤਾਂ ਠੀਕ ਰਿਹਾ ਤੇ ਫਿਰ ਪਹਿਲਾਂ ਵਾਲਾ ਕਲੇਸ਼ ਸ਼ੁਰੂ ਹੋ ਗਿਆ। ਪ੍ਰੇਮ ਦਾਰੂ ਪੀ ਕੇ ਫਿਰ ਲਾਜੋ ਨੂੰ ਕੁੱਟਣ ਲੱਗ ਪਿਆ ਸੀ। ਕੁਝ ਚਿਰ ਤਾਂ ਲਾਜੋ ਨੇ ਸਹਿਣ ਕੀਤਾ ਪਰ ਹੁਣ ਉਸ ਦਾ ਸਬਰ ਆਪਣੇ ਆਖਰੀ ਸਾਹਾਂ 'ਤੇ ਸੀ।

ਅੱਜ ਘਰ ਤੋਂ ਜਾਣ ਵੇਲੇ ਪ੍ਰੇਮ ਨੇ ਸ਼ਰਾਬ ਪੀ ਕੇ ਲਾਜੋ ਨੂੰ ਬਹੁਤ ਕੁੱਟਿਆ। ਉਸ ਨੇ ਕਿਸੇ ਨੂੰ ਨਾ ਦੱਸਿਆ ਪਰ ਪੀੜ ਸਹਿਣ ਨਾ ਹੋਣ ਕਰਕੇ ਉਸ ਦੀ ਜਾਨ ਨਿਕਲ ਗਈ। ਅੱਜ ਉਹ ਆਪਣੇ ਨਾਂ ਵਾਂਗ ਲਾਜ ਰੱਖਦੀ ਰੱਖਦੀ ਇਸ ਜਹਾਨ ਤੋਂ ਤੁਰ ਗਈ ਸੀ। •

ਕੌਮੀ ਪੱਤ੍ਰਿਕਾ

## ਸੰਪਾਦਕੀ

# ਤਿੰਨ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚ ਚੱਲ ਰਹੀ ਚੋਣ ਸੂਚੀਆਂ ਦੀ ਵਿਸ਼ੇਸ਼ ਗੰਭੀਰ ਸੁਧਾਈ

ਨੌਂ ਰਾਜਾਂ ਅਤੇ ਤਿੰਨ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚ ਚੱਲ ਰਹੀ ਚੋਣ ਸੂਚੀਆਂ ਦੀ ਵਿਸ਼ੇਸ਼ ਗੰਭੀਰ ਸੁਧਾਈ (ਐੱਸ ਆਈ ਆਰ) ਨੇ ਅਫ਼ਰਾ-ਤਫ਼ਰੀ ਅਤੇ ਡਰ ਪੈਦਾ ਕਰ ਦਿੱਤਾ ਹੈ, ਜਿਸ ਨਾਲ ਜ਼ਮੀਨੀ ਪੱਧਰ ਦੇ ਚੋਣ ਅਧਿਕਾਰੀਆਂ ’ਤੇ ਬਹੁਤ ਜ਼ਿਆਦਾ ਦਬਾਅ ਪੈ ਰਿਹਾ ਹੈ। ਕਈ ਬੂਥ-ਪੱਧਰੀ ਅਧਿਕਾਰੀ (ਬੀ ਐੱਲ ਓਜ਼), ਜਿਨ੍ਹਾਂ ਦਾ ਮੁੱਖ ਕੰਮ ਵੋਟਰ ਸੂਚੀਆਂ ਨੂੰ ਸੋਧਣਾ ਹੈ, ਪੱਛਮੀ ਬੰਗਾਲ ਅਤੇ ਹੋਰ ਰਾਜਾਂ ਵਿੱਚ ਖ਼ੁਦਕੁਸ਼ੀ ਕਰ ਗਏ ਹਨ।

ਜ਼ਿਆਦਾਤਰ ਅਧਿਕਾਰੀ ਘੱਟ ਸਮੇਂ ਦੇ ਅੰਦਰ ਮਿਥੇ ਟੀਚਿਆਂ ਨੂੰ ਪੂਰਾ ਕਰਨ ਦੇ ਹੁਕਮਾਂ ਕਾਰਨ ਤਣਾਅ ਹੇਠ ਸਨ। ਉਨ੍ਹਾਂ ਨੂੰ ਨਾ ਸਿਰਫ਼ ਉਨ੍ਹਾਂ ਦੇ ਸੀਨੀਅਰਾਂ, ਸਗੋਂ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਵੱਲੋਂ ਵੀ ਤੰਗ ਕੀਤਾ ਜਾ ਰਿਹਾ ਹੈ। ਭਾਰਤੀ ਚੋਣ ਕਮਿਸ਼ਨ ਨੇ ਹੁਣ ਸਮੁੱਚੇ ਐੱਸ ਆਈ ਆਰ ਨੂੰ ਪੂਰਾ ਕਰਨ ਦੀ ਮਿਆਦ ਇੱਕ ਹਫ਼ਤੇ ਲਈ ਵਧਾ ਦਿੱਤੀ ਹੈ, ਪਰ ਇਸ ਨਾਲ ਤਣਾਅ ਘੱਟ ਕਰਨ ਜਾਂ ਵੱਖ-ਵੱਖ ਹਿੱਸੇਦਾਰਾਂ ਦੇ ਡਰ ਨੂੰ ਸ਼ਾਂਤ ਕਰਨ ਵਿੱਚ ਬਹੁਤੀ ਮਦਦ ਨਹੀਂ ਮਿਲੇਗੀ।

ਦੇਸ਼ ਭਰ ਵਿੱਚ ਐੱਸ ਆਈ ਆਰ ਨੂੰ ਇੱਕ ਮਹੀਨਾ ਪਹਿਲਾਂ ਸ਼ੁਰੂ ਕੀਤੇ ਜਾਣ ਤੋਂ ਬਾਅਦ ਹੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਗਭਗ 51 ਕਰੋੜ ਵੋਟਰ, ਜੋ ਕਿ ਭਾਰਤ ਦੀ ਆਬਾਦੀ ਦਾ ਇੱਕ ਤਿਹਾਈ ਤੋਂ ਵੱਧ ਹਨ, ਨੂੰ ਵੋਟਰ ਸੂਚੀਆਂ ਨੂੰ ਸੋਧਣ ਦੀ ਇਸ ਵਿਸ਼ਾਲ ਕਾਰਵਾਈ ਵਿੱਚ ਸ਼ਾਮਿਲ ਕੀਤਾ ਜਾਵੇਗਾ। ਹਾਲਾਂਕਿ, ਸ਼ੁਰੂ ਤੋਂ ਹੀ ਇਹ ਸਪੱਸ਼ਟ ਹੈ ਕਿ ਸਮਾਂ-ਸੀਮਾਵਾਂ ਵਿਹਾਰਕ ਨਹੀਂ ਹਨ। ਤਿੰਨ ਮਹੀਨਿਆਂ ਦੀ ਇਹ ਮਿਆਦ, ਜਿਸ ਦੀ ਸ਼ੁਰੂਆਤ ਗਿਣਤੀ ਫਾਰਮਾਂ ਦੀ ਵੰਡ ਨਾਲ ਹੁੰਦੀ ਹੈ, ਤੋਂ ਬਾਅਦ ਡਰਾਫਟ ਸੂਚੀਆਂ ਦਾ ਪ੍ਰਕਾਸ਼ਨ ਅਤੇ ਫਿਰ ਅੰਤਿਮ ਵੋਟਰ ਸੂਚੀਆਂ ਦੀ ਰਿਲੀਜ਼, ਬਿਲਕੁਲ ਵੀ ਕਾਫ਼ੀ ਨਹੀਂ ਹੈ ਜੋ ਅਧਿਕਾਰੀਆਂ ’ਤੇ ਆਪਣਾ ਅਸਰ ਪਾ ਰਹੀ ਹੈ।

ਚੋਣ ਸੂਚੀਆਂ ਦਾ ਸ਼ੁੱਧੀਕਰਨ ਆਜ਼ਾਦ ਅਤੇ ਨਿਰਪੱਖ ਚੋਣਾਂ ਲਈ ਇੱਕ ਜ਼ਰੂਰੀ ਸ਼ਰਤ ਹੈ, ਪਰ ਇਸ ਮਹੱਤਵਪੂਰਨ ਕਾਰਵਾਈ ਨੂੰ ਜਲਦਬਾਜ਼ੀ ਵਾਲੇ ਕੰਮ ਤੱਕ ਸੀਮਤ ਨਹੀਂ ਕਰਨਾ ਚਾਹੀਦਾ। ਵੋਟਰਾਂ ਨੂੰ ਇਹ ਯਕੀਨੀ ਬਣਾਉਣ ਲਈ ਢੁੱਕਵਾਂ ਸਮਾਂ ਦਿੱਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਨਾਮ ਸੂਚੀਆਂ ਵਿੱਚ ਸਹੀ ਢੰਗ ਨਾਲ ਦਰਜ ਹੋਣ। ਇਹੀ ਗੱਲ ਬੀ ਐੱਲ ਓਜ਼ ’ਤੇ ਵੀ ਲਾਗੂ ਹੁੰਦੀ ਹੈ, ਜੋ ਗ਼ੈਰ-ਹਾਜ਼ਰ, ਤਬਦੀਲ ਹੋ ਚੁੱਕੇ, ਮ੍ਰਿਤਕ ਜਾਂ ਡੁਪਲੀਕੇਟ ਵੋਟਰਾਂ ਦਾ ਡਾਟਾ ਇਕੱਠਾ ਕਰਨ ਲਈ ਬੂਥ-ਪੱਧਰੀ ਏਜੰਟਾਂ (ਰਾਜਨੀਤਕ ਪਾਰਟੀਆਂ ਦੁਆਰਾ ਨਿਯੁਕਤ) ਦੇ ਨਾਲ ਨਜ਼ਦੀਕੀ ਤਾਲਮੇਲ ਕਰਕੇ ਕੰਮ ਕਰਦੇ ਹਨ। ਜੇ ਐੱਸ ਆਈ ਆਰ ਇੱਕ ਤੋਂ ਬਾਅਦ ਇੱਕ ਵਿਘਨਕਾਰੀ ਵਿਵਾਦਾਂ ਵਿੱਚ ਫਸਿਆ ਰਹਿੰਦਾ ਹੈ ਤਾਂ ਇਸ ਦਾ ਉਦੇਸ਼ ਪੂਰਾ ਨਹੀਂ ਹੋਵੇਗਾ। ਚੋਣ ਕਮਿਸ਼ਨ ਨੂੰ ਬਿਹਾਰ ਦੀ ਕਾਰਵਾਈ ਤੋਂ ਮਿਲੇ ਸਬਕ ਹੋਰ ਰਾਜਾਂ ਵਿੱਚ ਵਰਤਣੇ ਚਾਹੀਦੇ ਹਨ। ਇੱਕ ਗ਼ੈਰ-ਮਿਆਰੀ, ਸ਼ੱਕੀ ਐੱਸ ਆਈ ਆਰ ਸਾਡੇ ਬਹੁਤ ਸਤਿਕਾਰੇ ਜਾਂਦੇ ਚੋਣ ਲੋਕਤੰਤਰ ’ਤੇ ਧੱਬਾ ਸਾਬਤ ਹੋ ਸਕਦੀ ਹੈ।

# ਸਰਦ ਰੁੱਤ ਸੈਸ਼ਨ ਅਤੇ ਵਿਰੋਧੀਆਂ ਵੱਲੋਂ ਭਾਰੀ ਹੰਗਾਮਾ

ਸੰਸਦ ਦਾ ਸਰਦ ਰੁੱਤ ਸੈਸ਼ਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਰੋਧੀ ਧਿਰ ਨੂੰ ‘ਡਰਾਮਾ ਨਹੀਂ, ਕੰਮ ਕਰਕੇ ਦਿਖਾਉਣ’ ਦੀ ਟਿੱਪਣੀ ਨਾਲ ਸ਼ੁਰੂ ਹੋ ਗਿਆ ਹੈ। ਇਹ ਵਿਰੋਧੀ ਧਿਰ ਨੂੰ ਭੰਡਣ ਵਾਲੀ ਤਿੱਖੀ ਟਿੱਪਣੀ ਹੈ, ਜਿਸ ਦਾ ਅੱਗਿਉਂ ਤਿੱਖਾ ਪ੍ਰਤੀਕਰਮ ਹੋਇਆ ਹੈ। ਰਾਜ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਦੀ ਇਸ ਟਿੱਪਣੀ ਦਾ ਜਵਾਬ ਦਿੰਦਿਆਂ ਆਖਿਆ ਹੈ ਕਿ ਅਜਿਹਾ ਕਰਕੇ ਉਨ੍ਹਾਂ ਨੇ ਲੋਕਾਂ ਦੇ ਅਸਲ ਮੁੱਦਿਆਂ ’ਤੇ ਧਿਆਨ ਦੇਣ ਦੀ ਥਾਂ ਮੁੜ ‘ਡਰਾਮੇਬਾਜ਼ੀ’ ਕੀਤੀ ਹੈ। ਉਨ੍ਹਾਂ ਨਾਲ ਇਹ ਵੀ ਕਿਹਾ ਕਿ ਇਹ ਹਕੀਕਤ ਹੈ ਕਿ ਸਰਕਾਰ ਗਿਆਰਾਂ ਸਾਲਾਂ ਤੋਂ ਸੰਸਦੀ ਮਰਿਆਦਾ ਦੀ ਲਗਾਤਾਰ ਉਲੰਘਣਾ ਕਰ ਰਹੀ ਹੈ ਅਤੇ ਦੋਸ਼ ਉਲਟਾ ਵਿਰੋਧੀ ਧਿਰ ’ਤੇ ਮੜ੍ਹ ਰਹੀ ਹੈ।

ਇਸ ਤਕਰਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ 19 ਦਿਨਾਂ ਦੇ ਸੰਖੇਪ ਪਰ ਮਹੱਤਵਪੂਰਨ ਸੈਸ਼ਨ ਦੀ ਦਸ਼ਾ ਤੇ ਦਿਸ਼ਾ ਕੀ ਹੋਵੇਗੀ। ਸਿਰਫ਼ 15 ਬੈਠਕਾਂ ਵਾਲੇ ਸੈਸ਼ਨ ਦੇ ਪਹਿਲਾਂ ਹੀ ਜ਼ਿਆਦਾ ਦਬਾਅ ਵਾਲਾ ਰਹਿਣ ਦੀ ਉਮੀਦ ਸੀ। ਪਹਿਲੇ ਦਿਨ ਹੀ ਚੋਣ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸ ਆਈ ਆਰ) ਦੇ ਵਿਵਾਦਪੂਰਨ ਮੁੱਦੇ ’ਤੇ ਕਾਰਵਾਈ ਮੁਲਤਵੀ ਹੋ ਗਈ, ਜੋ ਉਸਾਰੂ ਬਹਿਸ ਦੀ ਬਜਾਏ ਸ਼ੋਰ-ਸ਼ਰਾਬੇ ਵਾਲੇ ਟਕਰਾਅ ਕਾਰਨ ਇੱਕ ਹੋਰ ਸੈਸ਼ਨ ਅਜਾਈਂ ਜਾਣ ਦਾ ਸੰਕੇਤ ਦਿੰਦੀ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਜਾਣਬੁੱਝ ਕੇ ‘ਡਰਾਮੇ’ ਜਿਹੀਆਂ ਟਿੱਪਣੀਆਂ ਕਰਕੇ ਵਿਵਾਦ ਪੈਦਾ ਕਰਨਾ ਚਾਹੁੰਦੇ ਹਨ ਤਾਂ ਜੋ ਸੈਸ਼ਨ ਵਿੱਚ ਚਰਚਾ ਲਈ ਉਠਾਏ ਜਾਣ ਵਾਲੇ ਗੰਭੀਰ ਮੁੱਦਿਆਂ ’ਤੇ ਸੱਤਾਧਾਰੀ ਧਿਰ ਨੂੰ ਕੋਈ ਜਵਾਬ ਨਾ ਦੇਣਾ ਪਵੇ। ਸਰਕਾਰ ਦਾ ਦਾਅਵਾ ਹੈ ਕਿ ਇਹ ਇਸ ਸੈਸ਼ਨ ਵਿੱਚ ਲੰਬਿਤ ਆਰਥਿਕ ਸੁਧਾਰਾਂ ਅਤੇ ਟੈਕਸ ਸੋਧਾਂ ਤੋਂ ਲੈ ਕੇ ਸਿਹਤ ਸੁਰੱਖਿਆ ਅਤੇ ਆਬਕਾਰੀ ਪ੍ਰਸਤਾਵਾਂ ਤੱਕ ਵਿਧਾਨਕ ਏਜੰਡੇ ਨੂੰ ਅੱਗੇ ਵਧਾਉਣ ਦੀ ਤਿਆਰੀ ਕਰ ਰਹੀ ਹੈ ਅਤੇ ਇਸ ਸੈਸ਼ਨ ’ਚ ਸਰਕਾਰ ਜੀ ਐੱਸ ਟੀ ਢਾਂਚੇ ਤੇ ਸਿਹਤ ਖੇਤਰ ਦੇ ਨਿਯਮਾਂ ਵਿੱਚ ਸੋਧਾਂ ਕਰਨੀਆਂ ਚਾਹੁੰਦੀ ਹੈ। ਨਿਰੰਤਰ ਸ਼ੋਰ-ਸ਼ਰਾਬੇ ਦੇ ਮਾਹੌਲ ਵਿੱਚ ਸੰਸਦ ਕਾਨੂੰਨ ਨਹੀਂ ਬਣਾ ਸਕਦੀ।

ਵਿਰੋਧੀ ਧਿਰ ਐੱਸ ਆਈ ਆਰ ਦੇ ਮੁੱਦੇ ’ਤੇ ਆਕ੍ਰਮਕ ਹੈ ਅਤੇ ਇਸ ਬਾਰੇ ਤੁਰੰਤ ਬਹਿਸ ਦੀ ਮੰਗ ਸਿਧਾਂਤਕ ਤੌਰ ’ਤੇ ਜਾਇਜ਼ ਹੈ, ਪਰ ਜਿਸ ਤਰੀਕੇ ਨਾਲ ਸਦਨ ਦੀ ਕਾਰਵਾਈ ਨੂੰ ਵਾਰ-ਵਾਰ ਮੁਲਤਵੀ ਕੀਤਾ ਜਾ ਰਿਹਾ ਹੈ, ਉਹ ਸਹੀ ਨਹੀਂ ਹੈ। ਸਰਕਾਰ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਸੈਸ਼ਨ ਦਾ ਮਿਜ਼ਾਜ ਤੈਅ ਕਰਨਾ ਬਿਰਤਾਂਤ ਨੂੰ ਕੰਟਰੋਲ ਕਰਨ ਦੇ ਬਰਾਬਰ ਨਹੀਂ ਹੈ।

ਐੱਸ ਆਈ ਆਰ ’ਤੇ ਪਾਰਦਰਸ਼ਤਾ, ਅਸਹਿਮਤੀ ਨੂੰ ਜਗ੍ਹਾ ਦੇਣਾ ਅਤੇ ਤਿੱਖੇ ਸਵਾਲਾਂ ਲਈ ਗੁੰਜਾਇਸ਼ ਕਾਇਮ ਰੱਖਣਾ ਸੰਸਦੀ ਭਰੋਸੇਯੋਗਤਾ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। ਇੱਕ ਸੈਸ਼ਨ ਜੋ ਆਪਣੇ ਆਪ ਨੂੰ ਸਿਰਫ਼ ਬਿਆਨਬਾਜ਼ੀ ਅਤੇ ਵਾਕਆਊਟ ਤੱਕ ਸੀਮਤ ਕਰ ਲੈਂਦਾ ਹੈ, ਉਹ ਆਰਥਿਕ ਸੁਧਾਰ ਦੀਆਂ ਜ਼ਰੂਰਤਾਂ, ਅਸਥਿਰ ਵਿਸ਼ਵਵਿਆਪੀ ਹਾਲਾਤ ਅਤੇ ਗੁੰਝਲਦਾਰ ਅੰਦਰੂਨੀ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਦੇਸ਼ ਦੀਆਂ ਉਮੀਦਾਂ ਨਾਲ ਕੋਈ ਨਿਆਂ ਨਹੀਂ ਕਰੇਗਾ।

# ਅਨਮੋਲ ਮੁਸਕਾਨ ਚੈਰੀਟੇਬਲ ਟਰੱਸਟ ਅਤੇ ਐਨ.ਜੀ.ਓ. ਆਗਾਜ਼ ਵੱਲੋਂ ਜਲੰਧਰ ਵਿੱਚ ਨੌਜਵਾਨ ਲੜਕੀ ਦੀ ਬੇਰਹਿਮ ਹੱਤਿਆ ‘ਤੇ ਗਹਿਰਾ ਦੁੱਖ ਪ੍ਰਗਟ



**ਜਲੰਧਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਅਨਮੋਲ ਮੁਸਕਾਨ ਕ੍ਰਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰੱਸਟ ਦੀ ਚੇਅਰਪਰਸਨ ਅਮਰਜੀਤ ਕੌਰ ਪੂਜਾ ਅਤੇ ਐਨ.ਜੀ.ਓ. ਆਗਾਜ਼ ਦੇ ਸਕੱਤਰ ਸ੍ਰੀ ਗੁਰਵਿੰਦਰ ਸਿੰਘ ਭਾਟੀਆ ਨੇ ਕੱਲ੍ਹ ਜਲੰਧਰ ਵਿੱਚ ਕੁਝ ਦਿਨ ਪਹਿਲਾਂ ਬੇਰਹਿਮੀ ਨਾਲ ਬਲਾਤਕਾਰ ਤੋਂ ਬਾਅਦ ਕਤਲ ਕੀਤੀ ਗਈ ਨੌਜਵਾਨ ਲੜਕੀ ਦੇ ਪਰਿਵਾਰ ਨਾਲ ਮਿਲ ਕੇ ਡੂੰਘਾ ਅਫਸੋਸ, ਦੁੱਖ ਅਤੇ ਹਮਦਰਦੀ ਪ੍ਰਗਟ ਕੀਤੀ।

ਪਰਿਵਾਰ ਨਾਲ ਮੁਲਾਕਾਤ ਦੌਰਾਨ ਦੋਵੇਂ ਸਮਾਜਸੇਵੀ ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਪੂਰੇ ਪੰਜਾਬ ਦੇ ਜ਼ਮੀਰ ਨੂੰ ਝੰਜੋੜ ਦੇਣ ਵਾਲੀਆਂ ਹਨ। ਉਨ੍ਹਾਂ ਜ਼ੋਰ ਦਿੰਦੇ ਹੋਏ ਕਿਹਾ ਕਿ ਲੜਕੀਆਂ ਦੀ ਸੁਰੱਖਿਆ ਲਈ ਸਮਾਜ ਨੂੰ ਇਕੱਠੇ ਹੋਣ ਦੀ ਲੋੜ ਹੈ।

ਇਸ ਮੌਕੇ ਅਮਰਜੀਤ ਕੌਰ ਪੂਜਾ ਅਤੇ ਸ੍ਰੀ ਗੁਰਵਿੰਦਰ ਸਿੰਘ ਭਾਟੀਆ ਨੇ ਪੰਜਾਬ ਸਰਕਾਰ ਤੋਂ ਤੁਰੰਤ ਅਤੇ ਹਰ ਸੰਭਵ ਮਦਦ ਪੀੜਤ ਪਰਿਵਾਰ ਤੱਕ ਪਹੁੰਚਾਉਣ ਦੀ ਅਪੀਲ ਕੀਤੀ। ਉਨ੍ਹਾਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਭ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਲੜਕੀਆਂ ਅਤੇ ਔਰਤਾਂ ਦੀ ਸੁਰੱਖਿਆ ਲਈ ਮਜ਼ਬੂਤ, ਕਾਰਗਰ ਅਤੇ ਜ਼ਮੀਨੀ ਪੱਧਰ ‘ਤੇ ਲਾਗੂ ਹੋਣ ਵਾਲੀਆਂ ਨੀਤੀਆਂ ਤੁਰੰਤ ਤਿਆਰ ਕਰਕੇ ਲਾਗੂ ਕੀਤੀਆਂ ਜਾਣ।

ਉਨ੍ਹਾਂ ਕਿਹਾ ਕਿ ਇਹ ਸਮਾਂ ਸਿਆਸੀ ਦਾਅਵਿਆਂ ਜਾਂ ਬਿਆਨਾਂ ਦਾ ਨਹੀਂ, ਸਗੋਂ ਸੰਵੇਦਨਸ਼ੀਲ ਜ਼ਿੰਮੇਵਾਰੀਆਂ ਨਿਭਾਉਣ ਦਾ ਸਮਾਂ ਹੈ। ਹਰ ਮਾਂ, ਭੈਣ ਅਤੇ ਧੀ ਦੀ ਇੱਜ਼ਤ ਅਤੇ ਸੁਰੱਖਿਆ ਯਕੀਨੀ ਬਣਾਉਣਾ, ਪੰਜਾਬ ਸਰਕਾਰ ਅਤੇ ਸਮਾਜ ਦੋਵਾਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਪੰਚਾਇਤ ਸੰਮਤੀ ਬਲਾਕ ਬਠਿੰਡਾ ਦੇ 15 ਜੋਨਾਂ ਦੀ ਸ੍ਰੇਣੀ ਮੁਤਾਬਿਕ ਲਿਸਟ ਜਾਰੀ

**ਬਠਿੰਡਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਬਲਾਕ ਬਠਿੰਡਾ ਦੇ ਪੰਚਾਇਤ ਸੰਮਤੀ ਦੇ 15 ਜੋਨਾਂ ਦੇ ਮੈਂਬਰਾਂ ਦੀ ਚੋਣ ਕੀਤੀ ਜਾਣੀ ਹੈ। ਇਹ ਜਾਣਕਾਰੀ ਰਿਟਰਨਿੰਗ ਅਫਸਰ ਪੰਚਾਇਤ ਸੰਮਤੀ-ਕਮ-ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ ਬਲਕਰਨ ਸਿੰਘ ਮਾਹਲ ਨੇ ਸਾਂਝੀ ਕੀਤੀ।

ਰਿਟਰਨਿੰਗ ਅਫਸਰ ਪੰਚਾਇਤ ਸੰਮਤੀ-ਕਮ-ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ ਬਲਕਰਨ ਸਿੰਘ ਮਾਹਲ ਨੇ ਦੱਸਿਆ ਕਿ ਪੰਚਾਇਤ ਸੰਮਤੀ ਦੇ ਪਿੰਡ ਦਿਉਣ, ਗਹਿਰੀ ਭਾਗੀ ਉਰਫ ਗਹਿਰੀ ਦੇਵੀ ਨਗਰ ਤੇ ਝੂੰਬਾ (ਅਨੁਸੂਚਿਤ ਜਾਤੀ), ਬੀੜ ਬਹਿਮਣ, ਚੁੱਘੇ ਕਲਾਂ ਤੇ ਤਲਾਬ ਨਹਿਰ ਬਸਤੀ (ਅਨੁਸੂਚਿਤ ਜਾਤੀ ਇਸਤਰੀ), ਤਿਉਣਾ, ਬੱਲੂਆਣਾ, ਗੁਲਾਬਗੜ੍ਹ ਤੇ ਬੁਲਾਢੇਵਾਲਾ (ਇਸਤਰੀ), ਜੱਸੀ ਪੌ ਵਾਲੀ, ਭਾਗੂ, ਵਿਰਕ ਕਲਾਂ, ਮੁਲਤਾਨੀਆਂ ਅਤੇ ਬੁਰਜ ਮਹਿਮਾ (ਜਨਰਲ) ਲਈ ਚੋਣ ਕੀਤੀ ਜਾਵੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਉਕਤ ਜੋਨਾਂ ਲਈ ਉਮੀਦਵਾਰ ਜਾਂ ਉਸ ਦਾ ਤਜ਼ਵੀਜ ਕਰਤਾ ਆਪਣੇ ਨਾਮਜ਼ਦਗੀ ਪੱਤਰ ਸਵੇਰੇ 11 ਤੋਂ ਬਾਅਦ ਦੁਪਹਿਰ 3 ਵਜੇ ਤੱਕ ਰਿਟਰਨਿੰਗ ਅਫ਼ਸਰ ਨੂੰ 4 ਦਸੰਬਰ 2025 ਤੱਕ (ਸਿਵਾਏ ਪਬਲਿਕ ਛੁੱਟੀ ਵਾਲੇ ਦਿਨ) ਕਮਰਾ ਨੰਬਰ 311 ਅਦਾਲਤ ਰੂਮ, ਦੂਜੀ ਮੰਜਿਲ ਦਫਤਰ ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਵਿਖੇ ਜਮ੍ਹਾਂ ਕਰਵਾ ਸਕਦੇ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕੋਈ ਉਮੀਦਵਾਰ ਆਪਣੀ ਉਮੀਦਵਾਰੀ ਵਾਪਸ ਲੈਣੀ ਚਾਹੁੰਦਾ ਹੈ ਤਾਂ ਉਹ ਜਾਂ ਉਸ ਦਾ ਤਜਵੀਜ ਕਰਤਾ, (ਜਿਸ ਨੂੰ ਉਸ ਵੱਲੋ ਲਿਖਤੀ ਰੂਪ ਵਿਚ ਅਧਿਕਾਰਤ ਕੀਤਾ ਗਿਆ ਹੋਵੇ) ਤਾਂ ਉਹ 6 ਦਸੰਬਰ 2025 ਨੂੰ ਦੁਪਹਿਰ 3 ਵਜੇ ਤੱਕ ਲੈ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ 6 ਦਸੰਬਰ 2025 ਨੂੰ ਦੁਪਹਿਰ 3 ਵਜੇ ਤੋਂ ਬਾਅਦ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ।ਚੋਣਾਂ 14 ਦਸੰਬਰ 2025 ਨੂੰ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ।

# ਅਧਿਆਪਕਾਂ ਨੇ ਸਿੱਖੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਆਧੁਨਿਕ ਢੰਗ-ਤਰੀਕੇ

**ਤਰਨ ਤਾਰਨ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਤਹਿਤ ਬਲਾਕ ਖਡੂਰ ਸਾਹਿਬ ਵਿਖੇ ਪ੍ਰਾਇਮਰੀ ਅਧਿਆਪਕਾਂ ਲਈ ਚੱਲ ਰਹੀ ਵਿਸ਼ੇਸ਼ ਸਿਖਲਾਈ ਵਰਕਸ਼ਾਪ ਅੱਜ ਸਫਲਤਾਪੂਰਵਕ ਸਮਾਪਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਖਡੂਰ ਸਾਹਿਬ ਸ੍ਰ ਦਿਲਬਾਗ ਸਿੰਘ ਨੇ ਦੱਸਿਆ ਕਿ ਇਹ ਤਿੰਨ ਰੋਜ਼ਾ ਵਰਕਸ਼ਾਪ ਖਾਸ ਤੌਰ ▾ਤੇ ਪਹਿਲੀ ਅਤੇ ਦੂਜੀ ਜਮਾਤ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਆਯੋਜਿਤ ਕੀਤੀ ਗਈ ਸੀ।



ਅੱਜ ਇਸ ਸਿਖਲਾਈ ਦੇ ਆਖਰੀ ਬੈਚ ਦਾ ਸਮਾਪਨ ਹੋਇਆ। ਇਸ ਮੌਕੇ ਰਿਸੋਰਸ ਪਰਸਨ ਬੀ. ਆਰ. ਸੀ. ਮਨਦੀਪ ਸਿੰਘ, ਮਾਸਟਰ ਕੇਵਲ ਕੁਮਾਰ ਅਤੇ ਮੈਡਮ ਨਿਰਮਲਜੀਤ ਕੌਰ ਨੇ ਅਧਿਆਪਕਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸਿਖਲਾਈ ਦਿੱਤੀ।

ਉਨ੍ਹਾਂ ਨੇ ਅਧਿਆਪਕਾਂ ਨੂੰ ‘ਖੇਡ ਮਹਿਲ’ ਅਤੇ ਹੋਰ ਆਧੁਨਿਕ ਸਹਾਇਕ ਸਮੱਗਰੀ ਦੀ ਵਰਤੋਂ ਕਰਦੇ ਹੋਏ ਬੱਚਿਆਂ ਨੂੰ ਰੌਚਕ ਢੰਗ ਨਾਲ ਪੜ੍ਹਾਉਣ ਦੇ ਨੁਕਤੇ ਸਾਂਝੇ ਕੀਤੇ। ਇਸ ਸਿਖਲਾਈ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣਾ ਅਤੇ ਜਮਾਤ ਵਿੱਚ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਸੀ। ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਸ੍ਰ ਦਿਲਬਾਗ ਸਿੰਘ ਨੇ ਅਧਿਆਪਕ ਸਹਿਬਾਨ ਨੂੰ ਕਿਹਾ ਕਿ ਉਹ ਦਿੱਤੀ ਗਈ ਸਿਖਲਾਈ ਨੂੰ ਪੂਰਨ ਰੂਪ ਵਿੱਚ ਸਕੂਲਾਂ ਵਿੱਚ ਲਾਗੂ ਕਰਨ।

ਸਿਖਲਾਈ ਪ੍ਰਾਪਤ ਕਰਨ ਉਪਰੰਤ ਅਧਿਆਪਕਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਉਹ ਇਨ੍ਹਾਂ ਨਵੀਆਂ ਤਕਨੀਕਾਂ ਦੀ ਵਰਤੋਂ ਕਰਕੇ ਵਿਦਿਆਰਥੀਆਂ ਦੇ ਵਿੱਦਿਅਕ ਪੱਧਰ ਨੂੰ ਹੋਰ ਉੱਚਾ ਚੁੱਕਣਗੇ।

# ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ

**ਬਠਿੰਡਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਅੱਜ ਨਾਮਜ਼ਦਗੀਆਂ ਦੇ ਪਹਿਲੇ ਦਿਨ ਕੋਈ ਵੀ ਨਾਮਜ਼ਦਗੀ ਪੱਤਰ ਦਾਖਲ ਨਹੀਂ ਹੋਇਆ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਸਾਂਝੀ ਕੀਤੀ।

ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ 4 ਦਸੰਬਰ 2025 ਤੱਕ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖ਼ਰੀ ਮਿਤੀ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 5 ਦਸੰਬਰ 2025 ਨੂੰ ਦਾਖ਼ਲ ਕੀਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਅਤੇ 6 ਦਸੰਬਰ 2025 ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ।

ਉਨ੍ਹਾਂ ਦੱਸਿਆ ਕਿ 14 ਦਸੰਬਰ 2025 ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਵੋਟਿੰਗ ਹੋਵੇਗੀ ਅਤੇ 17 ਦਸੰਬਰ 2025 ਨੂੰ ਵੋਟਾਂ ਦੀ ਗਿਣਤੀ ਕਰਕੇ ਉਸੇ ਹੀ ਦਿਨ ਨਤੀਜੇ ਘੋਸ਼ਿਤ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਚੋਣ ਪ੍ਰਕਿਰਿਆ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਹੋਵੇਗੀ।

ਜ਼ਿਲ੍ਹਾ ਚੋਣ ਅਫਸਰ ਨੇ ਵੋਟਰਾਂ ਨੂੰ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਵੋਟ ਦਾ ਇਸਤੇਮਾਲ ਬਿਨਾਂ ਕਿਸੇ ਡਰ ਭੈ ਅਤੇ ਲਾਲਚ ਤੋਂ ਪਹਿਲੇ ਦਿਨ ਕੋਈ ਵੀ ਨਾਮਜ਼ਦਗੀ ਪੱਤਰ ਦਾਖਲ ਨਹੀਂ ਹੋਇਆ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਸਾਂਝੀ ਕੀਤੀ। ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ 4 ਦਸੰਬਰ 2025 ਤੱਕ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖ਼ਰੀ ਮਿਤੀ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 5 ਦਸੰਬਰ 2025 ਨੂੰ ਦਾਖ਼ਲ ਕੀਤੇ ਨਾਮਜ਼ਦਗੀ ਪੱਤਰਾਂ ਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਵੋਟ ਦਾ ਇਸਤੇਮਾਲ ਬਿਨਾਂ ਕਿਸੇ ਡਰ ਭੈ ਅਤਦੀ ਪੜਤਾਲ ਕੀਤੀ ਜਾਵੇਗੀਕਰਨ।

# ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਮੈਂਬਰ ਬਣਨ ਲਈ ਚਾਹਵਾਨ ਹੋਏ ਪੱਬਾਂ ਭਾਰ

**ਮਾਛੀਵਾੜਾ ਸਾਹਿਬ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ, ਚੋਣ ਕਮਿਸ਼ਨ ਅਤੇ ਵਿਕਾਸ ਪੰਚਾਇਤ ਵਿਭਾਗ ਵਲੋਂ ਪੰਜਾਬ ਭਰ ਵਿੱਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦਾ ਐਲਾਨ ਬੀਤੇ ਦਿਨੀਂ ਕਰ ਦਿੱਤਾ ਗਿਆ ਹੈ, ਜਿਸ ਨਾਲ ਪੰਜਾਬ ਵਿੱਚ ਚਾਹਵਾਨ ਉਮੀਦਵਾਰਾਂ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ॥

ਰਿਕਾਰਡ ਅਨੁਸਾਰ 154 ਬਲਾਕ ਸੰਮਤੀਆਂ ਅਤੇ 23 ਜ਼ਿਲ੍ਹਾ ਪ੍ਰੀਸ਼ਦਾਂ ਲਈ ਵੋਟਾਂ 14 ਦਸੰਬਰ ਨੂੰ ਪਾਈਆਂ ਜਾਣਗੀਆਂ ਜਿਸ ਦਾ ਨਤੀਜਾ 17 ਦਸੰਬਰ ਨੂੰ ਐਲਾਨਿਆ ਜਾਵੇਗਾ।ਕਿੰਨੀ ਦਿਲਚਸਪ ਗੱਲ ਹੈ ਕਿ ਲੱਖਾਂ ਰੁਪਏ ਖਰਚ ਕੇ ਬਲਾਕ ਸੰਮਤੀ ਮੈਂਬਰ ਚੁਣੇ ਜਾਣ ਤੇ ਵੀ ਜੇਤੂ ਮੈਂਬਰਾਂ ਕੋਲ ਕੀ ਕੀ ਅਧਿਕਾਰ ਹੋਣਗੇ,ਕੰਮ ਕਿਵੇਂ ਕੀਤਾ ਜਾਣਾ ਹੈ , ਮੀਟਿੰਗਾਂ ਵਿੱਚ ਭਾਗ ਲੈਣ ਲਈ ਜਾਣਕਾਰੀ ਲੈਣੀ ਸ਼ੁਰੂ ਕਰ ਦਿੱਤੀ ਹੈ।ਇਨ੍ਹਾਂ ਚੋਣਾਂ ਲਈ 154 ਬਲਾਕ ਸੰਮਤੀਆਂ ਦੇ ਲਗਭਗ 2850 ਬਲਾਕ ਸੰਮਤੀ ਮੈਂਬਰ ਚੁਣੇ ਜਾਣਗੇ ਤੇ ਸਭ ਤੋਂ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਕੋਲ ਕਾਨੂੰਨੀ ਤੌਰ ’ਤੇ ਕਿਹੜੇ ਅਧਿਕਾਰ ਹਨ ?

ਵੱਖ-ਵੱਖ ਪਾਰਟੀਆਂ ਦੇ ਚਾਹਵਾਨ ਨੂੰ ਉਮੀਦਵਾਰਾਂ ਅੰਤਾਂ ਦੀ ਸਿਰਦਰਦੀ, ਖਰਚੇ, ਧੜੇਬੰਦੀ, ਸ਼ਰਾਬਾਂ ਤੇ ਵੋਟਰਾਂ ਦੀ ਆਓ ਭਗਤ ’ਤੇ ਪਤਾ ਨਹੀਂ ਕਿੰਨੇ ਕੁ ਰੁਪਏ ਖਰਚ ਹੋਣਗੇ ਪਰ ਹੈਰਾਨੀਜਨਕ ਤੱਥ ਇਹ ਹਨ ਕਿ ਇਨ੍ਹਾਂ ਬਲਾਕ ਸੰਮਤੀ ਮੈਂਬਰਾਂ ਕੋਲ ਇਕ ਫੋਟੋ ਨੂੰ ਟੈਸਟ ਕਰਨ ਦਾ ਅਧਿਕਾਰ ਵੀ ਨਹੀਂ ਹੁੰਦਾ। ਬਲਾਕ ਸੰਮਤੀ ਮੈਂਬਰ ਸਿਰਫ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਹਨ ਤੇ ਅਫਸਰ ਉਨ੍ਹਾਂ ਨੂੰ ਕਾਨੂੰਨ ਮੁਤਾਬਕ ਮਤੇ ਲਿਖ ਕੇ ਦੇ ਦਿੰਦੇ ਹਨ, ਜਿਨ੍ਹਾਂ ਉੱਪਰ ਸਹਿਮਤੀ ਜਾਂ ਅਸਹਿਮਤੀ ਦਾ ਹੱਕ ਹੁੰਦਾ ਹੈ।

ਬਹੁਤੇ ਤਾਂ ਚੁਣੇ ਹੋਏ ਬਲਾਕ ਸੰਮਤੀ ਮੈਂਬਰਾਂ ਨੂੰ ਆਪਣੇ ਅਧਿਕਾਰਾਂ ਦਾ ਹੀ ਪਤਾ ਨਹੀਂ ਹੁੰਦਾ।ਹੁਣ ਪੰਜਾਬ ਦੇ ਇਕ ਕਰੋੜ 35 ਲੱਖ 98 ਹਜ਼ਾਰ ਪੇਂਡੂ ਵੋਟਰਾਂ ਨੇ 1974 ਪੋਲਿੰਗ ਬੂਥਾਂ ’ਤੇ ਜਾ ਕੇ ਸੱਤ ਦਿਨ ਦੇ ਚੋਣ ਪ੍ਰਚਾਰਦੇ ਘਮਸਾਣ ਤੋਂ ਬਾਅਦ ਆਪਣੀ ਮੱਤ ਦਾ ਮੱਤਦਾਨ ਕਰਨਾ ਹੈ ।ਇਸ ਦੌਰਾਨ ਪੋਸਟਰ, ਹੋਰਡਿੰਗ, ਬੈਨਰ, ਸਟਿੱਕਰ ਅਤੇ ਚੋਣ ਪ੍ਰਚਾਰ ਦੇ ਹੋਰ ਖਰਚਿਆਂ ਵਿਚੋਂ ਨਿਕਲ ਕੇ ਉਮੀਦਵਾਰਾਂ ਨੇ ਦਿਨ-ਰਾਤ ਦਾ ਭੱਠ ਝੋਕ ਕੇ ਬਲਾਕ ਸੰਮਤੀ ਮੈਂਬਰ ਬਣਨਾ ਹੋ ਪਰ ਕਿਸੇ ਨੂੰ ਵੀ ਇਹ ਪਤਾ ਨਹੀਂ ਹੋਣਾ ਕਿ ਉਨ੍ਹਾਂ ਦੇ ਬਲਾਕ ਸੰਮਤੀ ਮੈਂਬਰ ਬਣ ਜਾਣ ਨਾਲ ਸਿਰਫ ’ਸਤਿ ਸ੍ਰੀ ਅਕਾਲ’ ਮਿਲਦੀ ਹੈ ਜਾਂ ਕੁਝ ਹੋਰ ਅਧਿਕਾਰ ਵੀ ਮਿਲਣਗੇ ਇਹ ਵੀ ਵੇਖਣਾ ਹੋਵੇਗਾ।

ਇਨ੍ਹਾਂ ਚੋਣਾਂ ਵਿਚ 50 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਹਨ ਅਤੇ ਇਨ੍ਹਾਂ ਚੋਣਾਂ ਲਈ 1400 ਤੋਂ ਵੱਧ ਬਲਾਕ ਸੰਮਤੀ ਮੈਂਬਰ ਔਰਤਾਂ ਹੀ ਚੁਣੀਆਂ ਜਾਣੀਆਂ ਹਨ , ਜਿਨਾਂ ਨੂੰ ਵਧੇਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਮਰਦ ਪ੍ਰਧਾਨ ਸਮਾਜ ਵਿੱਚ ਉਹਨਾਂ ਨੂੰ ਚੁਣੇ ਜਾਣ ਤੇ ਵੀ ਆਪਣੀ ਅਧਿਕਾਰ ਹਾਸਲ ਨਹੀਂ ਹੁੰਦੇ ਉਹ ਸਿਰਫ ਆਪਣੇ ਪਰਿਵਾਰਿਕ ਮੈਂਬਰਾਂ ਦੀ ਕਹਿਣ ਦੇ ਕਿੱਥੇ ਮੋਹਰ ਲਾਉਣੀ ਹੈ, ਕਿੱਥੇ ਨਹੀਂ ਲਾਉਣੀ, ਕਿੱਥੇ ਦਸਤਖਤ ਕਰਨੇ ਹਨ, ਕਿੱਥੇ ਨਹੀਂ ਕਰਨੇ ਇਸ ਦੁਆਲੇ ਹੀ ਘਿਰੀਆਂ ਰਹਿੰਦੀਆਂ ਹਨ।

ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਉਮੀਦਵਾਰ ਭਾਵੇਂ ਕੋਈ ਵੀ ਹੋਵੇ ਪਰ ਉਹਨਾਂ ਪਿੱਛੇ ਝੰਡਾ ਚੱਕ ਕੇ ਤੁਰਨ ਵਾਲੇ ਅਜਿਹੇ ਲੋਕ ਜੋ ਸਿਰਫ ਆਪਣੇ ਖਾਣ ਪੀਣ ਤੱਕ ਮਤਲਬ ਰੱਖਦੇ ਹਨ ਉਹਨਾਂ ਦੀਆਂ ਮੌਜਾਂ ਸ਼ੁਰੂ ਹੋ ਗਈਆਂ ਹਨ, ਖਾਸ ਤੌਰ ਤੇ ਚੋਣਾਂ ਹੋਣ ਵਾਲੇ ਦਿਨ ਤੱਕ ਤਾਂ ਉਹਨਾਂ ਨੂੰ ਖਾਣ ਪੀਣ ਦੀ ਕੋਈ ਪਰਵਾਹ ਹੀ ਨਹੀਂ।ਵੱਖ-ਵੱਖ ਪਾਰਟੀਆਂ ਵੱਲੋਂ ਜਦੋਂ ਚਾਹਵਾਨ ਉਮੀਦਵਾਰਾਂ ਦੇ ਨਾਮ ਘੋਸ਼ਿਤ ਕੀਤੇ ਤਾਂ ਇਹ ਟੋਲੇ ਉਹਨਾਂ ਦੇ ਆਲੇ ਦੁਆਲੇ ਘੁੰਮਣੇ ਸ਼ੁਰੂ ਹੋ ਗਏ ਭਾਵੇਂ ਕਿ ਬਹੁਤੇ ਹਮਾਇਤੀ ਜੋ ਦਿਨ ਰਾਤ ਜ਼ੋਰ ਲਾ ਕੇ ਆਪਣੇ ਕਰੀਬੀਆਂ ਨੂੰ ਜਿਤਾਉਣ ਦਾ ਯਤਨ ਕਰਦੇ ਹਨ, ਪਰ ਉਹਨਾਂ ਵਿੱਚ ਕੁਝ ਅਜਿਹੇ ਵਿਅਕਤੀ ਵੀ ਮੌਜੂਦ ਹੁੰਦੇ ਹਨ ਜਿਨਾਂ ਦਾ ਮਕਸਦ ਸਿਰਫ ਖਾਣ ਪੀਣ ਤੱਕ ਹੀ ਹੁੰਦਾ ਹੈ। ਉਹਨਾਂ ਲਈ ਸਿਰਫ ਇਹ ਗੱਲ ਹੁੰਦੀ ਹੈ ਕਿ ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ। ਇਹਨਾਂ ਖਾਊ ਮਿੱਤਰਾਂ ਨੇ ਇਹ ਵੀ ਦੇਖਣਾ ਹੁੰਦਾ ਹੈ ਕਿ ਕਿਸ ਪਾਸੇ ਚੰਗਾ ਬ੍ਰਾਂਡ ਚੱਲ ਰਿਹਾ ਤੇ ਕਿਸ ਪਾਸੇ ਮਾੜਾ।

# ਹਲਕਾ ਇੰਚਾਰਜਾਂ ਨੇ ਚੋਣਾਂ ਦੀਆਂ ਤਿਆਰੀਆਂ ਸਬੰਧੀ ਵਰਕਰਾਂ ਨਾਲ ਕੀਤੀ ਮੀਟਿੰਗ



**ਫਗਵਾੜਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸ੍ਰੋਮਣੀ ਅਕਾਲੀ ਦਲ (ਬਾਦਲ) ਦੀ ਇੱਕ ਮੀਟਿੰਗ ਸ. ਰਣਜੀਤ ਸਿੰਘ ਖੁਰਾਣਾ ਹਲਕਾ ਇੰਚਾਰਜ ਫਗਵਾੜਾ ਸ਼ਹਿਰੀ ਅਤੇ ਸ. ਰਜਿੰਦਰ ਸਿੰਘ ਚੰਦੀ ਹਲਕਾ ਇੰਚਾਰਜ ਫਗਵਾੜਾ ਦਿਹਾਤੀ ਦੀ ਸਾਂਝੀ ਅਗਵਾਈ ਹੇਠ ਹੋਈ। ਜਿਸ ਵਿੱਚ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਸ. ਜਰਨੈਲ ਸਿੰਘ ਵਾਹਦ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਇਸ ਮੀਟਿੰਗ ਦੌਰਾਨ ਹਲਕਾ ਫਗਵਾੜਾ ਦੀਆਂ ਜਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਹਲਕਾ ਇੰਚਾਰਜ ਖੁਰਾਣਾ ਅਤੇ ਚੰਦੀ ਨੇ ਦੱਸਿਆ ਕਿ ਪਾਰਟੀ ਦੇ ਕੌਮੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਹਦਾਇਤ ਅਨੁਸਾਰ ਇਹ ਚੋਣਾ ਸ਼੍ਰੋਮਣੀ ਅਕਾਲੀ ਦਲ ਆਪਣੇ ਚੋਣ ਨਿਸ਼ਾਨ ‘ਤੱਕੜੀ’ ‘ਤੇ ਲੜੇਗਾ ਅਤੇ ਫਗਵਾੜਾ ਹਲਕੇ ‘ਚ 2 ਜਿਲ੍ਹਾ ਪ੍ਰੀਸ਼ਦ ਤੇ 20 ਬਲਾਕ ਸੰਮਤੀ ਦੀਆਂ ਸੀਟਾਂ ‘ਤੇ ਸ਼ਾਨਦਾਰ ਜਿੱਤ ਦਰਜ ਕਰਕੇ 2027 ਦੀਆਂ ਪੰਜਾਬ ਵਿਧਾਨਸਭਾ ਚੋਣਾ ਦਾ ਬਿਗੁਲ ਫੂਕਿਆ ਜਾਵੇਗਾ। ਉਹਨਾਂ ਦੱਸਿਆ ਕਿ ਮੀਟਿੰਗ ਦੌਰਾਨ ਸਮੂਹ ਵਰਕਰਾਂ ਨੂੰ ਬਲਾਕ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਲਈ ਜੰਗੀ ਪੱਧਰ ‘ਤੇ ਵੋਟਰਾਂ ਨੂੰ ਪਾਰਟੀ ਦੇ ਹੱਕ ਵਿੱਚ ਲਾਮਬੰਦ ਕਰਨ ਦੀ ਹਦਾਇਤ ਕੀਤੀ ਗਈ ਹੈ।

ਉਹਨਾਂ ਦੱਸਿਆ ਕਿ ਚੋਣਾਂ ਨੂੰ ਲੈ ਕੇ ਸਮੂਹ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਉਹਨਾਂ ਇਹ ਵੀ ਸਪਸ਼ਟ ਕਿਹਾ ਕਿ ਚੋਣਾਂ ਦੌਰਾਨ ਸੱਤਾ ਧਿਰ ਦੀ ਕੋਈ ਵੀ ਧੱਕੇਸ਼ਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ ਹਲਕਾ ਫਗਵਾੜਾ ਤੋ ਸੀਨੀਅਰ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।

# ਵਿਸ਼ਵ ਏਡਜ਼ ਦਿਵਸ ‘ਤੇ ਹੁਸ਼ਿਆਰਪੁਰ ‘ਚ ਜਾਗਰੂਕਤਾ ਵਾਕਾਥਨ ਕਰਵਾਈ




**ਹੁਸ਼ਿਆਰਪੁਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਵਿਸ਼ਵ ਏਡਜ਼ ਦਿਵਸ ਦੇ ਮੌਕੇ ’ਤੇ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਸੋਸਾਇਟੀ ਵੱਲੋਂ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ (ਸਹਿ-ਸਿੱਖਿਆ) ਘੰਟਾ ਘਰ ਤੋਂ ਬੱਸ ਸਟੈਂਡ ਤੱਕ ਇਕ ਜਾਗਰੂਕਤਾ ਵਾਕਾਥਨ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਦਾ ਉਦਘਾਟਨ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਹਰੀ ਝੰਡੀ ਦਿਖਾ ਕੇ ਕੀਤਾ। ਵਾਕਾਥਨ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਸਮਾਜ ਸੇਵਕਾਂ ਅਤੇ ਆਮ ਨਾਗਰਿਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਤੋਂ ਪਹਿਲਾਂ ਸਰਕਾਰੀ ਸਕੂਲ ਘੰਟਾ ਘਰ ਵਿਖੇ ਏਡਜ਼ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਮਾਹਿਰਾਂ ਨੇ ਐੱਚ.ਆਈ.ਵੀ/ਏਡਜ਼ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਰੋਕਥਾਮ ਦੇ ਉਪਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਏਡਜ਼ ਵਰਗੀ ਗੰਭੀਰ ਬਿਮਾਰੀ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਦੀ ਰੋਕਥਾਮ ਨੌਜਵਾਨਾਂ ਨੂੰ ਸਹੀ ਜਾਣਕਾਰੀ ਅਤੇ ਸਿੱਖਿਆ ਪ੍ਰਦਾਨ ਕਰਕੇ ਹੀ ਸੰਭਵ ਹੈ। ਉਨ੍ਹਾਂ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਸੋਸਾਇਟੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਮਾਜ ਨੂੰ ਸਿਹਤਮੰਦ ਅਤੇ ਜਾਗਰੂਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਵਿਧਾਇਕ ਜਿੰਪਾ ਨੇ ਕਿਹਾ ਕਿ ਸਿਰਫ਼ ਸਰਕਾਰ ਅਤੇ ਸਮਾਜ ਮਿਲ ਕੇ ਹੀ ਇਸ ਚੁਨੌਤੀ ਦਾ ਸਾਹਮਣਾ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਨਾਉਣ ਦੀ ਅਪੀਲ ਕੀਤੀ। ਉਨ੍ਹਾਂ ਅਧਿਆਪਕਾਂ ਅਤੇ ਮਾਪਿਆਂ ਨੂੰ ਵੀ ਜ਼ਿੰਮੇਵਾਰੀ ਲੈਣ ਦਾ ਸੱਦਾ ਦਿੱਤਾ ਤਾਂ ਜੋ ਨਵੀਂ ਪੀੜ੍ਹੀ ਸੁਰੱਖਿਅਤ ਅਤੇ ਜਾਗਰੂਕ ਹੋ ਸਕੇ। ਉਨ੍ਹਾਂ ਕਿਹਾ ਕਿ ਜਾਗਰੂਕਤਾ ਸਭ ਤੋਂ ਵੱਡਾ ਹਥਿਆਰ ਹੈ ਜੋ ਸਮਾਜ ਨੂੰ ਏਡਜ਼ ਵਰਗੀਆਂ ਬਿਮਾਰੀਆਂ ਤੋਂ ਬਚਾ ਸਕਦਾ ਹੈ।

ਸਮਾਗਮ ਵਿਚ ਕੇਂਦਰ ਦੀ ਮਨੋਵਿਗਿਆਨੀ ਡਾ. ਸਿਮਰਨ ਸੈਣੀ ਮਨੋਵਿਗਿਆਨੀ ਸਿਵਲ ਹਸਪਤਾਲ, ਹੁਸ਼ਿਆਰਪੁਰ ਨੇ ਵੀ ਪ੍ਰੋਗਰਾਮ ਨੂੰ ਸੰਬੋਧਨ ਕੀਤਾ ਅਤੇ ਏਡਜ਼ ਨਾਲ ਸਬੰਧਤ ਮਿੱਥਾਂ ਨੂੰ ਦੂਰ ਕਰਨ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਹੀ ਜਾਣਕਾਰੀ ਅਤੇ ਸੰਵੇਦਨਸ਼ੀਲਤਾ ਇਸ ਬਿਮਾਰੀ ਨਾਲ ਲੜਨ ਦਾ ਸਭ ਤੋਂ ਵੱਡਾ ਸਾਧਨ ਹਨ।

ਇਸ ਮੌਕੇ ’ਤੇ ਮੌਜੂਦ ਲੋਕਾਂ ਨੇ ਪ੍ਰਣ ਲਿਆ ਕਿ ਉਹ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਅਤੇ ਭਾਰਤ ਨੂੰ ਏਡਜ਼ ਮੁਕਤ ਬਣਾਉਣ ਵਿੱਚ ਯੋਗਦਾਨ ਪਾਉਣਗੇ। ਵਾਕਾਥਾਨ ਦੌਰਾਨ ਵਿਦਿਆਰਥੀਆਂ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਜਾਗਰੂਕਤਾ ਨਾਅਰੇ ਲਗਾਏ ਅਤੇ ਸੰਦੇਸ਼ ਦਿੱਤਾ ਕਿ ਇਸ ਬਿਮਾਰੀ ਨਾਲ ਇਕਜੁੱਟ ਹੋ ਕੇ ਹੀ ਲੜਿਆ ਜਾ ਸਕਦਾ ਹੈ।

ਇਸ ਮੌਕੇ ਡਾ. ਜਸਲੀਨ ਕੌਰ ਮੈਡੀਕਲ ਅਫ਼ਸਰ ਇੰਚਾਰਜ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ, ਪ੍ਰਸ਼ਾਂਤ ਆਦੀਆ ਕੌਂਸਲਰ, ਸੰਦੀਪ ਕੁਮਾਰੀ ਮਨੋਵਿਗਿਆਨੀ, ਪਰਮਿੰਦਰ ਕੌਰ ਕੌਂਸਲਰ, ਐਚ.ਐਚ.ਓ ਕਿਰਨ ਸਿੰਘ,ਮਾਹਿਰਾਂ ਨੇ ਐੱਚ.ਆਈ.ਵੀ/ਏਡਜ਼ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਰੋਕਥਾਮ ਦੇ ਉਪਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਏਡਜ਼ ਵਰਗੀ ਗੰਭੀਰ ਬਿਮਾਰੀ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਦੀ ਰੋਕਥਾਮ ਨੌਜਵਾਨਾਂ ਨੂੰ ਸਹੀ ਜਾਣਕਾਰੀ ਅਤੇ ਸਿੱਖਿਆ ਪ੍ਰਦਾਨ ਕਰਕੇ ਹੀ ਸੰਭਵ ਹੈ। ਉਨ੍ਹਾਂ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਸੋਸਾਇਟੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਮਾਜ ਨੂੰ ਸਿਹਤਮੰਦ ਅਤੇ ਜਾਗਰੂਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਵਿਧਾਇਕ ਜਿੰਪਾ ਨੇ ਕਿਹਾ ਕਿ ਸਿਰਫ਼ ਸਰਕਾਰ ਅਤੇ ਸਮਾਜ ਮਿਲ ਕੇ ਹੀ ਇਸ ਚੁਨੌਤੀ ਦਾ ਸਾਹਮਣਾ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਨਾਉਣ ਦੀ ਅਪੀਲ ਕੀਤੀ। ਉਨ੍ਹਾਂ ਅਧਿਆਪਕਾਂ ਅਤੇ ਮਾਪਿਆਂ ਨੂੰ ਵੀ ਜ਼ਿੰਮੇਵਾਰੀ ਲੈਣ ਦਾ ਸੱਦਾ ਦਿੱਤਾ ਤਾਂ ਜੋ ਨਵੀਂ ਪੀੜ੍ਹੀ ਸੁਰੱਖਿਅਤ ਅਤੇ ਜਾਗਰੂਕ ਹੋ ਸਕੇ। ਕਰੁਣ ਸ਼ਰਮਾ ਪਿ੍ਰੰਸੀਪਲ ਸਰਕਾਰੀ ਮਨੋਵਿਗਿਆਨੀ ਡਾ. ਸਿਮਰਨ ਸੈਣੀ ਮਨੋਵਿਗਿਆਨੀ ਸਿਵਲ ਹਸਪਤਾਲ, ਹੁਸ਼ਿਆਰਪੁਰ ਨੇ ਵੀ ਪ੍ਰੋਗਰਾਮ ਨੂੰ ਸੰਬੋਧਨ ਕੀਤਾ ਅਤੇ ਸਮਾਰਟ ਸੀਨੀਅਰ ਸੈਕੰਡਰੀ ਸਕੂਲ (ਕੋ-ਐਡ) ਘੰਟਾ ਘਰ, ਵਰਿੰਦਰ ਵੈਦਿਆ ਵੀ ਹਾਜ਼ਰ ਸਨ ।

# ਖਰੜ ਦੇ ਆੜ੍ਹਤੀਆਂ ਵਲੋਂ ਝੋਨੇ ਦੀ ਖਰੀਦ ਸੀਜ਼ਨ ਦਾ ਕਮਿਸ਼ਨ ਤੇ ਲੇਬਰ ਭੁਗਤਾਨ ਕਰਨ ਦੀ ਕੀਤੀ ਮੰਗ

**ਖਰੜ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਅਨਾਜ ਮੰਡੀ ਖਰੜ ਦੇ ਆੜ੍ਹਤੀ ਸੁਨੀਲ ਅਗਰਵਾਲ ਨੇ ਦੱਸਿਆ ਕਿ ਖਰੜ ਦੇ ਆੜ੍ਹਤੀਆ ਨੇ ਹਾਲ ਹੀ ਵਿੱਚ ਹੋਏ ਝੋਨੇ ਦੇ ਖਰੀਦ ਸੀਜ਼ਨ ਲਈ ਆਪਣੇ ਕਮਿਸ਼ਨ ਅਤੇ ਲੇਬਰ ਦਾ ਭੁਗਤਾਨ ਨਾ ਹੋਣ ’ਤੇ ਡੂੰਘੀ ਨਿਰਾਸ਼ਾ ਪ੍ਰਗਟ ਕੀਤੀ ਹੈ, ਕਿਉਂਕਿ ਅਜੇ ਤੱਕ ਆੜ੍ਹਤੀਆਂ ਨੂੰ ਲੇਬਰ ਅਤੇ ਕਮਿਸ਼ਨ ਦਾ ਸਰਕਾਰ ਵਲੋਂ ਭੁਗਤਾਨ ਨਹੀ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦਸਿਆ ਕਿ ਇਸ ਸਾਲ ਖਰੀਦ ਮਾਰਕਫੈੱਡ ਦੁਆਰਾ ਕੀਤੀ ਗਈ ਸੀ, ਪਰ ਉਨ੍ਹਾਂ ਦੀ ਆੜਤ (ਕਮਿਸ਼ਨ) ਅਤੇ ਲੇਬਰ ਦਾ ਭੁਗਤਾਨ ਹੁਣ ਤੱਕ ਜਾਰੀ ਨਹੀਂ ਕੀਤਾ ਗਿਆ। ਇੱਥੋ ਤੱਕ ਕਿ ਆੜ੍ਹਤੀਆਂ ਨੂੰ ਇਸ ਸਬੰਧੀ ਕੋਈ ਅਧਿਕਾਰਤ ਕਾਰਨ ਵੀ ਨਹੀਂ ਦੱਸਿਆ ਗਿਆ ਹੈ, ਉਨ੍ਹਾਂ ਨੂੰ ਡਰ ਹੈ ਕਿ ਇਹ ਕਥਿਤ ਤੌਰ ਤੇ ਵਿਭਾਗ ਦੀ ਵੱਡੀ ਸਾਜ਼ਿਸ਼ ਦਾ ਹਿੱਸਾ ਹੋ ਸਕਦਾ ਹੈ ਕਿਉਕਿ ਭੁਗਤਾਨਾਂ ਜਾਂ ਜਵਾਬਦੇਹੀ ਬਾਰੇ ਕੋਈ ਸਪੱਸ਼ਟਤਾ ਨਾ ਹੋਣ ਕਰਕੇ, ਉਹ ਆਪਣੇ ਅਗਲੇ ਕਦਮਾਂ ਬਾਰੇ ਅਨਿਸ਼ਚਿਤ ਹਨ। ਉਨ੍ਹਾਂ ਕਿਹਾ ਕਿ ਸਾਨੂੰ ਹੁਣ ਕੀ ਕਰਨਾ ਚਾਹੀਦਾ ਹੈ, ਅਤੇ ਕੌਣ ਜ਼ਿੰਮੇਵਾਰੀ ਲਵੇਗਾ ? ਬਾਰੇ ਵੀ ਸਰਕਾਰ ਅਤੇ ਵਿਭਾਗ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਡੀ.ਐਮ. ਮਾਰਕਫੈੱਡ ਅਤੇ ਡੀ.ਐਫ.ਐਸ.ਈ. ਮੋਹਾਲੀ ਨੂੰ ਇਸ ਪਰੇਸ਼ਾਨੀ ਲਈ ਜ਼ਿੰਮੇਵਾਰ ਕਿਉਂ ਨਹੀਂ ਠਹਿਰਾਇਆ ਜਾਣਾ ਚਾਹੀਦਾ ਤੇ ਸਬੰਧਤ ਅਧਿਕਾਰੀਆਂ ਨੂੰ ਇਸ ਮੁੱਦੇ ਨੂੰ ਤੁਰੰਤ ਹੱਲ ਕਰਨ ਅਤੇ ਨਿਰਪੱਖ ਮੁਆਵਜ਼ਾ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਸਰਕਾਰ ਅਤੇ ਸਬੰਧਿਤ ਵਿਭਾਗ ਤੋਂ ਮੰਗ ਕੀਤੀ ਕਿ ਆੜ੍ਹਤੀਆਂ ਦੇ ਇਸ ਮਸਲੇ ਦਾ ਫੌਰੀ ਹੱਲ ਕੀਤਾ ਜਾਵੇ ਅਤੇ ਆੜ੍ਹਤੀਆਂ ਨੂੰ ਕਮਿਸ਼ਨ ਅਤੇ ਲੇਬਰ ਦਾ ਭੁਗਤਾਨ ਕੀਤਾ ਜਾਵੇ।

# ਖਰੜ-ਚੰਡੀਗੜ੍ਹ ਹਾਈਵੇਅ ਤੇ ਪੈਟਰੋਲ ਪੰਪ ਕੱਟ ਤੇ ਰੋਜ਼ਾਨਾ ਲੱਗਦੇ ਜਾਮ ਤੋਂ ਰਾਹਤ ਲਈ ਢੁਕਵੇ ਪ੍ਰਬੰਧ ਕੀਤੇ ਜਾਣ: ਪਵਨ ਮਨੋਚਾ

**ਖਰੜ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਖਰੜ-ਚੰਡੀਗੜ੍ਹ ਹਾਈਵੇ ਤੇ ਪਿੰਡ ਮੁੰਡੀ ਖਰੜ ਨੇੜੇ ਜਿਥੇ ਇੱਕ ਪਾਸੇ ਪੈਟਰੋਲ ਪੰਪ ਅਤੇ ਦੂਸਰੇ ਪਾਸੇ ਗਿਲਕੋ ਵੈਲੀ ਲਈ ਕੱਟ ਹੈ, ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਪਬਲਿਕ ਨੂੰ ਪਿਛਲੇ ਲੰਬੇ ਤੋਂ ਆਵਾਜ਼ਾਈ ਲਈ ਜਾਮ ਦਾ ਸਖਤ ਸਾਹਮਣਾ ਕਰਨਾ ਪੈਂਦਾ ਹੈ। ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਜਿਲ੍ਹਾ ਐਸ.ਏ.ਐਸ.ਨਗਰ ਦ ਵਾਈਸ ਪ੍ਰਧਾਨ ਪਵਨ ਮਨੋਚਾ ਨੇ ਸਥਾਨਕ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਇਸ ਸਮੱਸਿਆ ਦਾ ਕੋਈ ਢੁਕਵਾਂ ਪ੍ਰਬੰਧ ਕੀਤਾ ਜਾਵੇ। ਉਨਾਂ ਅੱਗੇ ਦਸਿਆ ਕਿ ਇਸ ਕੱਟ ਤੇ ਕਈ ਵਾਰ ਕਈ ਕਿਲੋਮੀਟਰ ਤੱਕ ਵਾਹਨਾਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ ਅਤੇ ਵਾਹਨ ਚਾਲਕਾਂ ਅਤੇ ਆਮ ਪਬਲਿਕ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਕਈ ਕਈ ਘੰਟਾ ਜਾਮ ਵਿਚ ਫਸੇ ਰਹਿਣਾ ਪੈਂਦਾ ਹੈ। ਉਨ੍ਹਾਂ ਜਿਲ੍ਹਾ ਐਸ.ਏ.ਐਸ.ਨਗਰ ਦੇ ਪੁਲਿਸ ਮੁੱਖੀ ਅਤੇ ਡਿਪਟੀ ਕਮਿਸ਼ਨਰ, ਹਾਈਵੇਅ ਅਥਾਰਟੀ, ਐਸ.ਡੀ.ਐਮ.ਖਰੜ ਤੋਂ ਮੰਗ ਕੀਤੀ ਕਿ ਇਸ ਕੱਟ ਪੁਆਇੰਟ ਤੇ ਰੋਜਾਨਾ ਲੱਗਦੇ ਜਾਮ ਤੋਂ ਆਮ ਪਬਲਿਕ ਨੂੰ ਰਾਹਤ ਦਿਵਾਉਣ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣ। ਉਨ੍ਹਾਂ ਨਾਲ ਹੀ ਇਹ ਵੀ ਮੰਗ ਕੀਤੀ ਕਿ ਫਿਲਹਾਲ ਇੱਥੇ ਸਵੇਰੇ ਅਤੇ ਸ਼ਾਮ ਨੂੰ 2 ਘੰਟੇ ਟਰੈਫਿਕ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣ ਤਾਂ ਕਿ ਆਮ ਪਬਲਿਕ ਅਤੇ ਵਾਹਨਾਂ ਨੂੰ ਆ ਰਹੀ ਦਿੱਕਤਾਂ ਤੋਂ ਰਾਹਤ ਮਿਲ ਸਕੇ।

# ਨਿੱਕੀ ਦੁਨੀਆ

**ਬਾਲ ਕਵਿਤਾ**

## ਪੰਜਾਬ ਦਾ ਭਵਿੱਖ....

**ਸੁਣੋ** ਜੀ! ਦਿਲਚਸਪ ਕਹਾਣੀ
ਪੰਜਾਬ ਦੀ ਸਿਆਸਤ ਬਾਬੇ ਦੀ ਜ਼ੁਬਾਨੀ
ਬਾਬਾ ਜੀ ਕਹਿੰਦੇ ਅਮਲੀ ਸੀ ਮਿਲਿਆ
ਚਿਹਰਾ ਉਹਦਾ ਗੁਲਾਬ ਜਿਹਾ ਖਿੜਿਆ
ਮੈਂ ਪੁੱਛਿਆ ਅਮਲੀਆ, 'ਇਹ ਨੂਰ ਹੈ ਕਾਹਦਾ'?
ਕਹਿੰਦਾ ਬਾਬਾ ਜੀ, ਚੋਣਾਂ ਦਾ, ਹੋਰ ਕਾਹਦਾ
ਜਿਉਂ-ਜਿਉਂ ਚੋਣਾਂ ਨੇੜੇ ਆਈਆਂ
ਭਰ-ਭਰ ਬੋਤਲਾਂ ਮੇਰੇ ਘਰ ਤਕ ਆਈਆਂ
ਨਸ਼ੇ ਦੀ ਲੱਤ 'ਚ ਐਸਾ ਰੁੜ੍ਹਿਆ
ਪੰਜਾਬ ਦਾ ਭਵਿੱਖ ਹਨੇਰੇ ਵੱਲ ਮੁੜਿਆ
ਬਾਬਾ ਜੀ ਉਸ ਨੂੰ ਲੱਗੇ ਸਮਝਾਉਣ
ਵੋਟ ਦੀ ਅਸਲ ਕੀਮਤ ਨੂੰ ਪਛਾਣ
ਵਾਅਦੇ ਪਹਿਲੇ ਹਰ ਕੋਈ ਕਰਦਾ
ਲਾਲਚ ਦੇਣ 'ਚ ਵੀ ਕੋਈ ਕਸਰ ਨਾ ਛੱਡਦਾ
ਕੁਰਸੀ ਮਿਲਣ ਕੇ ਬੈਠ ਰਾਜ ਨੇ ਕਰਦੇ
ਜਨਤਾ ਵੱਲ੍ਹ ਕਦੇ ਮੂੰਹ ਵੀ ਨਾ ਕਰਦੇ
ਅਮਲੀਆ ਮੇਰੀ ਗੱਲ ਪੱਲੇ ਬੰਨ੍ਹ ਲੈ
ਬਾਬੇ ਆਪਣੇ ਦਾ ਤਜ਼ਰਬਾ ਰੱਖ ਲੈ
ਵੋਟ ਦਾ ਬਟਨ ਤੂੰ ਉਹੀ ਦਬਾਈ
ਆਤਮਾ ਤੇਰੀ ਜਿਹਦੇ ਹਰ 'ਚ ਦੇਵੇ ਗਵਾਈ
ਬੋਝਲ ਤੇਰੀ ਕੁਝ ਦੇਰ ਦੀ ਮਹਿਮਾਨ
ਤੇਰੀ ਇਸ ਗ਼ਲਤੀ ਦਾ ਪੰਜ ਸਾਲ ਪੰਜਾਬ ਨੂੰ ਨੁਕਸਾਨ
ਤੁਸੀਂ ਵੀ ਸਾਰੇ ਇਕ ਗੱਲ ਸਮਝ ਲਉ
ਚੋਣਾਂ ਉਤਰਾਧਿਕਾਰ ਹੈ ਮੰਨ ਲਉ
ਚਾਰ ਫਰਵਰੀ ਪੰਜਾਬ ਦਾ ਭਵਿੱਖ
ਤੁਹਾਡੀ ਵੋਟ ਤੇ ਤੁਹਾਡੀ ਜਿੱਤ।

**ਜੈਸਮੀਨ ਕੌਰ**



**ਇਸ ਦੁਨੀਆ 'ਚ ਅਸੀਂ ਜ਼ਿਆਦਾਤਰ ਚੀਜ਼ਾਂ ਨੂੰ ਨਾਂ ਨਾਲ ਹੀ ਪਛਾਣਦੇ ਹਾਂ ਪਰ ਜੇ ਇਕ ਹੀ ਨਾਂ ਦੇ ਦੋ ਦੋਸਤ ਹੋਣ, ਤਾਂ ਕਈ ਵਾਰ ਅਸੀਂ ਉਨ੍ਹਾਂ ਦੇ ਨਾਂਵਾਂ ਦੇ ਨਾਲ 'ਮੋਟੂ', 'ਲੰਬੂ' ਵਰਗੇ ਵਿਸ਼ਲੇਸ਼ਣ ਲਗਾ ਦਿੰਦੇ ਹਾਂ। ਪੰਛੀਆਂ ਦਾ ਨਾਮਕਰਨ ਵੀ ਕੁਝ ਇਸ ਤਰ੍ਹਾਂ ਹੋਇਆ ਹੈ...**

## ਨਾਂ 'ਚ ਕੀ ਰੱਖਿਐ?



ਜ਼ਿਆਦਾਤਰ ਪੰਛੀਆਂ ਦੇ ਨਾਂ ਉਨ੍ਹਾਂ ਦੇ ਕਿਸੇ ਖ਼ਾਸ ਗੁਣ ਜਾਂ ਰੰਗ-ਰੂਪ ਜਾਂ ਉਨ੍ਹਾਂ ਦੀ ਆਵਾਜ਼ ਦੇ ਆਧਾਰ 'ਤੇ ਰੱਖੇ ਗਏ ਹ। ਲਾਲ ਮੁੱਛ ਵਾਲੀ ਬੁਲਬੁਲ ਨੂੰ ਅਸੀਂ ਉਸ ਦੀ ਉੱਚੀ ਸਿਪਾਹੀਨੁਮਾ ਟੋਪੀ ਕਾਰਨ 'ਸਿਪਾਹੀ ਬੁਲਬੁਲ' ਕਹਿੰਦੇ ਹਾਂ। ਸਰਦੀਆਂ 'ਚ ਅਕਸਰ ਦਿਖਾਈ ਦੇਣ ਵਾਲੀ ਕਾਲੀ ਚਿੜੀ ਰੇਡਸਟਾਰਟ ਨੂੰ ਆਪਣੀ ਪੂੰਛ ਵਾਰ-ਵਾਰ ਥਿਰਕਣ ਕਾਰਨ ਹਿੰਦੀ 'ਚ 'ਥਿਰਥਿਰਾ' ਕਿਹਾ ਜਾਂਦਾ ਹੈ ਪਰ ਮੁਸ਼ਕਲ ਉਸ ਸਮੇਂ ਆਉਂਦੀ ਹੈ ਜਦੋਂ ਦੁਨੀਆ ਦੀਆਂ ਵੱਖ-ਵੱਖ ਭਾਸ਼ਾਵਾਂ ਜਾਂ ਪ੍ਰਦੇਸ਼ਾਂ 'ਚ ਇਕ ਹੀ ਪੰਛੀ ਦਾ ਨਾਮਕਰਨ ਉਸ ਦੇ ਵੱਖ-ਵੱਖ ਗੁਣਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਜਿਵੇਂ ਤਿੱਖੀ ਆਵਾਜ਼ ਕਰਨ ਵਾਲੇ ਲਾਲ ਸਿਰ ਵਾਲੇ ਤੋਤੇ ਨੂੰ ਅੰਗਰੇਜ਼ੀ 'ਚ ਪਲੱਮ ਹੈਡਿਡ ਪੈਰਾਕੀਟ ਕਹਿੰਦੇ ਹਨ, ਜਦਕਿ ਇਸ ਦੇ ਰਹਿਣ ਵਾਲੇ ਇਲਾਕਿਆਂ 'ਚ ਇਸ ਨੂੰ ਟੁਈਆਂ ਤੋਤਾ ਦੇ ਨਾਂ ਨਾਲ ਜਾਣਦੇ ਹਾਂ। ਇਹ ਪਰੇਸ਼ਾਨੀ ਸਿਰਫ਼ ਪੰਛੀਆਂ ਨਾਲ ਹੀ ਨਹੀਂ ਬਲਕਿ ਜਾਨਵਰਾਂ, ਸੱਪਾਂ, ਕੀੜਿਆਂ, ਜੰਗਲਾਂ ਅਤੇ ਮਨੁੱਖਾਂ, ਭਾਵ ਹਰ ਜੀਵਤ ਪ੍ਰਾਣੀ ਦੇ ਨਾਂ ਨੂੰ ਲੈ ਕੇ ਹੈ। ਉਸ ਸਮੇਂ ਵਿਗਿਆਨੀਆਂ ਨੂੰ ਲੱਗਾ ਕਿ ਸਾਰੇ ਜੀਵਤ ਪ੍ਰਾਣੀਆਂ ਦਾ ਇਕ ਵਿਗਿਆਨਕ ਨਾਮਕਰਣ ਹੋਣਾ ਚਾਹੀਦਾ ਹੈ।

ਸੋਲਵੀਂ ਸਦੀ ਦੇ ਯੂਰਪ 'ਚ ਗਿਆਨ ਅਤੇ ਅਧਿਐਨ ਦੀ ਪ੍ਰਮੁੱਖ ਭਾਸ਼ਾ ਲੈਟਿਨ ਸੀ। ਜੀਵਾਂ ਅਤੇ ਜੰਗਲਾਂ ਦੇ ਵਿਗਿਆਨਕ ਨਾਵਾਂ ਦੀ ਖੋਜ ਲੈਟਿਨ 'ਚ ਹੀ ਹੋਈ ਸੀ। ਜੀਵਾਂ ਲਈ ਲੈਟਿਨ 'ਚ ਪਹਿਲੀ ਵਾਰ ਦੋ ਨਾਵਾਂ ਵਾਲੀ ਚੀਜ਼ ਵਿਕਸਿਤ ਕਰਨ ਦਾ ਮਾਣ ਸਵੀਡਨ ਦੇ ਡਾਕਟਰ ਕਾਰਲ ਲਿਨੇਅਸ ਨੂੰ ਜਾਂਦਾ ਹੈ। ਇਨ੍ਹਾਂ ਨੇ ਅਠਾਰਵੀਂ ਸਦੀ ਦੇ ਸ਼ੁਰੂਆਤੀ ਦੌਰ 'ਚ ਆਪਣੀਆਂ ਪੁਸਤਕਾਂ 'ਸਪੀਸ਼ੀਜ਼ ਪਲਾਂਟੇਰਮ ਅਤੇ ਸਿਸਟਮਾ ਨੇਚੁਰੇ' 'ਚ ਪਹਿਲੀ ਵਾਰ ਬਨਸਪਤੀਆਂ ਅਤੇ ਜੀਵਾਂ ਲਈ ਇਸ ਨਾਂਮਾਵਲੀ ਦਾ ਇਸਤੇਮਾਲ ਕੀਤਾ ਗਿਆ। ਇਸ ਦੇ ਆਧਾਰ 'ਤੇ ਅੱਗੇ ਚੱਲ ਕੇ 'ਪ੍ਰਾਣੀਸ਼ਾਸਤਰੀ ਨਾਮਕਰਨ ਦੀ ਅੰਤਰ-ਰਾਸ਼ਟਰੀ ਸ਼੍ਰੇਣੀ' ਬਣੀ ਜੋ ਅੱਜ ਵੀ ਪੰਛੀਆਂ ਨਾਲ ਸਾਰੇ ਪ੍ਰਾਣੀਆਂ ਦੇ ਵਿਗਿਆਨਕ ਨਾਮਕਰਨ ਦਾ ਕੰਮ ਕਰ ਰਹੀ ਹੈ। ਪਰੰਪਰਾ ਅਨੁਸਾਰ ਇਹ ਸ਼ਬਦਾਵਲੀ ਲੈਟਿਨ ਭਾਸ਼ਾ 'ਚ ਹੈ।

ਪਹਿਲਾ ਸ਼ਬਦ ਪੰਛੀ ਦੀ ਮੁੱਖ ਜਾਤੀ ਨੂੰ ਦਰਸਾਉਂਦਾ ਹੈ ਅਤੇ ਦੂਜਾ ਪੰਛੀ ਦੇ ਕਿਸੇ ਗੁਣ ਨੂੰ ਜਾਂ ਉਸ ਦੇ ਭੂਗੋਲਿਕ ਖੇਤਰ ਨੂੰ, ਜਿੱਥੇ ਉਹ ਮਿਲਦਾ ਹੈ। ਕਈ ਵਾਰ ਦੂਜਾ ਸ਼ਬਦ ਉਸ ਜੀਵ ਨੂੰ ਪਹਿਲੀ ਵਾਰ ਲੱਭਣ ਵਾਲੇ ਵਿਅਕਤੀ ਦੇ ਨਾਂ 'ਤੇ ਵੀ ਹੋ ਸਕਦਾ ਹੈ। ਸਾਲਿਮ ਅਲੀ ਨੇ ਕੇਰਲ 'ਚ ਫਰ-ਫੁੱਲ ਖਾਣ ਵਾਲੇ ਜਿਸ ਅਨੋਖੇ ਚਮਗਿੱਦੜ ਨੂੰ ਲੱਭਿਆ ਸੀ, ਉਸ ਦਾ ਵਿਗਿਆਨਕ ਨਾਂ ਰੱਖਿਆ ਗਿਆ ਹੈ- ਲੈਟੀਡਿਨਸ ਸੈਨੀਮਲਟ।

ਇਸ ਤੋਂ ਇਲਾਵਾ ਇਸ ਸ਼੍ਰੇਣੀ ਤੋਂ ਲਿਖੇ ਨਾਂ ਦੇ ਪਹਿਲੇ ਸ਼ਬਦ ਦਾ ਪਹਿਲਾ ਅੱਖਰ 'ਕੈਪੀਟਲ' 'ਚ ਲਿਖਿਆ ਜਾਂਦਾ ਹੈ ਅਤੇ ਦੂਜੇ ਸ਼ਬਦ ਦਾ ਪਹਿਲਾ ਅੱਖਰ ਸਾਧਾਰਨ ਭਾਵ ਛੋਟੇ ਰੂਪ 'ਚ ਲਿਖਿਆ ਜਾਂਦਾ ਹੈ। ਇਹ ਨਾਂ ਤਿਰਛੀ (ਟੇਢੀ ਸ਼ੈਲੀ) ਭਾਵ ਇਟੈਲਿਕ 'ਚ ਲਿਖੇ ਜਾਂਦੇ ਹਨ।

- ਕਈ ਚਿੜੀਆਂ ਦਾ ਹਿੱਸਾ ਗੁਲਾਬੀ ਹੁੰਦਾ ਹੈ। ਇਹ ਯੂਰਪ ਤੋਂ ਆ ਕੇ ਸਰਦੀਆਂ ਸਾਡੇ ਦੇਸ਼ 'ਚ ਬਿਤਾਉਂਦੀਆਂ ਹਨ।
- ਚਿੜੀਆਂ ਦੀ ਦੂਜੀ ਪ੍ਰਜਾਤੀ ਹੈ ਪੁਹੈਆ। ਇਸ ਦਾ ਵਿਗਿਆਨਕ ਨਾਂ 'ਸਟੁਰਮਸ ਪਾਗਾਡਾਰੁਮ' ਹੈ। ਤੁਸੀਂ ਦੇਖੋਗੇ ਕਿ ਦੋਵਾਂ ਚਿੜੀਆਂ ਦੇ ਵਿਗਿਆਨਕ ਨਾਂ ਇਕੋ ਹੋਣਗੇ।
- ਇਹ ਖ਼ੂਬਸੂਰਤ ਪੰਛੀ-ਗੁਲਡ ਸ਼ੱਕਰਖੋਰਾ-ਉਤਰ-ਪੂਰਵੀ ਦੇਸ਼ਾਂ 'ਚ ਮਿਲਦਾ ਹੈ। ਇਸ ਨੂੰ ਗੁਲਡ ਨਾਂ ਦੇ ਵਿਗਿਆਨੀ ਨੇ ਖੋਜਿਆ ਸੀ ਅਤੇ ਉਸਦੀ ਇੱਛਾ ਸੀ ਕਿ ਇਸਨੂੰ ਉਸ ਦੀ ਦਿਵੰਗਤ ਪਤਨੀ ਦੇ ਨਾਂ ਨਾਲ ਯਾਦ ਕੀਤਾ ਜਾਵੇ। ਲਿਹਾਜ਼ਾ ਸ਼ੱਕਰਖ਼ੋਰਾ ਅੰਗਰੇਜ਼ੀ 'ਚ 'ਮਿਸਜ਼ ਗੌਲਡਜ਼ ਸਨਬਰਡ' ਕਹਿਲਾਉਂਦਾ ਹੈ ਅਤੇ ਇਸ ਦਾ ਵਿਗਿਆਨਕ ਨਾਂ ਹੈ-ਐਥੋਪਾਇਗਾਡੇਰਾ ਹੈ।
- ਸਵਰਨ ਪੀਲਕ ਇਹ ਹੈ ਸਾਡੇ ਪਿੰਡਾਂ 'ਚ ਮਿਲਣ ਵਾਲੀ ਚਿੜੀ ਦੀ ਇਕ ਖ਼ਾਸ ਕਿਸਮ। ਕਿਉਂਕਿ ਇਹ ਆਪਣੀ ਪ੍ਰਜਾਤੀ ਦੀ ਸਭ ਤੋਂ ਜਾਣੀ-ਪਛਾਣੀ ਪੰਛੀ ਹੈ ਇਸ ਲਈ ਇਸ ਦੇ ਵਿਗਿਆਨਕ ਨਾਂ 'ਚ ਪਹਿਲਾਂ ਤੋਂ ਹੀ ਇਸ ਦਾ ਨਾਂ ਦਿੱਤਾ ਗਿਆ ਹੈ- ਓਰੀਓਲਸ ਓਰੀਓਲਸ।

ਬਾਂਸਰੀ ਵਰਗੀ ਮਿੱਠੀ ਆਵਾਜ਼ 'ਚ ਗਾਉਣ ਵਾਲੇ ਇਸ ਪੰਛੀ ਦੇ ਬੰਗਾਲੀ ਭਾਸ਼ਾ 'ਚ ਬਹੁਤ ਵਧੀਆ ਨਾਂ ਹਨ- ਸ਼ੋਨਾ ਬੋਊ (ਸੋਨੇ ਵਰਗੀ ਬਹੂ) ਅਤੇ ਬੋਊ ਕੋਥਾ ਕੋਊ (ਬਹੂ ਬਾਤ ਕਰੋ)

• **ਫ਼ੀਚਰ ਡੈਸਕ**



## ਕਦੋਂ ਹੋਈ @ ਦੀ ਸ਼ੁਰੂਆਤ?



ਦੁਨੀਆ ਭਰ ਵਿਚ ਵੱਖ-ਵੱਖ ਬੋਲੀਆਂ ਬੋਲਣ ਵਾਲੇ ਇਸ 'ਏਟ ਦ ਰੇਟ ਆਫ਼' ਨੂੰ ਵੱਖ-ਵੱਖ ਨਾਵਾਂ ਨਾਲ ਬੁਲਾਉਂਦੇ ਹਨ। ਜਿਵੇਂ ਅਰਮਾਨੀਆਈ ਬੋਲੀ ਵਿਚ ਇਸ ਨੂੰ ਕੁੱਤੇ ਦਾ ਬੱਚਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਚੀਨ ਵਿਚ ਇਸ ਨੂੰ 'ਘੁਮਾਓਦਾਰ ਏ' ਕਹਿੰਦੇ ਹਨ। ਤਾਈਵਾਨ ਵਿਚ ਬੋਲੀ ਜਾਣ ਵਾਲੀ ਚੀਨੀ ਭਾਸ਼ਾ 'ਚ ਇਸ ਨੂੰ 'ਛੋਟਾ ਚੂਹਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਡੇਨਿਸ਼ ਬੋਲੀ 'ਚ ਹਾਥੀ ਦੀ ਸੁੰਡ ਕਿਹਾ ਜਾਂਦਾ ਹੈ।

- ਯੂਰੋਪ ਵਿਚ @ ਨੂੰ ਕੀੜਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਮੱਧ ਏਸ਼ੀਆਈ ਦੇਸ਼ ਕਜ਼ਾਕਿਸਤਾਨ ਵਿਚ ਚੰਦ ਦਾ ਕੰਨ, ਜਰਮਨੀ ਵਿਚ @ ਨੂੰ ਸਪਾਈਡਰ ਮੌਂਕੀ ਭਾਵ ਮੱਕੜੀ ਦੀ ਤਰ੍ਹਾਂ ਚਿਪਕਣ ਵਾਲਾ ਬਾਂਦਰ, ਯੂਨਾਨੀ @ ਨੂੰ ਛੋਟੀ ਬੱਤਖ ਦੇ ਨਾਂ ਨਾਲ ਬੁਲਾਉਂਦੇ ਹਨ।
- ਅਜਿਹਾ ਨਹੀਂ ਕਿ ਹਰ ਦੇਸ਼ ਵਿਚ @ ਭਾਵ 'ਏਟ ਦ ਰੇਟ ਆਫ਼' ਚਿਨ੍ਹ ਨੂੰ ਜਾਨਵਰਾਂ ਵਾਲਾ ਨਾਂ ਹੀ ਦਿੱਤਾ ਜਾਂਦਾ ਹੈ, ਬੋਸੀਨਿਆ ਵਿਚ ਇਸ ਨੂੰ ਝੱਕੀ 1 ਕਹਿੰਦੇ ਹਨ। ਇਸੇ ਤਰ੍ਹਾਂ ਸਲੋਵਾਕੀਆ ਵਿਚ ਆਚਾਰੀ ਫਿਸ਼ ਰੋਲ ਅਤੇ ਤੁਰਕੀ ਵਿਚ ਖ਼ੂਬਸੂਰਤ ਇਕ ਕਹਿਕੇ ਬੁਲਾਉਂਦੇ ਹਨ।
- ਇਸ 'ਏਟ ਦਿ ਰੇਟ ਆਫ਼' ਭਾਵ @ ਦੇ ਇਸਤੇਮਾਲ ਦੀ ਸ਼ੁਰੂਆਤ ਦੀ ਕਹਾਣੀ ਅਤੇ ਇਸ ਦਾ ਇਤਿਹਾਸ ਵੀ ਦਿਲਚਸਪ ਹੈ।
- ਕੀਥ ਹਿਊਸਟਨ ਦੇ ਮਸ਼ਹੂਰ ਬਲਾਗ 'ਸ਼ੇਡੀ ਕੈਰੇਕਟਰਸ' ਵਿੱਚ ਇਸ ਦੇ ਬਾਰੇ ਵਿਚ ਦਿਲਚਸਪ ਕਹਾਣੀ ਲਿਖੀ ਹੈ। ਈ-ਮੇਲ ਦੇ ਪਤੇ ਦੇ ਲਈ ਸਭ ਤੋਂ ਪਹਿਲਾਂ @ ਪ੍ਰਤੀਕ ਦਾ ਇਸਤੇਮਾਲ 1971 ਵਿਚ ਹੋਇਆ ਸੀ। 29 ਸਾਲ ਦੇ ਕੰਪਿਊਟਰ ਇੰਜਨੀਅਰ-ਰੇ ਟਾਮਲਿਸ਼ਨ ਨੇ ਸਭ ਤੋਂ ਪਹਿਲਾਂ ਈ-ਮੇਲ ਦੇ ਪਤੇ ਦੇ ਲਈ ਇਸ ਪ੍ਰਤੀਕ ਦੀ ਵਰਤੋਂ ਕੀਤੀ ਸੀ।।
- ਰੇ ਨੇ ਇਸ ਨੂੰ ਆਪਣੇ ਈ-ਮੇਲ ਸਿਸਟਮ ਵਿਚ ਇਸਤੇਮਾਲ ਕਰਨ ਲਈ ਚੁਣਿਆ ਸੀ। ਅੱਜ ਇਹੀ ਚਿੰਨ੍ਹ @ ਪੂਰੀ ਦੁਨੀਆ ਵਿਚ ਈ-ਮੇਲ ਦੇ ਪਤੇ ਦੇ ਲਈ ਵਰਤਿਆ ਜਾਂਦਾ ਹੈ।।
- ਉਸ ਸਮੇਂ ਤੱਕ ਈ-ਮੇਲ ਦਾ ਬਹੁਤ ਇਸਤੇਮਾਲ ਨਹੀਂ ਹੁੰਦਾ ਸੀ। ਇੰਟਰਨੈੱਟ ਨਹੀਂ ਸੀ। ਰੇ ਟਾਮਲਿਸਨ ਨੇ ਇਸ ਚਿੰਨ੍ਹ ਨੂੰ ਚਾਹੇ ਜੋ ਵੀ ਸੋਚ ਕੇ ਚੁਣਿਆ ਪਰ ਇਹ ਬੈਠਿਆ ਖ਼ੂਬ ਸਟੀਕ ਹੈ, ਕਿ ਤੁਸੀਂ ਫਲਾਂਣੀ ਈ-ਮੇਲ ਜਾਂ ਡੋਮੇਨ ਨੂੰ ਮੇਲ ਭੇਜ ਰਹੇ ਹੋ।।
- ਈ-ਮੇਲ ਦਾ ਪਤਾ ਦੱਸਣ ਦੇ ਲਈ ਵਰਤੋਂ ਤੋਂ ਪਹਿਲਾਂ ਵੀ @ ਚਿਨ੍ਹ ਦਾ ਅੰਗਰੇਜ਼ੀ ਵਿਚ ਹੋ ਰਿਹਾ ਸੀ ਪਰ ਜ਼ਿਆਦਾਤਰ ਇਹ ਮੁੱਲ ਦੱਸਣ ਦੇ ਲਈ ਹੁੰਦਾ ਸੀ। ਜਿਵੇਂ ਦੱਸ ਸੇਂਟ ਪ੍ਰਤੀ ਰੋਟੀ ਮੁੱਲ ਤੋਂ ਵੀਹ ਰੋਟੀਆਂ ਦਾ ਮੁੱਲ ਦੱਸਣਾ ਭਾਵ ਵੀਹ ਰੋਟੀਆਂ @ ਦਸ ਸੇਂਟ। ।ਵੈਸੇ 'ਏਟ ਦ ਰੇਟ ਆਫ਼' ਭਾਵ @ ਦੀ ਸਭ ਤੋਂ ਪਹਿਲਾਂ ਵਰਤੋਂ ਦਾ ਜ਼ਿਕਰ 1536 ਦਾ ਮਿਲਦਾ ਹੈ।। ਜਦੋਂ ਇਟਲੀ ਦੇ ਫਲੋਰੇਂਸ ਸ਼ਹਿਰ ਦੇ ਇਕ ਕਾਰੋਬਾਰੀ ਨੇ ਆਪਣੀ ਚਿੱਠੀ ਵਿਚ ਵਾਈਨ ਦਾ ਰੇਟ ਦੱਸਣ ਦੇ ਲਈ @ ਚਿਨ੍ਹ ਦੀ ਵਰਤੋਂ ਕੀਤੀ ਸੀ।
- ਅੰਗਰੇਜ਼ੀ ਦੇ ਇਸ ਚਿਨ੍ਹ ਸ਼ਬਦ ਦਾ ਅਰਥ 'ਮੁੱਲ' ਸਪੇਨਿਸ ਅਤੇ ਪੁਰਤਗਾਲੀ ਭਾਸ਼ਾ ਵਿੱਚ ਹੈ। ਦੋਵੇਂ ਹੀ ਬੋਲੀਆਂ ਵਿਚ ਭਾਰ ਤੋਲਣ ਲਈ ਇਸ @ ਦੀ ਵਰਤੋਂ ਹੁੰਦੀ ਹੈ। ਜਿਸ ਡੱਬੇ ਜਾਂ ਬਰਤਨ ਵਿਚ ਇਹ ਵਜ਼ਨ ਕੀਤਾ ਜਾਂਦਾ ਹੈ, ਉਹ ਵੀ ਇਸ ਦੇ ਇਸਤੇਮਾਲ ਨਾਲ ਹੀ ਜੁੜਿਆ ਹੋਇਆ ਹੈ।

## ਪੁਲਿਸ ਦੀ ਵਰਦੀ ਦਾ ਰੰਗ ਖ਼ਾਕੀ ਕਿਉਂ?



**ਦੇਸ਼ ਅੰਦਰ ਸ਼ਾਂਤੀ ਵਿਵਸਥਾ ਬਣਾ ਕੇ ਰੱਖਣ ਲਈ ਪੁਲਿਸ ਦਾ ਇਕ ਅਹਿਮ ਰੋਲ ਹੁੰਦਾ ਹੈ। ਪੁਲਿਸ ਨੂੰ ਅਸੀਂ ਉਸ ਦੀ ਖਾਕੀ ਵਰਤੀ ਤੋਂ ਪਛਾਣਦੇ ਹਾਂ। ਕੀ ਤੁਹਾਨੂੰ ਕਦੇ ਖਿਆਲ ਆਇਆ ਹੈ ਕਿ ਆਖ਼ਰ ਕਿਸ ਕਾਰਨ ਪੁਲਿਸ ਦੀ ਵਰਦੀ ਦਾ ਰੰਗ ਖਾਕੀ ਰੱਖਿਆ ਗਿਆ। ਦਰਅਸਲ ਹਰ ਆਦਮੀ ਫੋਰਸ ਦੀ ਵਰਦੀ ਦੇ ਰੰਗ ਨੂੰ ਮਾਹਿਰਾਂ ਦੀ ਮਦਦ ਨਾਲ ਚੁਣਿਆ ਜਾਂਦਾ ਹੈ। ਅੱਜ ਅਸੀਂ ਤੁਹਾਨੂੰ ਪੁਲਿਸ ਦੀ ਵਰਦੀ ਦੇ ਖਾਕੀ ਰੰਗ ਹੋਣ ਬਾਰੇ ਦੱਸ ਰਹੇ ਹਾਂ...**

ਭਾਰਤ ਦੀ ਪੁਲਿਸ ਵਿਵਸਥਾ ਲਈ ਹਰ ਸਾਲ 1893 'ਚ ਇੰਗਲੈਂਡ 'ਚ ਇਕ ਖ਼ਾਸ ਪਰੀਖਣ ਕੀਤਾ ਗਿਆ। ਇਸ ਇਮਤਿਹਾਨ 'ਚ ਚੁਣੇ ਗਏ ਅਧਿਕਾਰੀਆਂ ਨੂੰ ਭਾਰਤ 'ਚਟ ਪ੍ਰੋਬੇਸ਼ਨ ਪੀਰੀਅਡ 'ਤੇ ਤੈਨਾਤ ਕੀਤਾ ਗਿਆ। ਜਿਸ ਤੋਂ ਬਾਅਦ 1907 'ਚ ਅੰਗਰੇਜ਼ਾਂ ਨੇ ਪੁਲਿਸ ਦਾ ਗਠਨ ਕੀਤਾ। ਜਿਸ ਵਿਚ ਪ੍ਰੀਖਿਆ ਵਿਚ ਚੁਣੇ ਗਏ ਵਿਸ਼ੇਸ਼ ਕੈਂਡੀਡੇਟਸ ਨੂੰ ਇੰਡੀਅਨ ਇੰਪੀਰੀਅਲ ਪੁਲਿਸ ਦਾ ਹਿੱਸਾ ਬਣਾਇਆ ਗਿਆ ਸੀ।

ਅੰਗਰੇਜ਼ਾਂ ਦੇ ਸਮੇਂ ਪੁਲਿਸ ਦੀ ਵਰਦੀ ਦਾ ਰੰਗ ਸਫ਼ੇਦ ਹੁੰਦਾ ਸੀ। ਉਸ ਦੌਰਾਨ ਧੂੜ ਅਤੇ ਮਿੱਟੀ ਦੇ ਕਾਰਨ ਉਨ੍ਹਾਂ ਦੀ ਵਰਦੀ ਬਹੁਤ ਜਲਦ ਖ਼ਰਾਬ ਹੋ ਜਾਂਦੀ ਹੈ। ਇਸ ਕਰਕੇ ਬ੍ਰਿਟਿਸ਼ ਸਰਕਾਰ ਦੀ ਪੁਲਿਸ ਦੇ ਸੈਨਿਕ ਆਪਣੀ ਵਰਦੀ 'ਤੇ ਵੱਖ-ਵੱਖ ਰੰਗਾਂ ਦਾ ਇਸਤੇਮਾਲ ਕਰਨ ਲੱਗੇ। ਇਸ ਸਮੱਸਿਆ ਨੂੰ ਦੇਖਦੇ ਹੋਏ ਅੰਗਰੇਜ਼ਾਂ ਨੇ ਖਾਕ ਨਾਂ ਦੀ ਡਾਈ ਬਣਾਈ। ਇਸ ਡਾਈ 'ਚ ਧੂੜ ਅਤੇ ਮਿੱਟੀ ਜ਼ਿਆਦਾ ਨਹੀਂ ਦਿਖਦੀ ਸੀ। ਜਿਸ ਤੋਂ ਬਾਅਦ ਸਾਲ 1847 'ਚ ਬ੍ਰਿਟਿਸ਼ ਸਰਕਾਰ ਵੱਲੋਂ ਸਰ ਹੈਰੀ ਬਰਨੇਟ ਲਮਸਡੈਨ ਨੇ ਅਧਿਕਾਰਿਕ ਰੂਪ ਨਾਲ ਭਾਰਤੀ ਪੁਲਿਸ ਦੀ ਵਕਦੀ ਨੂੰ ਖਾਕੀ ਦੇ ਰੰਗ 'ਚ ਰੰਗਣ ਦਾ ਫ਼ੈਸਲਾ ਕੀਤਾ। ਖਾਕ ਡਾਈ ਦਾ ਇਸਤੇਮਾਲ ਕਰਨ ਦੀ ਵਜ੍ਹਾ ਨਾਲ ਇਸ ਦਾ ਨਾਂ ਖਾਕੀ ਰੱਖਿਆ ਗਿਆ ਸੀ।

**ਈਵੀਐੱਮ ਮਸ਼ੀਨ ਦਾ ਇਸਤੇਮਾਲ ਸਭ ਤੋਂ ਪਹਿਲਾਂ 1982 'ਚ ਕੇਰਲ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 50 ਮਤਦਾਨ ਕੇਂਦਰਾਂ 'ਚ ਕੀਤਾ ਗਿਆ। ਜਨਤਕ ਖੇਤਰ ਦੇ ਦੋ ਅਦਾਰਿਆਂ ਭਾਰਤ ਇਲੈਕਟ੍ਰਾਨਿਕਸ ਲਿਮਟਿਡ, ਬੰਗਲੌਰ ਅਤੇ ਇਲੈਕਟ੍ਰਾਨਿਕਸ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ, ਹੈਦਰਾਬਾਦ ਦੇ ਸਹਿਯੋਗ ਨਾਲ ਭਾਰਤੀ ਚੋਣ ਕਮਿਸ਼ਨ ਨੇ ਇਸ ਈਵੀਐੱਮ ਮਸ਼ੀਨ ਨੂੰ ਤਿਆਰ ਕਰਵਾਇਆ ਹੈ...**

## ਕੀ ਹੈ ਵੋਟਿੰਗ ਮਸ਼ੀਨ?


ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈਵੀਐੱਮ) ਇਕ ਅਜਿਹਾ ਬਿਜਲੀ ਨਾਲ ਚੱਲਣ ਵਾਲਾ ਉਪਕਰਨ ਹੈ ਜਿਸ ਦੀ ਵਰਤੋਂ ਚੋਣਾਂ ਦੌਰਾਨ ਵੋਟ ਪਾਉਣ ਲਈ ਕੀਤੀ ਜਾਂਦੀ ਹੈ। ਇਸ ਮਸ਼ੀਨ 'ਚ ਕੁੱਝ ਸਾਲ ਪਹਿਲਾਂ ਚੋਣਾਂ ਦੌਰਾਨ ਵੋਟਾਂ ਪਾਉਣ ਦੀ ਪ੍ਰਕਿਰਿਆ ਸਾਧਾਰਨ ਸੀ ਜਿਸ 'ਚ ਇਕ ਕਾਗਜ਼ ਦੇ ਟੁਕੜੇ 'ਤੇ ਪਸੰਦੀਦਾ ਉਮੀਦਵਾਰ ਦੇ ਚੋਣ ਨਿਸ਼ਾਨ ਦੀ ਮੋਹਰ ਲੁਗਾ ਦਿੱਤੀ ਜਾਂਦੀ ਸੀ ਜਿਸ ਨੂੰ 'ਬੈਲਟ' ਕਿਹਾ ਜਾਂਦਾ ਸੀ, ਫਿਰ ਮੋਹਰ ਲੱਗੇ ਕਾਗਜ਼ ਦੇ ਟੁਕੜੇ ਨੂੰ ਮੋੜ ਕੇ ਇਕ ਬਕਸੇ 'ਚ ਪਾ ਦਿੱਤਾ ਜਾਂਦਾ ਸੀ। ਚੋਣਾਂ ਦੇ ਅੰਤ 'ਚ ਇਨ੍ਹਾਂ ਟੁਕੜਿਆਂ ਨੂੰ ਬਾਕਸ 'ਚੋਂ ਕੱਢ ਕੇ ਗਿਣਤੀ ਕੀਤੀ ਜਾਂਦੀ ਸੀ। ਇਸ ਦੇ ਨਾਲ ਹੀ 'ਨੋਟਾ ਵੋਟ' ਦਾ ਅਧਿਕਾਰ ਵੀ ਦਿੱਤਾ ਗਿਆ ਸੀ। ਇਸ ਅਧਿਕਾਰ ਦੀ ਵਰਤੋਂ ਵੋਟਰ ਉਸ ਸਮੇਂ ਕਰਦਾ ਸੀ ਜਦੋਂ ਵੋਟਰ ਨੂੰ ਆਪਣੇ ਇਲਾਕੇ ਦਾ ਕੋਈ ਵੀ ਉਮੀਦਵਾਰ ਪਸੰਦ ਨਾ ਹੋਵੇ। ਵੋਟਰ ਵੱਲੋਂ ਖ਼ਾਲੀ ਕਾਗਜ਼ ਦੇ ਟੁਕੜੇ 'ਤੇ ਇਕ ਕਾਂਟੇ ਦਾ ਨਿਸ਼ਾਨ ਲਗਾ ਦਿੱਤਾ ਜਾਂਦਾ ਸੀ ਜਿਸ ਦਾ ਮਤਲਬ ਹੁੰਦਾ ਸੀ ਕਿ ਉਹ ਕਿਸੇ ਵੀ ਉਮੀਦਵਾਰ ਦੇ ਹੱਕ 'ਚ ਵੋਟ ਨਹੀਂ ਪਾ ਰਿਹਾ। ਇਕ ਇਨ੍ਹਾਂ ਚੋਣਾਂ ਦੇ ਨਤੀਜਿਆਂ ਨੂੰ ਵੀ ਕਾਫ਼ੀ ਦੇਰ ਬਾਅਦ ਐਲਾਨਿਆ ਜਾਂਦਾ ਸੀ। ਫਿਰ ਦੌਰ ਆਇਆ ਇਲੈਕ੍ਰਾਨਿਕ ਮਸ਼ੀਨ ਦਾ, ਜਿਸ ਨੇ ਇਸ ਚੋਣ ਪ੍ਰਕਿਰਿਆ ਨੂੰ ਆਸਾਨ ਬਣਾ ਦਿੱਤਾ।

ਈਵੀਐੱਮ ਮਸ਼ੀਨ ਦਾ ਇਸਤੇਮਾਲ ਸਭ ਤੋਂ ਪਹਿਲਾਂ 1982 'ਚ ਕੇਰਲ ਦੀਆਂ ਵਿਧਾਨਸਭਾ ਚੋਣਾਂ ਦੌਰਾਨ 50 ਮਤਦਾਨ ਕੇਂਦਰਾਂ 'ਚ ਕੀਤਾ ਗਿਆ। ਇਸ ਮਸ਼ੀਨ ਨੂੰ ਦੋ ਜਨਤਕ ਖੇਤਰ ਅਦਾਰੇ ਭਾਰਤ ਇਲੈਕਟ੍ਰਾਨਿਕਸ ਲਿਮਟਿਡ, ਬੰਗਲੌਰ ਅਤੇ ਇਲੈਕਟ੍ਰਾਨਿਕਸ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ, ਹੈਦਰਾਬਾਦ ਦੇ ਸਹਿਯੋਗ ਨਾਲ ਭਾਰਤੀ ਚੋਣ ਕਮਿਸ਼ਨ ਨੇ ਇਸ ਈਵੀਐੱਮ ਮਸ਼ੀਨ ਨੂੰ ਤਿਆਰ ਕਰਵਾਇਆ। ਇਸ ਮਸ਼ੀਨ ਨੂੰ ਸਭ ਤੋਂ ਪਹਿਲਾਂ 1982 'ਚ ਕੇਰਲ ਦੀਆਂ ਵਿਧਾਨਸਭਾ ਚੋਣਾਂ ਦੇ 50 ਮੱਤਦਾਨ ਕੇਂਦਰਾ 'ਤੇ ਇਸਤੇਮਾਲ ਕੀਤਾ ਗਿਆ। 1983 ਤੋਂ ਬਾਅਦ ਮਸ਼ੀਨਾਂ ਦੀ ਵਰਤੋਂ ਇਸ ਲਈ ਬੰਦ ਕਰ ਦਿੱਤੀ ਗਈ ਕਿਉਂਕਿ ਕਿ ਅਦਾਲਤ ਵੱਲੋਂ ਚੋਣਾਂ ਦੌਰਾਨ ਮਸ਼ੀਨ ਦੀ ਵਰਤੋਂ ਕਰਨ ਦੀ ਮੰਨਜੂਰੀ ਨਹੀਂ ਦਿੱਤੀ ਗਈ। 1988 'ਚ ਸੰਸਦ ਨੇ ਇਸ ਕਾਨੂੰਨ ਨੂੰ ਸੋਧ ਕੇ ਲੋਕ ਐਕਟ, 1951 ਦੀ ਪ੍ਰਤੀਨਿਧਤਾ ਅਧੀਨ ਨਵੀਂ ਧਾਰਾ-61ਏ ਜੋੜੀ ਗਈ ਜੋ ਚੋਣ ਕਮਿਸ਼ਨ ਨੂੰ ਵੋਟਿੰਗ ਮਸ਼ੀਨ ਦੀ ਵਰਤੋਂ ਕਰਨ ਦਾ ਅਧਿਕਾਰ ਦਿੰਦੀ ਹੈ। 15 ਮਾਰਚ 1989 'ਚ ਇਸ ਦੀ ਵਰਤੋਂ ਨੂੰ ਮੁੜ ਸ਼ੁਰੂ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ ਫਰਵਰੀ 1990 'ਚ ਮਾਨਤਾ ਪ੍ਰਾਪਤ ਰਾਸ਼ਟਰੀ ਅਤੇ ਖੇਤਰੀ ਦਲਾਂ ਦੇ ਪ੍ਰਤੀਨਿਧੀਆਂ ਵੱਲੋਂ ਚੋਣ ਸੁਧਾਰ ਕਮੇਟੀ ਬਣਾਈ ਗਈ। ਨਵੰਬਰ 1998 ਤੋ ਬਾਅਦ ਸਾਧਾਰਣ ਚੋਣਾਂ ਅਤੇ ਹੋਰਨਾਂ ਚੋਣਾਂ 'ਚ ਹਰ ਸੰਸਦੀ ਤੇ ਵਿਧਾਨਸਭਾ ਚੋਣਾਂ 'ਚ ਈਵੀਐੱਮ ਦੀ ਵਰਤੋਂ ਸ਼ੁਰੂ ਕਰ ਦਿੱਤੀ ਗਈ। ਭਾਰਤ 'ਚ 2004 ਤੋਂ ਈਵੀਐੱਮ ਮਸ਼ੀਨ ਦਾ ਇਸਤੇਮਾਲ ਹੋਣ ਲੱਗਾ ਤੇ ਦੇਸ਼ ਦੇ ਸਾਰੇ ਮਤਦਾਨ ਕੇਂਦਰਾਂ 'ਤੇ ਮਸ਼ੀਨ ਨਾਲ ਵੋਟਿੰਗ ਦਾ ਦੌਰ ਸ਼ੁਰੂ ਹੋਇਆ।

### ਕੀ ਹੈ ਈਵੀਐੱਮ ਮਸ਼ੀਨ?

ਇਸ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦੇ ਦੋ ਹਿੱਸੇ ਹੁੰਦੇ ਹਨ, ਜਿਨ੍ਹਾਂ ਚੋਂ ਇਕ ਹਿੱਸਾ ਬੈਲੇਟਿੰਗ ਯੂਨਿਟ ਜੋ ਕਿ ਵੋਟਰਾਂ ਲਈ ਹੁੰਦਾ ਹੈ ਅਤੇ ਦੂਜਾ ਹਿੱਸਾ ਹੈ ਕੰਟਰੋਲ ਯੂਨਿਟ ਜੋ ਪੋਲਿੰਗ ਅਫ਼ਸਰਾਂ ਲਈ ਹੁੰਦਾ ਹੈ। ਈਵੀਐੱਮ ਦੇ ਦੋਵੇਂ ਹਿੱਸੇ ਇਕ ਪੰਜ ਮੀਟਰ ਲੰਬੀ ਤਾਰ ਨਾਲ ਜੁੜੇ ਹੁੰਦੇ ਹਨ ਅਤੇ ਬੈਲੇਟ ਯੂਨਿਟ ਅਜਿਹੇ ਸਥਾਨ 'ਤੇ ਰੱਖਿਆ ਜਾਂਦਾ ਹੈ ਜਿੱਥੇ ਵੋਟਰ ਦੀ ਨਜ਼ਰ ਨਹੀਂ ਪੈਂਦੀ। ਮੱਤਦਾਤਾ ਵਾਲੇ ਹਿੱਸੇ 'ਤੇ ਉਮੀਦਵਾਰਾਂ ਦੇ ਨਾਂ ਅਤੇ ਓਨ੍ਹਾਂ ਦੇ ਲੜੀਵਾਰ ਨੰਬਰ ਦਿੱਤੇ ਹੁੰਦੇ ਹਨ। ਉਮੀਦਵਾਰਾਂ ਦੇ ਨਾਂ ਦੋ ਤੋਂ ਤਿੰਨ ਭਾਸ਼ਾਵਾਂ 'ਚ ਲਿਖੇ ਹੁੰਦੇ ਹਨ ਤੇ ਨਾਲ ਹੀ ਉਨ੍ਹਾਂ ਦਾ ਚੋਣ ਨਿਸ਼ਾਨ ਦਿੱਤਾ ਜਾਂਦਾ ਹੈ, ਤਾਂ ਜੋ ਪੜ੍ਹ-ਲਿੱਖ ਨਹੀਂ ਸਕਦੇ ਉਹ ਚੋਣ ਨਿਸ਼ਾਨ ਤੋਂ ਉਮੀਦਵਾਰ ਦੀ ਪਹਿਚਾਣ ਕਰ ਸਕਣ। ਇਕ ਬੈਲਟ ਯੂਨਿਟ 'ਚ 16 ਉਮੀਦਵਾਰਾਂ ਦੇ ਨਾਂ ਦਰਜ ਕੀਤੇ ਜਾ ਸਕਦੇ ਹਨ। ਇਕ ਚੋਣ ਹਲਕੇ ਤੋਂ ਸਿਰਫ 64 ਉਮੀਦਵਾਰਾਂ ਨੂੰ ਹੀ ਵੋਟਿੰਗ ਮਸ਼ੀਨ 'ਚ ਦਰਸਾਇਆ ਜਾ ਸਕਦਾ ਹੈ ਜਿਸ ਲਈ 4 ਮਸ਼ੀਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਉਮੀਦਵਾਰਾਂ ਦੀ ਗਿਣਤੀ 64 ਤੋਂ ਜਿਆਦਾ ਹੋਵੇ ਤਾਂ ਚੋਣ ਕਮਿਸ਼ਨ ਨੂੰ ਪੁਰਾਣੇ ਕਾਗਜ਼ੀ ਬੈਲੇਟ ਵਾਲੀ ਪ੍ਰਕਿਰਿਆ ਦੀ ਸਹਾਇਤਾ ਲੈਣੀ ਪਵੇਗੀ। ਹਾਲਾਂਕਿ ਇਕ ਚੋਣ ਹਲਕੇ ਦੀਆਂ ਵੋਟਾਂ ਦੀ ਗਿਣਤੀ 1500 ਤੋਂ ਜਿਆਦਾ ਨਹੀਂ ਹੁੰਦੀ ਫਿਰ ਵੀ ਈਵੀਐੱਮ ਇਕ ਵਾਰ 'ਚ 3840 ਵੋਟਾਂ ਹੀ ਦਰਜ ਕਰ ਸਕਦੀ ਹੈ। ਇਸ ਮਸ਼ੀਨ ਨੂੰ ਬਿਨਾ ਬਿਜ਼ਲੀ ਤੋਂ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ ਕਿਉਂਕਿ ਇਸ 'ਚ ਇਕ 6 ਵੋਲਟ ਦੀ ਅਲਕਾਲਾਈਨ ਬੈਟਰੀ ਦਿੱਤੀ ਜਾਂਦੀ ਹੈ। ਕੰਟਰੋਲ ਯੂਨਿਟ 'ਚ ਚੋਣਾਂ ਦਾ ਡਾਟਾ 10 ਸਾਲ ਤੱਕ ਸੁਰੱਖਿਅਤ ਰਹਿੰਦਾ ਹੈ।

**ਪੰਜਾਬ ਵਿਚ ਸੰਨ 2004 ਤੋਂ ਈਵੀਐੱਮ ਮਸ਼ੀਨ ਦਾ ਇਸਤੇਮਾਲ ਕੀਤਾ ਜਾਣ ਲੱਗਾ...**




ਇਨ੍ਹਾਂ ਨਾਵਾਂ ਦੇ ਅੱਗੇ ਇਕ ਨੀਲੇ ਰੰਗ ਦਾ ਬਟਨ ਦਿੱਤਾ ਜਾਂਦਾ ਹੈ, ਜਿਸ ਨੂੰ ਦਬਾਉਣ 'ਤੇ ਵੋਟ ਦਰਜ ਹੁੰਦੀ ਹੈ। ਪਾਉਣ ਲਈ ਦਬਾਇਆ ਜਾਂਦਾ ਹੈ। ਇਸ ਬਟਨ ਨੂੰ ਇਕ ਵੋਟਰ ਵੱਲੋਂ ਇਕੋ ਵਾਰ ਹੀ ਦਬਾਇਆ ਜਾ ਸਕਦਾ ਹੈ। ਬਟਨ ਦਬਾਉਣ 'ਤੇ ਇਕ ਲਾਲ ਰੰਗ ਦੀ ਬੱਤੀ ਵੀ ਚਮਕਦੀ ਹੈ ਤੇ ਇਕ ਬੀਪ ਦੀ ਆਵਾਜ਼ ਆਉਂਦੀ ਹੈ ਜੋ ਵੋਟ ਦਰਜ ਹੋਣ ਦਾ ਪ੍ਰਮਾਣ ਦਿੰਦੀ ਹੈ। ਇਸ ਤੋਂ ਇਲਾਵਾ ਬੈਲਟ ਯੂਨਿਟ ਮਸ਼ੀਨ 'ਤੇ ਇਕ ਖਾਲੀ ਬਟਨ ਵੀ ਦਿੱਤਾ ਜਾਂਦਾ ਹੈ ਜਿਸ ਨੂੰ ਨੋਟਾ ਵੋਟ ਦੇ ਆਧਾਰ 'ਤੇ ਇਸਤੇਮਾਲ ਕੀਤਾ ਜਾਂਦਾ ਹੈ। ਇਸ ਬਟਨ ਦੇ ਅੱਗੇ ਕਿਸੇ ਵੀ ਉਮੀਦਵਾਰ ਦਾ ਨਾਂ ਜਾਂ ਚੋਣ ਨਿਸ਼ਾਨ ਨਹੀਂ ਦਿੱਤਾ ਜਾਂਦਾ।

ਜੇ ਕੋਈ ਵੋਟਰ ਕਿਸੇ ਉਮੀਦਵਾਰ ਨੂੰ ਵੋਟ ਨਹੀਂ ਪਾਉਣਾ ਚਾਹੁੰਦਾ ਤਾਂ ਉਹ ਇਸ ਬਟਨ ਨੂੰ ਦਬਾ ਸਕਦਾ ਹੈ। ਇਸ ਬਟਨ ਨੂੰ ਦਬਾਉਣ ਦਾ ਭਾਵ ਕਿ ਤੁਹਾਨੂੰ ਆਪਣੇ ਇਲਾਕੇ ਦਾ ਕੋਈ ਵੀ ਉਮੀਦਵਾਰ ਪਸੰਦ ਨਹੀਂ ਹੈ। ਨੋਟਾ ਵੋਟ ਨੂੰ ਚੋਣਾਂ ਦੌਰਾਨ ਕਿਸੇ ਪ੍ਰਕਾਰ ਦੀ ਮਾਨਤਾ ਨਹੀਂ ਦਿੱਤੀ ਜਾਂਦੀ। ਇਸ ਨੋਟਾ ਬਟਨ ਨੂੰ ਬੈਲੇਟ ਮਸ਼ੀਨ ਦੇ ਸਭ ਤੋਂ ਹੇਠਾਂ ਦਿੱਤਾ ਗਿਆ ਹੈ। ਇਸ ਦੂਜੇ ਪਾਸੇ ਕੰਟਰੋਲ ਯੂਨਿਟ 'ਤੇ ਲੱਗਾ ਰਿਜ਼ਲਟ ਬਟਨ ਦਬਾਉਣ 'ਤੇ ਵੋਟਾਂ ਦੀ ਗਿਣਤੀ ਸਕ੍ਰੀਨ 'ਤੇ ਦੇਖੀ ਜਾ ਸਕਦੀ ਹੈ। ਮਤਦਾਨ ਪੂਰਾ ਹੋਣ ਤੋਂ ਬਾਅਦ ਕੰਟਰੋਲ ਯੂਨਿਟ ਬੰਦ ਕਰ ਦਿੱਤਾ ਜਾਂਦਾ ਹੈ। ਇਸ ਮਸ਼ੀਨ ਦੇ ਅੰਦਰ ਇਕ ਸਿਕਿਓਰਿਟੀ ਚਿਪ ਦਿੱਤੀ ਜਾਂਦੀ ਹੈ ਜਿਸ 'ਚ ਡਾਟਾ ਸੁਰੱਖਿਅਤ ਰਹਿੰਦਾ ਹੈ ਤੇ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ। ਇਸ ਮਸ਼ੀਨ ਦਾ ਸਾਰਾ ਕੰਟਰੋਲ ਚੋਣ ਕਮਿਸ਼ਨ ਕੋਲ ਹੁੰਦਾ ਹੈ ਜਿੱਥੇ ਸਾਰੀਆਂ ਮਸ਼ੀਨਾਂ ਦਾ ਡਾਟਾ ਇਕ ਸਰਵਰ 'ਤੇ ਸਟੋਰ ਹੁੰਦਾ ਹੈ। ਫਿਰ ਵੋਟਾਂ ਦੀ ਗਿਣਤੀ ਨੂੰ ਉਮੀਦਵਾਰਾਂ ਅਨੁਸਾਰ ਵੱਖ-ਵੱਖ ਕਰ ਦਿੱਤਾ ਜਾਂਦਾ ਹੈ।

• **ਮਨੀਸ਼ ਕੁਮਾਰ**

## ਹੁਣ ਡਰੋਨ 'ਚ ਇਨਸਾਨ ਵੀ ਉੱਡਣਗੇ

ਸਭ ਤੋਂ ਪਹਿਲਾਂ ਡਰੋਨ ਨੂੰ ਬਣਾਉਣ ਦਾ ਮਕਸਦ ਸੈਨਾ ਨੂੰ ਉਨ੍ਹਾਂ ਦੇ ਕੰਮਾਂ 'ਚ ਮਦਦ ਕਰਨਾ ਸੀ ਪਰ ਹੁਣ ਸ਼ੌਕੀਆ ਜਾਂ ਪੇਸ਼ੇਵਰ ਵੀਡੀਓਗ੍ਰਾਫਰ ਵੀ ਇਨ੍ਹਾਂ ਨੂੰ ਉਡਾਉਣ ਲੱਗੇ ਹਨ। ਡਰੋਨ ਹੁਣ ਇੰਨੀਂ ਆਸਾਨੀ ਨਾਲ ਮਿਲ ਜਾਂਦਾ ਹੈ ਕਿ ਇਸ ਨੂੰ ਕੋਈ ਵੀ ਉਡਾ ਸਕਦਾ ਹੈ। ਡਰੋਨ ਨੂੰ ਅਨਮੈਂਡ ਏਰੀਲ ਵੇਹੀਕਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਪਰ ਹੁਣੇ ਜਿਹੇ ਇਕ ਇਨਸਾਨ ਨੇ ਡਰੋਨ 'ਤੇ ਸਵਾਰ ਹੋ ਕੇ ਉਡਾਨ ਭਰੀ, ਜੋ ਕਿ ਇਕ ਡਰੋਨ ਦੀ ਨਵੀਂ ਉਡਾਨ ਸਾਬਿਤ ਹੋ ਸਕਦੀ ਹੈ।

ਅਲੇਂਕਜੇਂਡਰ ਸੋਜੇਲ ਨੇ ਡਰੋਨ 'ਚ ਇਨਸਾਨ ਦੇ ਉੱਡਣ ਦੇ ਸੁਪਨੇ ਨੂੰ ਸੱਚ ਕਰ ਦਿੱਤਾ ਹੈ ਤੇ ਇਕ ਸਪੋਰਟ ਪਾਇਲਟ ਦੇ ਰੂਪ 'ਚ ਹਮੇਸ਼ਾਂ ਇਕੈੱਕਟ੍ਰਾਨਿਕ ਮਲਟੀ ਕਾਪਟਰ ਨਾਲ ਸਿੱਧਾ ਹਵਾ 'ਚ ਉਡਾਨ ਭਰਨ ਦੇ ਸੁਪਨੇ ਦੇਖਦਾ ਸੀ। ਸਾਲਾਂ ਤੱਕ ਉਹ ਆਪਣੀ ਟੀਮ ਦੇ ਨਾਲ ਇਸ ਸੁਪਨੇ ਨੂੰ ਪੂਰਾ ਕਰ ਸਕਣ ਲਈ ਯਤਨ ਕਰਦੇ ਰਹੇ ਪਰ ਇਨਸਾਨ ਸਮੇਤ ਡਰੋਨ ਜਿਵੇਂ ਹੀ ਭਾਰੀ ਜਹਾਜ਼ ਨੂੰ ਹਵਾ 'ਚ ਉਡਾਉਣਾ ਆਸਾਨ ਨਹੀਂ ਸੀ, ਦਰਅਸਲ ਸ਼ੁਰੂਆਤ 'ਚ ਇਹ ਅਸੰਭਵ ਲਗ ਰਿਹਾ ਸੀ ਪਰ ਅਲੇਕਜ਼ੇਂਡਰ ਸੋਜੇਲ ਇਸ 'ਚ ਕਾਮਯਾਬ ਰਹੇ। ਉਨ੍ਹਾਂ ਨੇ ਲਗਪਗ ਪੰਜ ਮਿੰਟ ਤੱਕ ਉਡਾਨ ਭਰੀ।

ਆਪਣੀ ਤਕਨੀਕੀ ਦੂਰਦਰਸ਼ਿਤਾ ਅਤੇ ਊਡਾਨ ਨਾਲ ਪਿਆਰ ਦੇ ਚਲਦੇ ਸੋਜੇਲ ਨੇ ਆਖਰਕਾਰ ਇਨਸਾਨ ਨੂੰ ਉੱਡਣ ਵਾਲਾ ਡ੍ਰੋਨ ਬਣਾ ਦਿੱਤਾ। ਸੋਜੇਲ ਪੂਰੀ ਦੁਨੀਆ 'ਚ ਇਕੱਲੇ ਹਨ, ਜੋ ਇਲੈਂਕਟ੍ਰਾਨਿਕ ਮੋਟਰ ਦੀ ਮਦਦ ਨਾਲ ਜਹਾਜ਼ ਨੂੰ ਸਿੱਧਾ ਉਡਾਉਣ 'ਚ ਕਾਮਯਾਬ ਰਹੇ ਹਨ। ਬਹੁਤ ਸਾਰੀਆਂ ਕੰਪਨੀਆਂ ਇਸ 'ਤੇ ਪ੍ਰਾਜੈਕਟ ਚਲਾ ਰਹੀਆਂ ਹਨ, ਜਿਨ੍ਹਾਂ 'ਚ ਵੱਡੇ ਹੈਲੀਕਾਪਟਰ ਕੰਪਨੀਆਂ ਵੀ ਸ਼ਾਮਲ ਹਨ, ਪਰ ਹੁਣ ਤਕ ਇਹ ਕਾਮਯਾਬ ਨਹੀਂ ਹੋ ਪਾਈਆ। ਸੋਜੇਲ ਨੇ ਜਦੋਂ ਆਪਣੀ ਪਹਿਲੀ ਉਡਾਨ ਦਾ ਵੀਡੀਓ ਯੂਟਿਊਬ 'ਤੇ ਦੇਖਿਆ ਤਾਂ ਇਸ ਨੂੰ ਲੋਕਾਂ ਦੁਆਰਾ ਬਹੁਤ ਪਸੰਦ ਕੀਤਾ ਗਿਆ।



*ਬੱਚਿਓ! ਅੱਜ ਵਿਗਿਆਨ ਨੇ ਇੰਨੀਂ ਜ਼ਿਆਦਾ ਤਰੱਕੀ ਕਰ ਲਈ ਹੈ ਕਿ ਉਸ ਦੀ ਮਦਦ ਨਾਲ ਅਸੀਂ ਆਪਣੇ ਸੁਪਨਿਆਂ ਨੂੰ ਸੱਚ ਕਰ ਸਕਦੇ ਹਾਂ। ਹਵਾ 'ਚ ਉੱਡਦੀ ਪਤੰਗ ਨੂੰ ਦੇਖ ਕੇ ਅਸੀਂ ਸੋਚਦੇ ਹਾਂ ਕਿ ਕਾਸ਼! ਅਸੀਂ ਵੀ ਇਸ ਵਾਂਗ ਉੱਡ ਸਕੀਏ। ਇਸੇ ਸੋਚ ਨੂੰ ਇਕ ਵਿਗਿਆਨੀ ਨੇ ਡਰੋਨ ਰਾਹੀਂ ਪੂਰਾ ਕੀਤਾ ਹੈ...*

### ਨਵੇਂ ਮਲਟੀ ਕਾਪਟਰ ਬਾਰੇ ਖੋਜ ਜਾਰੀ

ਉਨ੍ਹਾਂ ਦੇ ਇਕ ਖ਼ਾਸ ਡਰੋਨ 'ਚ ਇਕ ਸੀਟ ਹੈ। ਇਸ ਜ਼ਰੀਏ ਉਨ੍ਹਾਂ ਨੇ ਦਿਖਾਇਆ ਹੈ ਕਿ ਇਲੈੱਕਟ੍ਰਾਨਿਕ ਮੋਟਰ ਜ਼ਰੀਏ ਸਿੱਧੀ ਉਡਾਨ ਭਰੀ ਜਾ ਸਕਦੀ ਹੈ। ਹੁਣ ਇਹ ਇਕ ਅਜਿਹੀ ਮਸ਼ੀਨ ਬਣਾ ਰਹੇ ਹਨ, ਜਿਸ ਬਾਰੇ ਉਨ੍ਹਾਂ ਦਾ ਮੰਨਣਾ ਹੈ ਕਿ ਅਸਲ ਡਰੋਨ ਜਹਾਜ਼ ਦੇ ਰੂਪ 'ਚ ਹੋਵੇਗਾ ਅਤੇ ਅਸਲ ਰੂਪ 'ਚ ਉਸ 'ਚ ਸੁਰੱਖਿਆ, ਸੁਵਿਧਾ, ਆਰਾਨ ਅਤੇ ਹੈਂਡਲਿੰਗ ਦੇ ਵੱਖ-ਵੱਖ ਭਾਗ ਹੋਣਗੇ।

• **ਫ਼ੀਚਰ ਡੈਸਕ**

ਕੌਮੀ ਪੱਤ੍ਰਿਕਾ

# ਭਾਰਤ-ਰੂਸ ਅੰਤਰ-ਸਰਕਾਰੀ ਕਮਿਸ਼ਨ ਦੀ 22ਵੀਂ ਮੰਤਰੀ ਪੱਧਰੀ ਮੀਟਿੰਗ, ਰਾਜਨਾਥ ਤੇ ਬੇਲੋਸੋਵ ਨੇ ਕੀਤੀ ਅਗਵਾਈ



**ਨਵੀਂ ਦਿੱਲੀ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਰੂਸੀ ਰੱਖਿਆ ਮੰਤਰੀ ਆਂਦਰੇਈ ਬੇਲੋਸੋਵ ਨੇ 22ਵੀਂ ਭਾਰਤ-ਰੂਸ ਅੰਤਰ-ਸਰਕਾਰੀ ਮਿਲਟਰੀ ਤੇ ਮਿਲਟਰੀ ਤਕਨੀਕੀ ਸਹਿਯੋਗ ਕਮਿਸ਼ਨ ਦੀ ਮੰਤਰੀ ਪੱਧਰੀ ਬੈਠਕ ਦੇ ਸਹਿ-ਪ੍ਰਧਾਨ ਵਜੋਂ ਮੀਟਿੰਗ ਕੀਤੀ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਿਛਲੇ ਮਹੀਨੇ ਮਾਸਕੋ ਵਿੱਚ ਹੋਈ ਵਪਾਰ ਅਤੇ ਆਰਥਿਕ ਸਹਿਯੋਗ @ਤੇ ਭਾਰਤ-ਰੂਸ ਵਰਕਿੰਗ ਗਰੁੱਪ ਦੀ 26ਵੀਂ ਮੀਟਿੰਗ ਦੇ ਸਫਲ ਆਯੋਜਨ ਦਾ ਸਵਾਗਤ ਕੀਤਾ। ਉਨ੍ਹਾਂ ਨੇ ਰੂਸ ਦੀ ਅਗਵਾਈ ਵਾਲੀ ਯੂਰੇਸ਼ੀਅਨ ਆਰਥਿਕ ਸੰਘ ਨਾਲ ਮੁਕਤ ਵਪਾਰ ਸਮਝੌਤੇ ਲਈ ਗੱਲਬਾਤ ਸ਼ੁਰੂ ਹੋਣ ਦਾ ਵੀ ਸਵਾਗਤ ਕੀਤਾ। ਸਿੰਘ ਨੇ ਕਿਹਾ ਕਿ ਉਹ 23ਵੇਂ ਭਾਰਤ-ਰੂਸ ਸਾਲਾਨਾ ਸੰਮੇਲਨ ਲਈ ਰੂਸੀ ਫੈਡਰੇਸ਼ਨ ਦੇ ਰਾਸ਼ਟਰਪਤੀ, ਹਿਜ਼ ਐਕਸੀਲੈਂਸੀ ਵਲਾਦੀਮੀਰ ਪੂਤਿਨ, ਦੇ ਭਾਰਤ ਆਉਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ, ਜੋ ਹੁਣ ਪੂਰਾ ਹੋ ਗਿਆ ਹੈ।

**ਰੂਸੀ ਰੱਖਿਆ ਮੰਤਰੀ ਬੇਲੋਸੋਵ ਦਾ ਦ੍ਰਿਸ਼ਟੀਕੋਣ:**

ਮਿਲਟਰੀ ਅਤੇ ਮਿਲਟਰੀ ਤਕਨੀਕੀ ਸਹਿਯੋਗ @ਤੇ 22ਵੀਂ ਭਾਰਤ-ਰੂਸ ਅੰਤਰ-ਸਰਕਾਰੀ ਕਮਿਸ਼ਨ ਦੀ ਮੰਤਰੀ ਪੱਧਰੀ ਬੈਠਕ ਵਿੱਚ ਰੂਸੀ ਰੱਖਿਆ ਮੰਤਰੀ ਆਂਦਰੇਈ ਬੇਲੋਸੋਵ ਨੇ ਕਿਹਾ ਕਿ ਇਹ ਅੰਤਰ-ਸਰਕਾਰੀ ਕਮਿਸ਼ਨ ਮਿਲਟਰੀ ਡੋਮੇਨ ਵਿੱਚ ਪ੍ਰਭਾਵਸ਼ਾਲੀ ਅਤੇ ਆਪਸੀ ਲਾਭ ਵਾਲੇ ਸਹਿਯੋਗ ਨੂੰ ਯਕੀਨੀ ਬਣਾਉਂਦਾ ਹੈ। ਉਨ੍ਹਾਂ ਨੇ ਇਸ ਗੱਲ @ਤੇ ਜ਼ੋਰ ਦਿੱਤਾ ਕਿ ਭਾਰਤ ਨਾਲ ਰੂਸ ਦੇ ਦੁਵੱਲੇ ਸਬੰਧ ਰਣਨੀਤਕ ਹਨ। ਸ੍ਰੀ ਬੇਲੋਸੋਵ ਨੇ ਅੱਗੇ ਕਿਹਾ ਕਿ ਭਾਰਤ ਨਾਲ ਇਹ ਭਾਈਵਾਲੀ ਦੱਖਣੀ ਏਸ਼ੀਆਈ ਖੇਤਰ ਵਿੱਚ ਸੰਤੁਲਨ ਬਣਾਉਣ ਅਤੇ ਆਮ ਤੌਰ @ਤੇ ਵਿਸ਼ਵ ਪੱਧਰ @ਤੇ ਸੰਤੁਲਨ ਬਣਾਈ ਰੱਖਣ ਵਿੱਚ ਯੋਗਦਾਨ ਪਾਉਂਦੀ ਹੈ।

ਪੂਤਿਨ ਦੀ ਭਾਰਤ ਫੇਰੀ ਤੋਂ ਪਹਿਲਾਂ ਦਿੱਲੀ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਮੋਦੀ ਅਤੇ ਪੂਤਿਨ ਵਿਚਕਾਰ ਸ਼ੁੱਕਰਵਾਰ ਨੂੰ ਹੋਣ ਵਾਲੀ ਸਿਖਰ ਵਾਰਤਾ ਵਿੱਚ ਰੱਖਿਆ ਸਹਿਯੋਗ ਵਧਾਉਣ, ਦੁਵੱਲੇ ਵਪਾਰ ਨੂੰ ਬਾਹਰੀ ਦਬਾਅ ਤੋਂ ਬਚਾਉਣ ਅਤੇ ਛੋਟੇ ਮਾਡਿਊਲਰ ਰਿਐਕਟਰਾਂ ਦੇ ਖੇਤਰ ਵਿੱਚ ਸੰਭਾਵਿਤ ਸਹਿਯੋਗ 'ਤੇ ਧਿਆਨ ਕੇਂਦਰਿਤ ਹੋਣ ਦੀ ਸੰਭਾਵਨਾ ਹੈ। ਮੰਨਿਆ ਜਾ ਰਿਹਾ ਹੈ ਕਿ ਪੱਛਮੀ ਮੁਲਕਾਂ ਦੀ ਮੋਦੀ-ਪੂਤਿਨ ਗੱਲਬਾਤ 'ਤੇ ਨੇੜਿਓਂ ਨਜ਼ਰ ਰਹੇਗੀ। ਭਾਰਤ ਅਤੇ ਰੂਸ ਵਿਚਕਾਰ 23ਵੇਂ ਸਿਖਰ ਸੰਮੇਲਨ ਤੋਂ ਬਾਅਦ, ਦੋਵੇਂ ਧਿਰਾਂ ਵਪਾਰ ਸਮੇਤ ਕਈ ਖੇਤਰਾਂ ਵਿੱਚ ਸਮਝੌਤੇ ਸਹੀਬੱਧ ਕਰ ਸਕਦੀਆਂ ਹਨ।\

# ਨਵੇਂ ਪਾਇਲਟ ਡਿਊਟੀ ਨੇਮ ਕਰਕੇ ਅਮਲੇ ਦੀ ਘਾਟ, Indigo ਵੱਲੋਂ 180 ਤੋਂ ਵੱਧ ਉਡਾਣਾਂ ਰੱਦ

**ਮੁੰਬਈ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਘਰੇਲੂ ਏਅਰਲਾਈਨ Indigo ਨੇ ਵੀਰਵਾਰ ਨੂੰ ਤਿੰਨ ਪ੍ਰਮੁੱਖ ਹਵਾਈ ਅੱਡਿਆਂ ਤੋਂ 180 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਹਨ, ਕਿਉਂਕਿ ਗੁਰੂਗ੍ਰਾਮ-ਅਧਾਰਤ ਏਅਰਲਾਈਨ ਪਾਇਲਟਾਂ ਲਈ ਨਵੇਂ ਫਲਾਈਟ-ਡਿਊਟੀ ਅਤੇ ਆਰਾਮ-ਅਰਸੇ ਦੇ ਨਿਯਮਾਂ ਕਰਕੇ ਆਪਣੀਆਂ ਉਡਾਣਾਂ ਲਈ ਲੋੜੀਂਦਾ ਅਮਲਾ ਯਕੀਨੀ ਬਣਾਉਣ ਵਾਸਤੇ ਸੰਘਰਸ਼ ਕਰ ਰਹੀ ਹੈ। ਇੱਕ ਸੂਤਰ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ 'ਇੰਡੀਗੋ ਨੇ ਵੀਰਵਾਰ ਨੂੰ ਤਿੰਨ ਹਵਾਈ ਅੱਡਿਆਂ - ਮੁੰਬਈ, ਦਿੱਲੀ ਅਤੇ ਬੰਗਲੁਰੂ 'ਤੇ 180 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਹਨ।'

ਸੂਤਰ ਨੇ ਦੱਸਿਆ ਕਿ ਮੁੰਬਈ ਹਵਾਈ ਅੱਡੇ 'ਤੇ ਰੱਦ ਕੀਤੀਆਂ ਜਾਣ ਵਾਲੀਆਂ ਉਡਾਣਾਂ ਦੀ ਗਿਣਤੀ 86 ਹੈ (41 ਆਗਮਨ ਅਤੇ 45 ਰਵਾਨਗੀ), ਜਦੋਂ ਕਿ ਬੰਗਲੁਰੂ ਵਿਚ 73 ਉਡਾਣਾਂ ਰੱਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ 41 ਆਗਮਨ ਹਨ। ਇਸ ਤੋਂ ਇਲਾਵਾ ਵੀਰਵਾਰ ਨੂੰ ਦਿੱਲੀ ਹਵਾਈ ਅੱਡੇ 'ਤੇ 33 ਉਡਾਣਾਂ ਰੱਦ ਕੀਤੀਆਂ ਗਈਆਂ ਹਨ ਜਦੋਂਕਿ 'ਦਿਨ ਦੇ ਅੰਤ ਤੱਕ ਇਹ ਗਿਣਤੀ ਹੋਰ ਵਧਣ ਦੀ ਉਮੀਦ ਹੈ।'

ਛੇ ਮੁੱਖ ਹਵਾਈ ਅੱਡਿਆਂ - ਦਿੱਲੀ, ਮੁੰਬਈ, ਚੇਨਈ, ਕੋਲਕਾਤਾ, ਬੰਗਲੁਰੂ ਅਤੇ ਹੈਦਰਾਬਾਦ - 'ਤੇ 3 ਦਸੰਬਰ ਨੂੰ ਏਅਰਲਾਈਨ ਦਾ ਔਨ-ਟਾਈਮ ਪਰਫਾਰਮੈਂਸ (OTP) 19.7 ਪ੍ਰਤੀਸ਼ਤ ਤੱਕ ਡਿੱਗ ਗਿਆ, ਕਿਉਂਕਿ ਇਸ ਨੂੰ ਆਪਣੀਆਂ ਸੇਵਾਵਾਂ ਚਲਾਉਣ ਲਈ ਲੋੜੀਂਦੇ ਅਮਲੇ ਦੀ ਘਾਟ ਨਾਲ ਜੂਝਣਾ ਪੈ ਰਿਹਾ ਸੀ।

ਉਧਰ ਫੈਡਰੇਸ਼ਨ ਆਫ ਇੰਡੀਅਨ ਪਾਇਲਟਸ (FIP) ਨੇ ਬੁੱਧਵਾਰ ਦੇਰ ਰਾਤ ਸਿਵਲ ਏਵੀਏਸ਼ਨ ਡਾਇਰੈਕਟੋਰੇਟ ਜਨਰਲ (ਡੀਜੀਸੀਏ) ਨੂੰ ਲਿਖੇ ਇੱਕ ਪੱਤਰ ਵਿੱਚ, ਅਪੀਲ ਕੀਤੀ ਕਿ ਜੇਕਰ ਇੰਡੀਗੋ ਏਅਰਲਾਈਨ 'ਸਟਾਫ ਦੀ ਘਾਟ ਕਾਰਨ ਯਾਤਰੀਆਂ ਪ੍ਰਤੀ ਆਪਣੀਆਂ ਵਚਨਬੱਧਤਾਵਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦੀ ਹੈ' ਤਾਂ ਉਹ ਹੋਰ ਏਅਰਲਾਈਨਾਂ, ਜਿਨ੍ਹਾਂ ਕੋਲ ਪੀਕ ਛੁੱਟੀਆਂ ਅਤੇ ਧੁੰਦ ਦੇ ਮੌਸਮ ਦੌਰਾਨ ਕਿਸੇ ਰੁਕਾਵਟ ਦੇ ਉਨ੍ਹਾਂ ਨੂੰ ਚਲਾਉਣ ਦੀ ਸਮਰੱਥਾ ਹੈ, ਨੂੰ ਸਲਾਟਾਂ ਦਾ ਮੁੜ ਮੁਲਾਂਕਣ ਕਰਨ ਅਤੇ ਮੁੜ ਅਲਾਟ ਕਰਨ 'ਤੇ ਵਿਚਾਰ ਕਰੇ। ਦਿੱਲੀ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦੇ ਸੰਚਾਲਨ ਵਿੱਚ ਦਿੱਕਤਾਂ ਆਈਆਂ, ਜਿਸ ਕਰਕੇ ਸ਼ਾਮ 4 ਵਜੇ ਤੱਕ ਕੁੱਲ 34 ਰਵਾਨਗੀਆਂ ( ਅਤੇ 37 ਆਮਦਾਂ ਰੱਦ ਕਰ ਦਿੱਤੀਆਂ ਗਈਆਂ ਹਨ।

# ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਬਿਕਰਮ ਮਜੀਠੀਆ ਦੀ ਜ਼ਮਾਨਤ ਅਰਜ਼ੀ ਰੱਦ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਪੰਜਾਬ ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ 25 ਜੂਨ ਨੂੰ 540 ਕਰੋੜ ਰੁਪਏ ਦੀ 'ਡਰੱਗ ਮਨੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਗ੍ਰਿਫ਼ਤਾਰ ਕੀਤਾ ਸੀ।

ਵਿਸ਼ੇਸ਼ ਸਰਕਾਰੀ ਵਕੀਲ ਫੈਰੀ ਸੋਫਤ ਨੇ ਇਥੇ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਸਟਿਸ ਤ੍ਰਿਭੁਵਨ ਦਹੀਆ ਦੀ ਕੋਰਟ ਨੇ ਮਜੀਠੀਆ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ। ਇਸ ਤੋਂ ਪਹਿਲਾਂ ਮੁਹਾਲੀ ਦੀ ਇੱਕ ਅਦਾਲਤ ਨੇ ਮਜੀਠੀਆ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ। ਮਜੀਠੀਆ ਇਸ ਵੇਲੇ ਪਟਿਆਲਾ ਦੀ ਨਵੀਂ ਨਾਭਾ ਜੇਲ੍ਹ ਵਿੱਚ ਬੰਦ ਹੈ। ਮਜੀਠੀਆ ਨੇ ਆਪਣੇ ਖਿਲਾਫ਼ ਇਸ ਕੇਸ ਨੂੰ ਸਿਆਸੀ ਬਦਲਾਖੋਰੀ ਦੀ ਕਾਰਵਾਈ ਦੱਸਿਆ ਹੈ।

ਮਜੀਠੀਆ ਖਿਲਾਫ਼ 2021 ਵਿੱਚ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸ (ਐਨਡੀਪੀਐਸ) ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਹ ਕਾਰਵਾਈ ਨਸ਼ਾ ਵਿਰੋਧੀ ਵਿਸ਼ੇਸ਼ ਟਾਸਕ ਫੋਰਸ ਦੀ 2018 ਦੀ ਰਿਪੋਰਟ ਦੇ ਅਧਾਰ 'ਤੇ ਕੀਤੀ ਗਈ ਸੀ। ਵਿਜੀਲੈਂਸ ਬਿਊਰੋ ਦਾ ਦਾਅਵਾ ਹੈ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ 540 ਕਰੋੜ ਰੁਪਏ ਤੋਂ ਵੱਧ ÷ਡਰੱਗ ਮਨੀ÷ ਨੂੰ ਕਈ ਤਰੀਕਿਆਂ ਨਾਲ ਮਨੀਲਾਂਡਰ ਕੀਤਾ ਗਿਆ ਸੀ। ਐਫਆਈਆਰ ਤੋਂ ਬਾਅਦ ਵਿਜੀਲੈਂਸ ਬਿਊਰੋ ਨੇ ਡੀਏ ਮਾਮਲੇ ਵਿੱਚ 40,000 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ।

# ਜ਼ਰੂਰੀ ਵਸਤਾਂ 'ਤੇ ਕੋਈ ਸੈੱਸ ਨਹੀਂ, ਮਾਲੀਆ ਸੂਬਿਆਂ ਨਾਲ ਸਾਂਝਾ ਕੀਤਾ ਜਾਵੇਗਾ: ਵਿੱਤ ਮੰਤਰੀ

**ਨਵੀਂ ਦਿੱਲੀ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀਰਵਾਰ ਨੂੰ ਕਿਹਾ ਕਿ ਪ੍ਰਸਤਾਵਿਤ ਸਿਹਤ ਅਤੇ ਰਾਸ਼ਟਰੀ ਸੁਰੱਖਿਆ ਸੈੱਸ (Health and National Security Cess) ਜ਼ਰੂਰੀ ਵਸਤਾਂ 'ਤੇ ਨਹੀਂ ਲਗਾਇਆ ਜਾਵੇਗਾ ਅਤੇ ਇਸ ਤੋਂ ਹੋਣ ਵਾਲੀ ਕਮਾਈ ਖਾਸ ਸਿਹਤ ਸਕੀਮਾਂ ਤਹਿਤ ਸੂਬਿਆਂ ਨਾਲ ਸਾਂਝੀ ਕੀਤੀ ਜਾਵੇਗੀ। ਲੋਕ ਸਭਾ ਵਿੱਚ 'ਸਿਹਤ ਸੁਰੱਖਿਆ ਤੋਂ ਰਾਸ਼ਟਰੀ ਸੁਰੱਖਿਆ ਸੈੱਸ ਬਿੱਲ, 2025' ਨੂੰ ਚਰਚਾ ਲਈ ਪੇਸ਼ ਕਰਦੇ ਹੋਏ ਸੀਤਾਰਮਨ ਨੇ ਕਿਹਾ ਕਿ ਇਹ ਸੈੱਸ ਪਾਨ ਮਸਾਲਾ ਯੂਨਿਟਾਂ ਦੀ ਉਤਪਾਦਨ ਸਮਰੱਥਾ 'ਤੇ ਲਗਾਇਆ ਜਾਵੇਗਾ, ਜੋ ਕਿ ਇੱਕ ਮਾੜੀ ਵਸਤੂ ਹੈ। ਸੀਤਾਰਮਨ ਨੇ ਕਿਹਾ, "ਇਹ ਸੈੱਸ ਲਗਾਉਣ ਨਾਲ, ਅਸੀਂ ਉਮੀਦ ਕਰਦੇ ਹਾਂ ਕਿ ਇਹ ਪਾਨ ਮਸਾਲਾ ਦੀ ਖਪਤ ਨੂੰ ਰੋਕਣ ਦਾ ਕੰਮ ਕਰੇਗਾ। ਇਸ ਸੈੱਸ ਤੋਂ ਹੋਣ ਵਾਲੇ ਮਾਲੀਏ ਦਾ ਕੁਝ ਹਿੱਸਾ ਸਿਹਤ ਜਾਗਰੂਕਤਾ ਜਾਂ ਹੋਰ ਸਿਹਤ ਸੰਬੰਧੀ ਸਕੀਮਾਂ/ ਗਤੀਵਿਧੀਆਂ ਰਾਹੀਂ ਸੂਬਿਆਂ ਨਾਲ ਸਾਂਝਾ ਕੀਤਾ ਜਾਵੇਗਾ।" ਮੰਤਰੀ ਨੇ ਕਿਹਾ ਕਿ ਪਾਨ ਮਸਾਲਾ 'ਤੇ ਵੱਧ ਤੋਂ ਵੱਧ 40 ਫੀਸਦੀ ਵਸਤੂਆਂ ਅਤੇ ਸੇਵਾਵਾਂ ਟੈਕਸ (GST) ਲੱਗਦਾ ਰਹੇਗਾ। ਇਸ ਤੋਂ ਇਲਾਵਾ ਇਹ ਸਿਹਤ ਅਤੇ ਰਾਸ਼ਟਰੀ ਸੁਰੱਖਿਆ ਸੈੱਸ ਪਾਨ ਮਸਾਲਾ ਨਿਰਮਾਤਾਵਾਂ ਦੀ ਉਤਪਾਦਨ ਸਮਰੱਥਾ 'ਤੇ ਲਗਾਇਆ ਜਾਵੇਗਾ। ਸੀਤਾਰਮਨ ਨੇ ਕਿਹਾ ਕਿਉਂਕਿ ਪਾਨ ਮਸਾਲਾ 'ਤੇ ਐਕਸਾਈਜ਼ ਡਿਊਟੀ ਨਹੀਂ ਲਗਾਈ ਜਾ ਸਕਦੀ, ਸਰਕਾਰ ਇੱਕ ਵੱਖਰਾ ਸੈੱਸ ਬਿੱਲ ਲਿਆ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪਾਨ ਮਸਾਲਾ ਦੇ ਉਤਪਾਦਨ 'ਤੇ, ਖਪਤ 'ਤੇ ਲੱਗਣ ਵਾਲੇ GST ਦੇ ਨਾਲ, ਟੈਕਸ ਲਗਾਇਆ ਜਾਵੇ। ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦੇ ਮੱਦੇਨਜ਼ਰ, ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਵੀਰਵਾਰ ਨੂੰ ਕਿਹਾ ਕਿ ਕੇਂਦਰ ਸਰਕਾਰ ਵਿਕਲਪਕ ਈਂਧਨ ਨੂੰ ਤਰਜੀਹ ਦੇ ਰਹੀ ਹੈ ਅਤੇ ਉਨ੍ਹਾਂ ਨੇ ਖੁਦ ਟੋਇਟਾ ਦੀ 'ਮਿਰਾਈ' ਹਾਈਡ੍ਰੋਜਨ ਫਿਊਲ-ਸੈੱਲ ਕਾਰ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਗਡਕਰੀ ਨੇ ਕਿਹਾ, ਭਵਿੱਖ ਦਾ ਈਂਧਨ ਹਾਈਡ੍ਰੋਜਨ ਹੈ... ਮੈਂ ਵੀ ਇੱਕ ਹਾਈਡ੍ਰੋਜਨ ਕਾਰ ਲਈ ਹੈ ਅਤੇ ਇਹ ਕਾਰ ਟੋਇਟਾ ਦੀ ਹੈ... ਇਹ ਮਰਸੀਡੀਜ਼ ਜਿੰਨਾ ਹੀ ਆਰਾਮ ਦਿੰਦੀ ਹੈ। ਇਸ ਕਾਰ ਦਾ ਨਾਮ 'ਮਿਰਾਈ' ਹੈ, ਜੋ ਕਿ ਜਾਪਾਨੀ ਸ਼ਬਦ ਹੈ ਜਿਸਦਾ ਮਤਲਬ ਭਵਿੱਖ ਹੁੰਦਾ ਹੈ।" ਕੇਂਦਰੀ ਮੰਤਰੀ ਨੇ ਕਿਹਾ ਕਿ ਜੈਵਿਕ ਈਂਧਨ ਦੀ ਦਰਾਮਦ ( ਭਾਰਤ ਨੂੰ 22 ਲੱਖ ਕਰੋੜ ਰੁਪਏ ਦਾ ਖਰਚਾ ਪਾ ਰਹੀ ਹੈ ਅਤੇ ਇਸ ਨਾਲ ਬਹੁਤ ਪ੍ਰਦੂਸ਼ਣ ਵੀ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ, "ਪ੍ਰਦੂਸ਼ਣ ਕਾਰਨ, ਤੁਸੀਂ ਸਾਰੇ ਇਸ ਨਾਜ਼ੁਕ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ; ਮੈਂ ਵੀ ਦਿੱਲੀ ਵਿੱਚ ਇਸ ਸਮੱਸਿਆ ਦਾ ਸਾਹਮਣਾ ਕਰ ਰਿਹਾ ਹਾਂ।"

ਉਨ੍ਹਾਂ ਨੇ ਭਰੋਸਾ ਪ੍ਰਗਟਾਇਆ ਕਿ ਜਿਵੇਂ ਹੀ ਭਾਰਤ ਵਿਕਲਪਕ ਈਂਧਨ ਵੱਲ ਵਧੇਗਾ, ਦੇਸ਼ ਊਰਜਾ ਦਾ ਇੱਕ ਨਿਰਯਾਤਕਬਣ ਜਾਵੇਗਾ।

# ਮੁੱਖ ਮੰਤਰੀ ਮਾਨ ਦੀ ਜਾਪਾਨ ਫੇਰੀ ਪੰਜਾਬ ਦੇ ਭਵਿੱਖ ਨੂੰ ਨਵਾਂ ਰੂਪ ਦੇਵੇਗੀ: ਹਰਜੋਤ ਸਿੰਘ ਬੈਂਸ

**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-.**



ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਜਾਪਾਨ ਫੇਰੀ ਦੇ ਉਸਾਰੂ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਫੇਰੀ ਨਾਲ ਸੂਬੇ ਵਿੱਚ ਵੱਡਾ ਨਿਵੇਸ਼ ਆਵੇਗਾ ਅਤੇ ਰਣਨੀਤਕ ਸਬੰਧ ਮਜ਼ਬੂਤ ਹੋਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੇ ਵਫ਼ਦ ਦੀ ਦੂਰਦਰਸ਼ੀ ਕੂਟਨੀਤਕ ਪਹੁੰਚ ਪੰਜਾਬ ਦੀ ਮਨੁੱਖੀ ਸਰੋਤਾਂ ਨੂੰ ਉੱਭਰ ਰਹੇ ਮੌਕਿਆਂ ਨਾਲ ਜੋੜੇਗੀ ਜਿਸ ਨਾਲ ਸੂਬੇ ਵਿੱਚ ਵਿਕਾਸ ਨੂੰ ਹੁਲਾਰਾ ਮਿਲੇਗਾ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਠੋਸ ਯਤਨਾਂ ਸਦਕਾ ਪੰਜਾਬ ਨੇ ਜਾਪਾਨੀ ਉਦਯੋਗਜਗਤ ਦੀ ਮੋਹਰੀ ਕੰਪਨੀ ਟੋਪਨ ਸਪੈਸ਼ਲਿਟੀ ਫਿਲਮਜ਼ ਪ੍ਰਾਈਵੇਟ ਲਿਮਟਿਡ (ਟੀ.ਐਸ.ਐਫ.) ਨਾਲ ਇਤਿਹਾਸਕ ਨਿਵੇਸ਼ ਸਮਝੌਤਾ ਸਹੀਬੱਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕੰਪਨੀ ਪੰਜਾਬ ਵਿੱਚ 400 ਕਰੋੜ ਰੁਪਏ ਦਾ ਨਿਵੇਸ਼ ਕਰਨ ਜਾ ਰਹੀ ਹੈ ਅਤੇ ਇਸ ਕੰਪਨੀ ਨਾਲ ਇਹ ਸਮਝੌਤਾ 6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਤੋਂ ਪਹਿਲਾਂ ਪੰਜਾਬ ਨੂੰ ਵਿਸ਼ਵ ਪੱਧਰ 'ਤੇ ਨਿਵੇਸ਼ ਲਈ ਪਸੰਦੀਦਾ ਸਥਾਨ ਵਜੋਂ ਸਥਾਪਤ ਕਰਨ ਦੇ ਸਫ਼ਰ ਵਿੱਚ ਇੱਕ ਵੱਡਾ ਮੀਲ ਪੱਥਰ ਹੋਵੇਗਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਸਮਝੌਤਾ ਸੂਬੇ ਦੇ ਉਦਯੋਗਿਕ ਵਿਕਾਸ ਅਤੇ ਤਕਨੀਕੀ ਵਿਦਿਅਕ ਸਮਰੱਥਾ ਦਰਮਿਆਨ ਤਾਲਮੇਲ ਨੂੰ ਮਜ਼ਬੂਤ ਕਰੇਗਾ, ਜੋ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦੂਰਅੰਦੇਸ਼ੀ ਦ੍ਰਿਸ਼ਟੀਕੋਣ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਸਕਿੱਲਿੰਗ ਐਕਸੀਲੈਂਸ ਸੈਂਟਰ ਉਦਯੋਗ-ਅਨੁਕੂਲ ਹੁਨਰ ਦਾ ਵਿਸਤਾਰ, ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਵਧਾਏਗਾ ਅਤੇ ਸੂਬੇ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦਿੰਦਿਆਂ ਪੰਜਾਬ ਨੂੰ ਉੱਤਰੀ ਭਾਰਤ ਦੀ ਹੁਨਰ ਰਾਜਧਾਨੀ ਵਜੋਂ ਸਥਾਪਤ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ ਇਹ ਰਣਨੀਤਕ ਪਹੁੰਚ ਸਾਡੀਆਂ ਪ੍ਰਸ਼ਾਸਕੀ ਸਫ਼ਲਤਾਵਾਂ ਅਤੇ ਭਵਿੱਖਮੁਖੀ ਯੋਜਨਾਵਾਂ ਨੂੰ ਸਾਂਝਾ ਕਰਦਿਆਂ ਆਲਮੀ ਪੱਧਰ 'ਤੇ ਪੰਜਾਬ ਦੀ ਇੱਕ ਸਫ਼ਲ ਪਛਾਣ ਕਾਇਮ ਕਰੇਗੀ ਜਿਸ ਨਾਲ ਦੁਨੀਆਂ ਨੂੰ ਪਤਾ ਚੱਲੇਗਾ ਕਿ ਪੰਜਾਬ ਨਾ ਸਿਰਫ਼ ਕਾਰੋਬਾਰ ਲਈ ਖੁੱਲ੍ਹਾ ਹੈ ਸਗੋਂ ਇਹ ਭਵਿੱਖ ਲਈ ਵੀ ਅਜਿਹੇ ਰਣਨੀਤਕ ਸਬੰਧ ਕਾਇਮ ਕਰ ਰਿਹਾ ਹੈ, ਜੋ ਇਸ ਦੇ ਅਤਿ-ਆਧੁਨਿਕ ਬੁਨਿਆਦੀ ਢਾਂਚੇ ਅਤੇ ਲੋਕਾਂ ਵਿੱਚ ਨਿਵੇਸ਼ ਲਈ ਹੱਥ ਵਧਾਉਂਦੇ ਹਨ।

ਸ. ਬੈਂਸ ਨੇ ਦੱਸਿਆ ਕਿ ਪੰਜਾਬ ਦੇ ਵਫ਼ਦ ਵੱਲੋਂ ਫਾਸਟਟ੍ਰੈਕ ਪੰਜਾਬ ਸਿੰਗਲ-ਵਿੰਡੋ ਸਿਸਟਮ, ਆਟੋ-ਡੀਮਡ ਪ੍ਰਵਾਨਗੀਆਂ ਅਤੇ ਪ੍ਰਗਤੀਸ਼ੀਲ ਪੰਜਾਬ ਰਾਈਟ ਟੂ ਬਿਜ਼ਨਸ ਐਕਟ ਸਮੇਤ ਸੂਬੇ ਦੇ ਬੇਮਿਸਾਲ ਸ਼ਾਸਨ ਸੁਧਾਰਾਂ ਨੂੰ ਸਫ਼ਲਤਾਪੂਰਵਕ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਨਵੀਂ ਉਦਯੋਗਿਕ ਨੀਤੀ 2022 @ਚ ਦਰਜ ਅਤੇ ਉਦਯੋਗਪਤੀਆਂ ਦੀ ਪ੍ਰਧਾਨਗੀ ਵਾਲੀਆਂ 24 ਸੈਕਟਰ-ਆਧਾਰਤ ਕਮੇਟੀਆਂ ਦੁਆਰਾ ਸੇਧਤ ਇਨ੍ਹਾਂ ਉਪਾਵਾਂ ਸਦਕਾ ਸੂਬੇ ਨੂੰ ਪਹਿਲਾਂ ਹੀ ਇਨਵੈਸਟ ਪੰਜਾਬ ਰਾਹੀਂ 1.4 ਲੱਖ ਕਰੋੜ ਤੋਂ ਵੱਧ ਦਾ ਨਿਵੇਸ਼ ਹਾਸਲ ਹੋ ਚੁੱਕਾ ਹੈ।

ਸ. ਬੈਂਸ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀ ਸਫ਼ਲ ਵਿਕਾਸ ਕਹਾਣੀ ਦਾ ਗਵਾਹ ਬਣਨ ਲਈ ਦੁਨੀਆ ਭਰ ਦੇ ਨਿਵੇਸ਼ਕਾਂ ਅਤੇ ਭਾਈਵਾਲਾਂ ਨੂੰ ਆਗਾਮੀ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ।

# ਜ਼ਿਲ੍ਹਾ ਪਰਿਸ਼ਦ ਚੋਣਾਂ : ਹਾਈਕੋਰਟ ਵੱਲੋਂ ਰਾਜ ਚੋਣ ਕਮਿਸ਼ਨ ਨੂੰ ਨੋਟਿਸ !

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**


ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ 'ਚ ਵਿਰੋਧੀਆਂ ਨੂੰ ਕਾਗ਼ਜ਼ ਦਾਖਲ ਕੀਤੇ ਜਾਣ ਤੋਂ ਰੋਕੇ ਜਾਣ ਨਾਲ ਸਬੰਧਿਤ ਪਟਿਆਲਾ ਪੁਲੀਸ ਦੇ ਉੱਚ ਅਫ਼ਸਰਾਂ ਦੀ ਇੱਕ ਆਡੀਓ ਨੂੰ ਲੈ ਕੇ ਦਾਇਰ ਪਟੀਸ਼ਨ 'ਤੇ ਪੰਜਾਬ ਰਾਜ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਚੋਣ ਕਮਿਸ਼ਨ ਅਤੇ ਸਬੰਧਿਤ ਧਿਰਾਂ ਨੂੰ ਸੋਮਵਾਰ ਨੂੰ ਅਗਲੀ ਸੁਣਵਾਈ ਮੌਕੇ ਆਪਣਾ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਵੱਲੋਂ ਹਾਈ ਕੋਰਟ 'ਚ ਅੱਜ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ। ਹਾਈ ਕੋਰਟ ਦੇ ਮੁੱਖ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਨੇ ਮਾਮਲੇ ਦੀ ਸੁਣਵਾਈ ਦੌਰਾਨ ਆਡੀਓ ਨੂੰ ਰਿਕਾਰਡ 'ਤੇ ਲਿਆਂਦਾ ਅਤੇ ਇਸ ਦੀ ਕਾਪੀ ਰਾਜ ਚੋਣ ਕਮਿਸ਼ਨ ਨੂੰ ਦੇਣ ਲਈ ਵੀ ਕਿਹਾ। ਪਟੀਸ਼ਨ 'ਚ ਪਟਿਆਲਾ ਦੇ ਐੱਸ ਐੱਸ ਪੀ ਨੂੰ ਪਾਰਟੀ ਬਣਾਇਆ ਗਿਆ ਹੈ।

ਪਟੀਸ਼ਨ 'ਚ ਕਿਹਾ ਕਿ ਆਡੀਓ 'ਚ ਪੁਲੀਸ ਅਧਿਕਾਰੀ ਵਿਰੋਧੀ ਉਮੀਦਵਾਰਾਂ ਨੂੰ ਰਿਟਰਨਿੰਗ ਅਫ਼ਸਰਾਂ ਦੇ ਦਫ਼ਤਰਾਂ ਤੱਕ ਨਾ ਪਹੁੰਚਣ ਦੇਣ ਦੀ ਹਦਾਇਤ ਕਰ ਰਹੇ ਹਨ। ਸੁਣਵਾਈ ਦੌਰਾਨ ਆਡੀਓ ਰਿਕਾਰਡਿੰਗ ਦੇ ਤੱਥ ਵੀ ਸੁਣਾਏ ਗਏ। ਪਟੀਸ਼ਨ 'ਚ ਕਿਹਾ ਗਿਆ ਕਿ ਪੁਲੀਸ ਅਫ਼ਸਰਾਂ ਦੇ ਇਹ ਨਿਰਦੇਸ਼ ਆਦਰਸ਼ ਚੋਣ ਜ਼ਾਬਤਾ ਅਤੇ ਸੰਵਿਧਾਨ ਦੇ ਅਨੁਛੇਦ 14, 19 ਅਤੇ 21 ਦੀ ਉਲੰਘਣਾ ਹੈ। ਬੈਂਚ ਨੇ ਸੁਆਲ ਕੀਤਾ ਕਿ ਕੀ ਇਸ ਬਾਰੇ ਸ਼ਿਕਾਇਤ ਚੋਣ ਕਮਿਸ਼ਨ ਕੋਲ ਦਾਇਰ ਕੀਤੀ ਗਈ ਹੈ। ਐਡਵੋਕੇਟ ਜਨਰਲ ਐਮਐਸ ਬੇਦੀ ਨੇ ਦਾਇਰ ਪਟੀਸ਼ਨ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਇਹ ਪਟੀਸ਼ਨ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੈ ਅਤੇ ਇਹ ਜਨਹਿਤ ਪਟੀਸ਼ਨ ਵਜੋਂ ਸਵੀਕਾਰ ਕਰਨ ਯੋਗ ਨਹੀਂ ਹੈ। ਪਟੀਸ਼ਨਕਰਤਾ ਨੇ ਅੱਜ ਸੁਣਵਾਈ ਦੌਰਾਨ ਹੀ ਰਾਜ ਚੋਣ ਕਮਿਸ਼ਨ ਕੋਲ ਕੀਤੀ ਸ਼ਿਕਾਇਤ ਦੀ ਕਾਪੀ ਪੇਸ਼ ਕੀਤੀ ਗਈ ਜੋ ਕਿ ਪਹਿਲਾਂ ਰਿਕਾਰਡ ਦਾ ਹਿੱਸਾ ਨਹੀਂ ਸੀ।

# 'ਵੋਟ ਚੋਰੀ' ਦਾ ਇਲਜ਼ਾਮ ਲਗਾਉਣ ਵਾਲੇ ਇਲੈਕਸ਼ਨ ਚੋਰੀ ਕਰਨ ਲੱਗੇ: ਸੁਨੀਲ ਜਾਖੜ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਵਿੱਚ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਨੂੰ ਲੈ ਕੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੂਬਾ ਸਰਕਾਰ ਦੀ ਘੇਰਾਬੰਦੀ ਕੀਤੀ ਹੈ। ਸੁਨੀਲ ਜਾਖੜ ਨੇ ਕਿਹਾ ਕਿ ਵੋਟ ਚੋਰੀ ਦਾ ਇਲਜ਼ਾਮ ਲਗਾਉਣ ਵਾਲੇ ਖੁਦ ਇਲੈਕਸ਼ਨ-ਚੋਰੀ ਕਰਨ ਦੀਆਂ ਤਿਆਰੀਆਂ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀ ਚੋਣਾਂ ਵਿਚ ਧੱਕੇਸ਼ਾਹੀ ਕਰਨ ਸਬੰਧੀ ਪੁਲੀਸ ਦੇ ਸੀਨਿਅਰ ਅਧਿਕਾਰੀਆਂ ਦੀ ਟੈਲੀ ਕਾਨਫਰੰਸ ਦੀ ਇੱਕ ਆਡੀਓ ਸਾਹਮਣੇ ਆਈ ਹੈ, ਜੋ ਲੋਕਤੰਤਰ ਦੇ ਹੋਣ ਵਾਲੇ ਘਾਣ ਦਾ ਸਬੂਤ ਹੈ।

ਸੁਨੀਲ ਜਾਖੜ ਨੇ ਦੋਸ਼ ਲਗਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਵਿਦੇਸ਼ ਘੁੰਮ ਰਹੇ ਹਨ ਅਤੇ ਸਾਮ, ਦਾਮ, ਦੰਡ, ਭੇਦ ਦੀ ਨੀਤੀ ਦਾ ਸ਼ਰੇਆਮ ਐਲਾਨ ਕਰਨ ਵਾਲੇ ਮਨੀਸ਼ ਸਿਸੋਦੀਆ ਨੇ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਖਜ਼ਾਨੇ ਦੀ ਲੁੱਟ ਤੋਂ ਬਾਅਦ ਵੋਟਾਂ ਦੀ ਲੁੱਟ ਕਰਨ ਦੀ ਵੀ ਪੱਕੀ ਧਾਰ ਲਈ ਹੈ। ਇਹ ਆਮ ਆਦਮੀ ਪਾਰਟੀ ਕੇਂਦਰੀ ਪੱਧਰ ਤੇ ਕਾਂਗਰਸ ਦੀ ਅਗਵਾਈ ਹੇਠ ਵੋਟ-ਚੋਰੀ ਦਾ ਸ਼ੋਰ ਕਰਦੀ ਹੈ ਅਤੇ ਇੱਥੇ ਖੁਦ ਪੂਰੀ ਚੋਣ ਹੀ ਚੋਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਵੱਲੋਂ ਸੂਬੇ ਵਿੱਚ ਇਸ ਤਰ੍ਹਾਂ ਦੇ ਧੱਕੇ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਪੰਜਾਬ ਦੇ ਡੀਆਈਜੀ ਭੁੱਲਰ ਲਈ ਅੰਤਿਮ ਅਥਾਰਟੀ ਕੌਣ ? ਹਾਈ ਕੋਰਟ ਨੇ ਸੀਬੀਆਈ ਦੀਆਂ ਸ਼ਕਤੀਆਂ 'ਤੇ ਵਿਚਾਰ ਕੀਤਾ।

# ਪੰਜਾਬ ਦੇ ਡੀਆਈਜੀ ਭੁੱਲਰ ਲਈ ਅੰਤਿਮ ਅਥਾਰਟੀ ਕੌਣ ? ਹਾਈ ਕੋਰਟ ਨੇ ਸੀਬੀਆਈ ਦੀਆਂ ਸ਼ਕਤੀਆਂ 'ਤੇ ਵਿਚਾਰ ਕੀਤਾ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਇਹ ਦਲੀਲ ਕਿ ਸੀਬੀਆਈ ਸਿਰਫ਼ ਚੰਡੀਗੜ੍ਹ ਵਿੱਚ ਕੇਂਦਰ ਸਰਕਾਰ ਦੇ ਕਰਮਚਾਰੀਆਂ ਵਿਰੁੱਧ ਹੀ ਕਾਰਵਾਈ ਕਰ ਸਕਦੀ ਹੈ, ਤੋਂ ਲਗਪਗ ਇੱਕ ਹਫ਼ਤੇ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਡਿਵੀਜ਼ਨ ਬੈਂਚ ਨੇ ਵੀਰਵਾਰ ਸਵੇਰੇ ਇਹ ਸਵਾਲ ਕੀਤਾ ਕਿ ਇੱਕ ਆਈਪੀਐੱਸ ਅਧਿਕਾਰੀ ਕਿਸ ਦਾ ਕਰਮਚਾਰੀ ਹੁੰਦਾ ਹੈ ਅਤੇ ਆਲ ਇੰਡੀਆ ਸਰਵਿਸ ਐਕਟ ਅਤੇ ਸਬੰਧਤ ਨਿਯਮਾਂ ਦੀ ਮੰਗ ਕੀਤੀ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੈਰੀ ਦੇ ਬੈਂਚ ਨੇ ਸੁਣਵਾਈ ਦੌਰਾਨ ਸਵਾਲ ਕੀਤਾ, ਰਾਜ ਸਰਕਾਰ ਕੋਲ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰਨ ਦੀ ਸ਼ਕਤੀ ਹੈ, ਪਰ ਅੰਤ ਵਿੱਚ ਅੰਤਿਮ ਅਥਾਰਟੀ ਕੌਣ ਹੈ ? ਉਨ੍ਹਾਂ ਦੇ ਵਕੀਲ ਸੀਨੀਅਰ ਐਡਵੋਕੇਟ ਰਣਦੀਪ ਸਿੰਘ ਰਾਏ ਨੇ ਦਲੀਲ ਦਿੱਤੀ ਕਿ ਭੁੱਲਰ ਪੰਜਾਬ ਕੇਡਰ ਦੇ ਆਈਪੀਐੱਸ ਅਧਿਕਾਰੀ ਹਨ। ਇਸ ਤਰ੍ਹਾਂ, ਸਬੰਧਤ ਅਥਾਰਟੀ ਪੰਜਾਬ ਹੈ। ਕੋਰਟ ਨੇ ਕਿਹਾ, "ਪੰਜਾਬ ਰਾਜ ਵਿੱਚ ਇੱਕ ਆਈਏਐਸ ਅਧਿਕਾਰੀ ਦੇ ਮਾਮਲੇ ਵਿੱਚ, ਉਨ੍ਹਾਂ ਨੇ ਪ੍ਰਵਾਨਗੀ ਲਈ ਫਾਈਲ ਪੰਜਾਬ ਰਾਜ ਨੂੰ ਭੇਜੀ ਹੈ। ਤੁਹਾਨੂੰ ਉਸ ਅਥਾਰਟੀ ਤੋਂ ਪ੍ਰਵਾਨਗੀ ਲੈਣ ਦੀ ਲੋੜ ਹੈ ਜਿਸ ਦੀ ਸੇਵਾ ਅਧੀਨ ਲੋਕ ਸੇਵਕ ਹੈ।÷ ਇਹ ਮਾਮਲਾ ਹੁਣ ਦੁਪਹਿਰ ਦੇ ਖਾਣੇ ਤੋਂ ਬਾਅਦ ਮੁੜ ਸੁਣਵਾਈ ਲਈ ਆਵੇਗਾ। ਮਹੱਤਵਪੂਰਨ ਅਧਿਕਾਰ ਖੇਤਰ ਦਾ ਸਵਾਲ—ਕੀ ਦਿੱਲੀ ਸਪੈਸ਼ਲ ਪੁਲੀਸ ਅਸਟੈਬਲਿਸ਼ਮੈਂਟ ਐਕਟ ਦੇ ਤਹਿਤ ਗਠਿਤ ਸੀਬੀਆਈ, ਇੱਕ ਖਾਸ ਆਦੇਸ਼ ਤੋਂ ਬਿਨਾਂ ਕੇਂਦਰ ਸਰਕਾਰ ਦੇ ਕਰਮਚਾਰੀਆਂ ਤੋਂ ਇਲਾਵਾ ਕਿਸੇ ਹੋਰ ਦੀ ਜਾਂਚ ਕਰ ਸਕਦੀ ਹੈ—ਪਿਛਲੀ ਸੁਣਵਾਈ ਦੌਰਾਨ ਅੱਜ ਹਾਈ ਕੋਰਟ ਦੇ ਸਾਹਮਣੇ ਆਇਆ ਹੈ। ਰਾਏ ਨੇ ਵਕੀਲ ਸੰਗਰਾਮ ਸਿੰਘ ਸਾਰੋਂ ਅਤੇ ਅਰਜੁਨ ਸਿੰਘ ਰਾਏ ਨੇ ਦਲੀਲ ਦਿੱਤੀ ਸੀ ਕਿ ਡੀਐੱਸਪੀਈ ਐਕਟ ਦੀ ਧਾਰਾ 5 ਚੰਡੀਗੜ੍ਹ ਵਿੱਚ ਏਜੰਸੀ ਦੇ ਅਧਿਕਾਰ ਖੇਤਰ ਨੂੰ ਸਿਰਫ਼ ਕੇਂਦਰ ਸਰਕਾਰ ਦੇ ਕਰਮਚਾਰੀਆਂ ਤੱਕ ਸੀਮਤ ਕਰਦੀ ਹੈ। ਰਾਏ ਨੇ ਦੱਸਿਆ ਕਿ ਧਾਰਾ 5(1) ਸਪੱਸ਼ਟ ਤੌਰ 'ਤੇ ਕਿਸੇ ਵੀ ਖੇਤਰ ਵਿੱਚ ਡੀਐੱਸਪੀਈ ਸ਼ਕਤੀਆਂ ਨੂੰ ਵਧਾਉਣ ਲਈ ਕੇਂਦਰ ਸਰਕਾਰ ਦੇ ਇੱਕ ਖਾਸ ਆਦੇਸ਼ ਦੀ ਮੰਗ ਕਰਦੀ ਹੈ।

ਰਾਏ ਨੇ ਜ਼ੋਰ ਦੇ ਕੇ ਕਿਹਾ ਕਿ ਮੌਜੂਦ[illegible] ਨਿਰਦੇਸ਼ ਸਿਰਫ਼ ਚੰਡੀਗੜ੍ਹ ਵਿੱਚ ਤਾਇਨਾ[illegible] ਕੇਂਦਰ ਸਰਕਾਰ ਦੇ ਕਰਮਚਾਰੀਆਂ ਵਿਰੁ[illegible] ਕਾਰਵਾਈ ਕਰਨ ਲਈ ਸੀਬੀਆਈ [illegible] ਅਧਿਕਾਰਤ ਕਰਦਾ ਹੈ, ਨਾ ਕਿ ਰਾ[illegible] ਅਧਿਕਾਰੀਆਂ ਨੂੰ। ਕਿਸੇ ਵੀ ਵਿਆਪ[illegible] ਵਿਆਖਿਆ—ਖਾਸ ਤੌਰ 'ਤੇ ਸੀਬੀਆਈ[illegible] ਨੂੰ ਪੰਜਾਬ ਅਤੇ ਹਰਿਆਣਾ [illegible] ਅਧਿਕਾਰੀਆਂ ਦੀ ਸਿਰਫ਼ ਇਸ ਲਈ ਜਾਂ[illegible] ਕਰਨ ਦੀ ਇਜਾਜ਼ਤ ਦੇਣਾ ਕਿਉਂਕਿ ਉਨ੍[illegible] ਦੀ ਰਾਜਧਾਨੀ ਚੰਡੀਗੜ੍ਹ ਹੈ—ਪ੍ਰਭਾਵਸ਼ਾਲ[illegible] ਢੰਗ ਨਾਲ ਏਜੰਸੀ ਨੂੰ ÷ਦੋ ਰਾਜਾਂ ਲ[illegible] ਇੱਕ ਸੁਪਰ-ਪਾਵਰ ਚੌਕਸੀ ਬਿਊਰੋ÷ ਵਿ[illegible] ਬਦਲ ਦੇਵੇਗੀ, ਜੋ ਕਿ ਕਾਨੂੰਨ ਦੁਆਰ[illegible] ਉਮੀਦ ਨਹੀਂ ਹੈ।

# ਚੀਨ ਦੇ ਸ਼ਿਨਜਿਆਂਗ ਖੇਤਰ 'ਚ 6.0 ਸ਼ਿੱਦਤ ਦਾ ਭੂਚਾਲ

**ਪੇਈਚਿੰਗ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਨ ਦੇ ਉੱਤਰ-ਪੱਛਮੀ ਖੇਤਰ ਸ਼ਿਨਜਿਆਂਗ ਵਿੱਚ, ਜੋ ਕਿ ਕਿਰਗਿਸਤਾਨ ਨਾਲ ਸਰਹੱਦ ਸਾਂਝੀ ਕਰਦਾ ਹੈ, 6.0 ਸ਼ਿੱਦਤ ਦਾ ਇੱਕ ਭੂਚਾਲ ਦਰਜ ਕੀਤਾ ਗਿਆ ਹੈ। ਚਾਈਨਾ ਅਰਥਕੁਏਕ ਨੈੱਟਵਰਕਸ ਸੈਂਟਰ (35©3) ਅਨੁਸਾਰ ਇਹ ਭੂਚਾਲ ਸਥਾਨਕ ਸਮੇਂ ਅਨੁਸਾਰ ਦੁਪਹਿਰ 3:44 ਵਜੇ (0744 GMT) ਕਿਰਗਿਸਤਾਨ-ਸ਼ਿਨਜਿਆਂਗ ਸਰਹੱਦ ਦੇ ਨੇੜੇ ਅਕੀ ਕਾਉਂਟੀ ਕੋਲ ਆਇਆ, ਜਿਸਦਾ ਕੇਂਦਰ (epicentre) 10 ਕਿਲੋਮੀਟਰ (6.2 ਮੀਲ) ਦੀ ਡੂੰਘਾਈ 'ਤੇ ਸੀ।

ਸਰਕਾਰੀ ਮੀਡੀਆ ਨੇ ਦੱਸਿਆ ਕਿ ਸਥਾਨਕ ਸਮੇਂ ਅਨੁਸਾਰ ਸ਼ਾਮ 4:34 ਵਜੇ ਤੱਕ ਸਥਾਨਕ ਅਧਿਕਾਰੀਆਂ ਨੂੰ ਕਿਸੇ ਵੀ ਜਾਨੀ ਨੁਕਸਾਨ ਜਾਂ ਇਮਾਰਤਾਂ ਦੇ ਢਹਿ ਜਾਣ ਦੀ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ ਹੈ। ਇਸ ਤੋਂ ਇਲਾਵਾ ਕਾਉਂਟੀ ਵਿੱਚ ਆਵਾਜਾਈ, ਬਿਜਲੀ ਅਤੇ ਦੂਰਸੰਚਾਰ ਸੇਵਾਵਾਂ ਆਮ ਵਾਂਗ ਚੱਲ ਰਹੀਆਂ ਹਨ।

# ਸਿੱਖ ਮਹਿਲਾ ਹਰਜੀਤ ਕੌਰ ਨੂੰ ਹੱਥਕੜੀ ਨਹੀਂ ਲਗਾਈ, ਪਰ ਦੁਰਵਿਵਹਾਰ ਹੋਇਆ: ਜੈਸ਼ੰਕਰ

**ਨਵੀਂ ਦਿੱਲੀ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀਰਵਾਰ ਨੂੰ ਰਾਜ ਸਭਾ ਨੂੰ ਦੱਸਿਆ ਕਿ ਸਿੱਖ ਮਹਿਲਾ ਹਰਜੀਤ ਕੌਰ—ਜਿਸ ਨੂੰ ਹਾਲ ਹੀ ਵਿੱਚ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ—ਨੂੰ ਹਟਾਏ ਜਾਣ ਸਮੇਂ ਹੱਥਕੜੀ ਨਹੀਂ ਲਗਾਈ ਗਈ ਸੀ, ਪਰ ਭਾਰਤ ਦੀ ਫਲਾਈਟ 'ਤੇ ਚੜ੍ਹਾਉਣ ਤੋਂ ਪਹਿਲਾਂ ਉਸ ਨੂੰ ਹਿਰਾਸਤ ਵਿੱਚ ਬਦਸਲੂਕੀ ਦਾ ਸਾਹਮਣਾ ਕਰਨਾ ਪਿਆ।

ਸੰਸਦ ਮੈਂਬਰ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ ਦਾ ਜਵਾਬ ਦਿੰਦੇ ਹੋਏ ਡਾ. ਜੈਸ਼ੰਕਰ ਨੇ ਕੌਰ ਦੇ ਆਪਣੇ ਵਕੀਲ ਦੇ ਬਿਆਨ ਦਾ ਹਵਾਲਾ ਦਿੱਤਾ, ਜਿਸ ਨੇ ਕਿਹਾ ਸੀ, ÷ਸ਼ੁਕਰ ਹੈ ਕਿ ਉਨ੍ਹਾਂ ਨੇ ਉਸ ਨੂੰ ਹੱਥਕੜੀ ਨਹੀਂ ਲਗਾਈ। ਇੱਕ ਅਧਿਕਾਰੀ ਅਜਿਹਾ ਕਰਨ ਜਾ ਰਿਹਾ ਸੀ ਪਰ ਦੂਜੇ ਅਧਿਕਾਰੀ ਨੇ ਉਸ ਦੀ ਉਮਰ ਦੇ ਕਾਰਨ ਮਨਾ ਕਰ ਦਿੱਤਾ।÷

ਜੈਸ਼ੰਕਰ ਨੇ ਕਿਹਾ ਕਿ ਭਾਰਤੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਪਹੁੰਚਣ 'ਤੇ ਕੌਰ ਨੂੰ ਹੱਥਕੜੀ ਨਹੀਂ ਲਗਾਈ ਗਈ ਸੀ।

ਉਨ੍ਹਾਂ ਕਿਹਾ, ਜਦੋਂ ਵੀ ਡਿਪੋਰਟੀਆਂ ਵਾਲੀ ਫਲਾਈਟ ਉਤਰਦੀ ਹੈ—ਭਾਵੇਂ ਉਹ ਚਾਰਟਰਡ ਹੋਵੇ ਜਾਂ ਕਮਰਸ਼ੀਅਲ—ਸਾਡੇ ਅਧਿਕਾਰੀ ਹਰ ਵਿਅਕਤੀ ਦਾ ਇੰਟਰਵਿਊ ਲੈਂਦੇ ਹਨ। ਇਸ ਮਾਮਲੇ ਵਿੱਚ, ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਉਸਨੂੰ ਹੱਥਕੜੀ ਨਹੀਂ ਲਗਾਈ ਗਈ ਸੀ।

ਹਾਲਾਂਕਿ, ਮੰਤਰੀ ਨੇ ਮੰਨਿਆ ਕਿ ਅਮਰੀਕੀ ਹਿਰਾਸਤ ਦੌਰਾਨ ਕੌਰ ਨੂੰ ਬਦਸਲੂਕੀ ਦਾ ਸਾਹਮਣਾ ਕਰਨਾ ਪਿਆ ਸੀ।

ਉਨ੍ਹਾਂ ਕਿਹਾ, ਭਾਵੇਂ ਸ਼੍ਰੀਮਤੀ ਹਰਜੀਤ ਕੌਰ ਨੂੰ ਹੱਥਕੜੀ ਨਹੀਂ ਲਗਾਈ ਗਈ ਸੀ, ਪਰ ਫਲਾਈਟ 'ਤੇ ਚੜ੍ਹਾਉਣ ਤੋਂ ਪਹਿਲਾਂ ਹਿਰਾਸਤ ਵਿੱਚ ਦੁਰਵਿਵਹਾਰ ਕੀਤਾ ਗਿਆ। 26 ਸਤੰਬਰ ਨੂੰ, ਅਸੀਂ ਇੱਕ 'ਨੋਟ ਵਰਬੇਲ' ਰਾਹੀਂ ਅਮਰੀਕੀ ਦੂਤਾਵਾਸ ਕੋਲ ਅਧਿਕਾਰਤ ਤੌਰ 'ਤੇ ਮਾਮਲਾ ਉਠਾਇਆ, ਜਿਸ ਵਿੱਚ ਉਸ ਨਾਲ ਕੀਤੇ ਗਏ ਸਲੂਕ 'ਤੇ ਸਾਡੀ ਸਖ਼ਤ ਚਿੰਤਾ ਜ਼ਾਹਰ ਕੀਤੀ ਗਈ।

ਹਰਜੀਤ ਕੌਰ ਜੋ ਪਹਿਲੀ ਵਾਰ 1992 ਵਿੱਚ ਆਪਣੇ ਦੋ ਛੋਟੇ ਬੱਚਿਆਂ ਨਾਲ ਕੈਲੀਫੋਰਨੀਆ ਪਹੁੰਚੀ ਸੀ, ਨੇ ਸਾਂ ਫ੍ਰਾਂਸਿਸਕੋ ਬੇ ਏਰੀਆ ਦੇ ਇੱਕ ਸ਼ਾਂਤ ਉਪਨਗਰ ਹਰਕਿਊਲਸ ਵਿੱਚ ਆਪਣਾ ਜੀਵਨ ਬਸਰ ਕਰ ਰਹੀ ਸੀ। ਸਾਲਾਂ ਤੱਕ, ਉਸ ਨੇ ਇੱਕ ਸਥਾਨਕ ਸਾੜੀ ਸਟੋਰ 'ਤੇ ਕੰਮ ਕੀਤਾ, ਆਪਣੇ ਬੱਚਿਆਂ ਨੂੰ ਪਾਲਿਆ।

ਪਰ ਅਚਾਨਕ ਕੌਰ ਨੂੰ 8 ਸਤੰਬਰ ਨੂੰ ਯੂਐੱਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (935) ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਉਹ ਸਾਂ ਫ੍ਰਾਂਸਿਸਕੋ ਵਿੱਚ ਆਪਣੇ ਦਫਤਰ ਵਿੱਚ ਰਿਪੋਰਟ ਕਰਨ ਗਈ ਸੀ—ਇੱਕ ਰੁਟੀਨ ਜਾਂਚ ਜੋ ਇੱਕ ਡਿਪੋਰਟੇਸ਼ਨ ਆਰਡਰ ਵਿੱਚ ਬਦਲ ਗਈ। 22 ਸਤੰਬਰ ਨੂੰ ਉਸ ਨੂੰ ਵਾਪਸ ਭਾਰਤ ਲਈ ਇੱਕ ਫਲਾਈਟ 'ਤੇ ਚੜ੍ਹਾਇਆ ਗਿਆ ਸੀ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 2 ਅਹਿਮ ਨਿਯੁਕਤੀਆਂ ਦਾ ਐਲਾਨ: ਹਰਦੀਪ ਸਿੰਘ ਕਾਲਕਾ



**ਨਵੀਂ ਦਿੱਲੀ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਜਾਣਕਾਰੀ ਦਿੱਤੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰੀ ਬੋਰਡ ਦੀ ਮੀਟਿੰਗ ਵਿੱਚ ਸਹਿਮਤੀ ਦੇ ਨਾਲ ਦੋ ਮਹੱਤਵਪੂਰਨ ਨਿਯੁਕਤੀਆਂ ਕੀਤੀਆਂ ਗਈਆਂ ਹਨ।

ਬੋਰਡ ਨੇ ਸਰਦਾਰ ਪਰਮਿੰਦਰ ਸਿੰਘ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਦੀ ਸਬ-ਕਮੇਟੀ ਲਈ ਕੋ-ਚੇਅਰਮੈਨ ਅਤੇ ਸਰਦਾਰ ਜਸਪਾਲ ਸਿੰਘ ਸਚਦੇਵਾ ਜੀ ਨੂੰ ਗੁਰਦੁਆਰਾ ਬੰਗਲਾ ਸਾਹਿਬ ਦੀ ਸਬ-ਕਮੇਟੀ ਲਈ ਵਾਈਸ-ਚੇਅਰਮੈਨ ਨਿਯੁਕਤ ਕਰਨ ਦਾ ਫੈਸਲਾ ਲਿਆ ਹੈ।

ਸਰਦਾਰ ਕਾਲਕਾ ਨੇ ਕਿਹਾ ਕਿ ਇਹ ਨਿਯੁਕਤੀਆਂ ਸੇਵਾ-ਨਿਸ਼ਠਾ, ਤਜਰਬੇਦਾਰੀ ਅਤੇ ਸਮਰਪਣ ਦੇ ਮਾਪਦੰਡਾਂ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ ਅਤੇ ਇਹ ਨਿਸ਼ਚਤ ਤੌਰ 'ਤੇ ਗੁਰਮਤਿ ਪ੍ਰਸਾਰ, ਸੰਗਤ ਦੀ ਸੇਵਾ ਅਤੇ ਪ੍ਰਬੰਧਕੀ ਸੁਚਾਰੂਤਾ ਨੂੰ ਹੋਰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਣਗੀਆਂ।

ਉਹਨਾਂ ਕਿਹਾ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਬੰਗਲਾ ਸਾਹਿਬ ਸਾਡੀ ਰੂਹਾਨੀ ਵਿਰਾਸਤ ਦੇ ਜੀਵੰਤ ਕੇਂਦਰ ਹਨ। ਇਨ੍ਹਾਂ ਸੰਸਥਾਵਾਂ ਵਿੱਚ ਸੇਵਾ ਕਰਨ ਵਾਲੇ ਹਰ ਵਿਅਕਤੀ ਦੀ ਭੂਮਿਕਾ ਮਹੱਤਵਪੂਰਨ ਹੈ ਅਤੇ ਨਵੇਂ ਨਿਯੁਕਤ ਹੋਏ ਸਿੰਘ ਸੰਗਤ ਦੀ ਭਲਾਈ ਲਈ ਨਵੀਆਂ ਉੱਚਾਈਆਂ ਸਥਾਪਤ ਕਰਨਗੇ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੋਵੇਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਮੇਟੀ ਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਗੁਰੂਘਰ ਦੀ ਮਰਯਾਦਾ, ਨਿਮਰਤਾ ਅਤੇ ਪਾਰਦਰਸ਼ੀ ਪ੍ਰਬੰਧਕੀ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਸੰਗਤ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।

# ਅੱਗ ਲੱਗਣ ਨਾਲ ਔਰਬਿਟ ਬੱਸ ਸੜ ਕੇ ਸੁਆਹ ਹੋਈ



**ਭਵਾਨੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-.**

ਬਾਅਦ ਦੁਪਹਿਰ ਬਠਿੰਡਾ-ਚੰਡੀਗੜ ਨੈਸ਼ਨਲ ਹਾਈਵੇਅ ਤੇ ਪਿੰਡ ਚੰਨੋਂ ਨੇੜੇ ਔਰਬਿਟ ਬੱਸ ਨੂੰ ਕਿਸੇ ਤਕਨੀਕੀ ਨੁਕਸ ਕਾਰਨ ਭਿਆਨਕ ਅੱਗ ਲੱਗ ਗਈ। ਅੱਗ ਭਿਆਨਕ ਤਰੀਕੇ ਨਾਲ ਫੈਲ ਗਈ ਅਤੇ ਇਸ ਦੌਰਾਨ ਬੱਸ ਪੂਰੀ ਤਰ੍ਹਾਂ ਸੜ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਬੱਸ ਵਿੱਚ ਸਫ਼ਰ ਕਰ ਰਹੀਆਂ ਸਵਾਰੀਆਂ ਦਾ ਬਚਾਅ ਹੋ ਗਿਆ ਹੈ। ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦਾ ਅਚਨਚੇਤ ਦੌਰਾ

**ਹੁਸ਼ਿਆਰਪੁਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਉਨ੍ਹਾਂ ਵੱਲੋਂ ਨੈਸ਼ਨਲ ਫੂਡ ਸਕਿਊਰਿਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ। ਇਸ ਦੌਰੇ ਦੌਰਾਨ ਸਰਕਾਰੀ ਐਲੀਮੈਂਟਰੀ ਸਕੂਲ, ਅਹਿਰਾਣਾ ਖੁਰਦ,ਸਰਕਾਰੀ ਐਲੀਮੈਂਟਰੀ ਸਕੂਲ, ਪੁਰਹੀਰਾਂ-2 ਅਤੇ ਸਰਕਾਰੀ ਐਲੀਮੈਂਟਰੀ ਸਕੂਲ, ਪੁਰਹੀਰਾਂ-1ਅਤੇ ਆਂਗਣਵਾੜੀ ਸੈਂਟਰ ਕੋਡ ਨੰ. 2, 3 ਅਤੇ 23 ਅਹਿਰਾਣਾ ਖੁਰਦ, ਆਂਗਣਵਾੜੀ ਸੈਂਟਰ ਕੋਡ ਨੰ. 202 ਪੁਰਹੀਰਾਂ ਅਤੇ ਇਸ ਦੇ ਨਾਲ ਹੀ ਰਾਸ਼ਨ ਡੀਪੂ ਕਾਇਮਪੁਰ ਅਤੇ ਬਲਾਕ 2 ਛਾਉਣੀ ਕਲਾਂ (ਕੈਂਪ) ਆਦਿ ਦਾ ਦੌਰਾ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਇਸ ਦੌਰੇ ਦੇ ਆਰੰਭ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ, ਅਹਿਰਾਣਾ ਖੁਰਦ ਦਾ ਨਿਰੀਖਣ ਕੀਤਾ ਗਿਆ ਨਿਰੀਖਣ ਦੌਰਾਨ ਸਕੂਲ ਵਿਖੇ ਚਲ ਰਹੀ ਮਿਡ-ਡੇ-ਮੀਲ ਸਕੀਮ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਪਾਇਆ ਗਿਆ ਕਿ ਸਕੂਲ ਵਿਖੇ ਸਾਫ-ਸਫਾਈ ਦਾ ਪ੍ਰਬੰਧ ਬਹੁਤ ਮਾੜਾ ਸੀ। ਬੱਚਿਆ ਨੂੰ ਦਿੱਤੇ ਜਾਣ ਵਾਲੇ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ ਵੀ ਚੈੱਕ ਕੀਤਾ ਗਿਆ। ਇਸ ਉਪਰੰਤ ਸਰਕਾਰੀ ਐਲੀਮੈਂਟਰੀ ਸਕੂਲ, ਪੁਰਹੀਰਾਂ-2 ਵਿਖੇ ਨਿਰੀਖਣ ਕੀਤਾ ਗਿਆ। ਇਸ ਸਕੂਲ ਵਿਖੇ ਵੀ ਖਾਮੀਆਂ ਪਾਇਆ ਗਈਆਂ। ਸਕੂਲ ਵਿੱਚ ਫਿਲਟਰ ਮੌਜੂਦ ਸੀ, ਪਰੰਤੂ ਉਹ ਖ਼ਰਾਬ ਸੀ। ਸਰਕਾਰੀ ਐਲੀਮੈਂਟਰੀ ਸਕੂਲ, ਪੁਰਹੀਰਾਂ-2 ਵਿਖੇ ਵੀ ਮਿਡ-ਡੇ- ਮੀਲ ਸਕੀਮ ਦਾ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਕਣਕ ਅਤੇ ਚਾਵਲ ਵਿੱਚ ਸੁਸਰੀ ਪਾਈ ਗਈ ਅਤੇ ਬੱਚਿਆ ਨੂੰ ਦਿੱਤੇ ਜਾਣ ਵਾਲੇ ਚਾਵਲ ਕੱਚੇ ਬਣੇ ਹੋਏ ਸਨ। ਚਾਵਲ ਨੂੰ ਚੰਗੇ ਤਰੀਕੇ ਨਾਲ ਪਕਾਇਆ ਨਹੀ ਗਿਆ ਸੀ। ਬਰਤਨ ਵੀ ਚੰਗੇ ਤਰੀਕੇ ਨਾਲ ਸਾਫ਼ ਨਹੀ ਕੀਤੇ ਗਏ ਸਨ। ਬੱਚਿਆਂ ਨੂ ਦਿੱਤੇ ਜਾਣ ਵਾਲੇ ਪਾਣੀ ਦਾ ਟੀ.ਡੀ.ਐਸ ਵੀ 527 ਪਾਇਆ ਗਿਆ। ਉਪਰੋਕਤ ਸਕੂਲਾਂ ਵਿੱਚ ਚੈਕਿੰਗ ਦੌਰਾਨ ਪਾਈਆਂ ਗਈਆਂ ਖਾਮੀਆਂ ਸਬੰਧੀ ਮੌਕੇ @ਤੇ ਮੌਜੂਦ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਇਨ੍ਹਾਂ ਖਾਮੀਆ ਨੂੰ ਦੂਰ ਕਰਨ ਅਤੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਬਣਦੀ ਕਾਰਵਾਈ ਕਰਨ ਉਪਰੰਤ ਰਿਪੋਰਟ ਕਮਿਸ਼ਨ ਨੂੰ ਭੇਜਣ ਸਬੰਧੀ ਹਦਾਇਤ ਕੀਤੀ ਗਈ।

ਸਕੂਲਾਂ ਦਾ ਨਿਰੀਖਣ ਕਰਨ ਉਪਰੰਤ ਆਂਗਨਵਾੜੀ ਸੈਂਟਰਾਂ ਦਾ ਦੌਰਾ ਕੀਤਾ ਗਿਆ। ਆਂਗਨਵਾੜੀ ਸੈਂਟਰ ਕੋਡ ਨੰ.2 ਅਤੇ 3 ਅਹਿਰਾਣਾ ਖੁਰਦ ਸੈਂਟਰਾਂ ਵਿਖੇ ਲਾਭਪਾਤਰੀਆਂ ਸਬੰਧੀ ਅਤੇ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਲਾਭ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ।

# ਧਰਮਖੇਤਰ-ਕੁਰੂਕਸ਼ੇਤਰ ਵਿੱਚ ਗੂੰਜਿਆਂ ਗੀਤਾ ਦਾ ਸੰਦੇਸ਼, ਕੌਮਾਂਤਰੀ ਗੀਤਾ ਮਹੋਤਸਵ ਦੌਰਾਨ 21 ਹਜ਼ਾਰ ਬੱਚਿਆਂ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਹੋਇਆ ਵਿਸ਼ਵ ਗੀਤਾ ਪਾਠ

## ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰੇਰਣਾ ਨਾਲ ਗੀਤਾ ਮਹੋਤਸਵ ਬਣ ਚੁੱਕਾ ਹੈ ਕੌਮਾਂਤਰੀ ਉਤਸਵ, ਕਈ ਦੇਸ਼ ਕਰ ਰਹੇ ਸਹਿਭਾਗਤਾ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮਾਂਤਰੀ ਗੀਤਾ ਮਹੋਤਸਵ ਤਹਿਤ ਸੋਮਵਾਰ ਨੂੰ ਧਰਮਖੇਤਰ-ਕੁਰੂਕਸ਼ੇਤਰ ਦੇ ਕੇਸ਼ਵ ਪਾਰਕ ਵਿੱਚ ਸ਼ਾਨਦਾਰ ਅਤੇ ਇਤਿਹਾਸਕ ਵਿਸ਼ਵ ਗੀਤਾ ਪਾਠ ਆਯੋਜਿਤ ਕੀਤਾ ਗਿਆ। ਇਸ ਸਮੂਹਿਕ ਪਾਠ ਵਿੱਚ 21 ਹਜ਼ਾਰ ਬੱਚਿਆਂ ਨੇ ਇੱਕ ਆਵਾਜ਼ ਵਿੱਚ ਗੀਤਾ ਦੇ ਸ਼ਲੋਕਾਂ ਦਾ ਉਚਾਰਣ ਕਰ ਸ਼ਾਨਦਾਰ ਦ੍ਰਿਸ਼ ਪੇਸ਼ ਕੀਤਾ, ਜਿਸ ਨੇ ਪੂਰੇ ਵਾਤਾਵਰਣ ਨੂੰ ਗਿਆਨ, ਭਗਤੀ ਅਤੇ ਅਧਿਆਤਮ ਨਾਲ ਸਰਾਬੋਰ ਕਰ ਦਿੱਤਾ। ਇਸ ਵਿਲੱਖਣ ਸਹਿਭਾਗਤਾ ਨੇ ਵਸੂਧੇਵ ਕੁੰਟੁਬਕਮ ਦੀ ਭਾਰਤੀ ਅਵਧਾਰਣਾ ਨੂੰ ਸਾਕਾਰ ਰੂਪ ਦਿੱਤਾ।



ਇਸ ਪ੍ਰੋਗਰਾਮ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼ਿਕਰਤ ਕੀਤੀ। ਮੁੱਖ ਮੰਤਰੀ ਨੇ ਕੁਰੂਕਸ਼ੇਤਰ ਵਿੱਚ ਵਿਸ਼ਵ ਗੀਤਾ ਪਾਠ ਵਿੱਚ ਹਿੱਸਾ ਲੈਣ ਵਾਲੇ ਸਕੂਲੀ ਵਿਦਿਆਰਥੀਆਂ ਲਈ ਮੰਗਲਵਾਰ ਨੂੰ ਵਿਸ਼ੇਸ਼ ਛੁੱਟੀ ਦਾ ਵੀ ਐਲਾਨ ਕੀਤਾ। ਇਸ ਮੌਕੇ 'ਤੇ ਯੋਗ ਗੁਰੂ ਬਾਬਾ ਰਾਮਦੇਵ ਅਤੇ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਵੀ ਮੌਜੂਦ ਰਹੇ।

ਮੁੱਖ ਮੰਤਰੀ ਨੇ ਮਾਰਗਸ਼ੀਰਸ਼ ਸ਼ੁਲਕ ਏਕਾਦਸ਼ੀ ਅਤੇ ਗੀਤਾ ਜੈਯੰਤੀ ਦੇ ਪਵਿੱਤਰ ਪਰਬ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਭਗਵਾਨ ਸ਼੍ਰੀ ਕ੍ਰਿਸ਼ਣ ਤੋ ਨਾਗਰਿਕਾਂ ਦੇ ਜੀਵਨ ਨੂੰ ਗਿਆਨ ਦੇ ਆਲੋਕ ਨਾਲ ਆਲੋਕਿਤ ਕਰਨ ਦੀ ਪ੍ਰਾਰਥਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਸ ਸ਼ੁੱਭ ਮਿੱਤੀ 'ਤੇ 5163 ਸਾਲ ਪਹਿਲਾਂ ਭਗਵਾਨ ਸ਼੍ਰੀਕ੍ਰਿਸ਼ਣ ਵੱਲੋਂ ਅਰਜੁਨ ਨੂੰ ਸ਼੍ਰੀਮਦਭਗਵਦ ਗੀਤਾ ਦਾ ਦਿਵਅ ਉਪਦੇਸ਼ ਦਿੱਤਾ, ਜਿਸ ਦਾ ਸੰਦੇਸ਼ ਅੱਜ ਵੀ ਸੰਪੂਰਣ ਮਨੁੱਖਤਾ ਲਈ ਪੱਥ ਪ੍ਰਦਰਸ਼ਕ ਹੈ। ਅੱਜ 21 ਹਜ਼ਾਰ ਵਿਦਿਆਰਥੀਆਂ ਵੱਲੋਂ ਅਸ਼ਟਾਦਸ਼ੀ ਸ਼ਲੋਕਾਂ ਦੇ ਜਾਪ ਨਾਲ ਆਕਾਸ਼ ਗੂੰਜ ਉੱਠਿਆ ਹੈ। ਇਹ ਮਾਣ ਦੀ ਗੱਲ ਹੈ ਕਿ ਅੱਜ ਭਾਰਤ ਦੇ ਵੱਖ-ਵੱਖ ਖੇਤਰਾਂ ਤੋਂ ਇਲਾਵਾ ਕਈ ਦੇਸ਼ਾਂ ਵਿੱਚ ਵੀ ਇੱਕਠੇ ਇੰਨ੍ਹਾਂ ਸ਼ਲੋਕਾਂ ਦੇ ਸਵਰ ਗੂੰਜ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਗੀਤਾ ਪਾਠ ਦਾ ਮਹਤੱਵ ਸਿਰਫ ਧਾਰਮਿਕ ਨਹੀਂ ਸੋਗ ਵਿਗਿਆਨਕ ਵੀ ਹੈ। ਵੇਦ, ਉਪਨਿਸ਼ਦ ਅਤੇ ਗੀਤਾ ਦੇ ਮੰਤਰਾ ਦੇ ਉਚਾਰਣ ਨਾਲ ਪੈਦਾ ਹੋਣ ਵਾਲੀ ਸਾਕਾਰਤਮਕ ਧੁੰਨੀ ਤਰੰਗਾਂ ਮਨ ਅਤੇ ਦਿਮਾਗ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ, ਵਿਚਾਰਾਂ ਵਿੱਚ ਨੈਤਿਕਤਾ ਲਿਆਉਂਦੀ ਹੈ ਅਤੇ ਵਿਅਕਤੀ ਨੂੰ ਨਵੀਂ ਉਰਜਾ ਪ੍ਰਦਾਨ ਕਰਦੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰੇਰਣਾ ਨਾਲ ਗੀਤਾ ਮਹੋਤਸਵ ਬਣ ਚੁੱਕਾ ਹੈ ਕੌਮਾਂਤਰੀ ਉਤਸਵ, ਕਈ ਦੇਸ਼ ਕਰ ਰਹੇ ਸਹਿਭਾਗਤਾ

ਮੁੱਖ ਮੰਤਰੀ ਨੇ ਕਿਹਾ ਕਿ ਕਰਮਯੋਗੀ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਹੀ ਪ੍ਰੇਰਣਾ ਨਾਲ ਅਸੀਂ ਗੀਤਾ ਜੈਯੰਤੀ ਸਮਾਰੋਹ ਨੂੰ ਕੌਮਾਂਤਰੀ ਪੱਧਰ 'ਤੇ ਮਨਾਉਂਦੇ ਹਨ। ਉਨ੍ਹਾਂ ਨੇ ਸਾਲ 2014 ਵਿੱਚ ਅਮੇਰਿਕਾ ਦੀ ਆਪਣੀ ਪਹਿਲੀ ਯਾਤਰਾ ਦੌਰਾਨ 19 ਸਤੰਬਰ, 2014 ਨੂੰ ਅਮੇਰਿਕਾ ਦੇ ਉਸ ਸਮੇਂ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਵੀ ਸ੍ਰੀ ਮਹਾਦੇਵ ਦੇਸਾਈ ਵੱਲੋਂ ਲਿਖਿਤ ਪੁਸਤਕ ਭੇਂਟ ਕੀਤੀ। ਇਸ ਵਿਲੱਖਣ ਪਹਿਲ ਤੋਂ ਪ੍ਰੇਰਿਤ ਹੋ ਕੇ ਅਸੀਂ ਸਾਲਾਨਾ ਗੀਤਾ ਜੈਯੰਤੀ ਸਮਾਰੋਹ ਨੂੰ ਸਾਲ 2016 ਤੋਂ ਕੌਮਾਂਤਰੀ ਪੱਧਰ 'ਤੇ ਮਨਾਉਣ ਲੱਗੇ ਹਨ। ਇਸ ਵਿੱਚ ਕਈ ਦੇਸ਼ਾਂ ਦੇ ਪ੍ਰਤਿਭਾਗੀ ਅਤੇ ਲੱਖਾਂ ਸ਼ਰਧਾਲੂ ਹਿੱਸਾ ਲੈਂਦੇ ਹਨ।

ਉਨ੍ਹਾਂ ਨੇ ਕਿਹਾ ਕਿ 25 ਨਵੰਬਰ ਨੂੰ ਪ੍ਰਧਾਨ ਮੰਤਰੀ ਕੁਰੂਕਸ਼ੇਤਰ ਵਿੱਚ ਆਯੋਜਿਤ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਸ਼ਾਮਿਲ ਹੋਏ ਅਤੇ ਮਹਾਭਾਰਤ ਥੀਮ ਅਧਾਰਿਤ ਅਨੁਭਵ ਕੇਂਦਰ ਦਾ ਉਦਘਾਟਨ ਕੀਤਾ।

ਪ੍ਰਧਾਨ ਮੰਤਰੀ ਨੇ 28 ਨਵੰਬਰ ਨੂੰ ਕਰਨਾਟਕ ਦੇ ਓਡੁੱਪੀ ਵਿੱਚ ਵੀ ਇਸ ਅਨੁਭਵ ਕੇਂਦਰ ਦਾ ਵਰਨਣ ਕਰਦੇ ਹੋਏ ਦੇਸ਼ਵਾਸੀਆਂ ਨੂੰ ਇਸ ਨੂੰ ਦੇਖਣ ਦੀ ਅਪੀਲ ਕੀਤੀ। ਅੱਜ ਇਹ ਮਹੋਤਸਵ ਉਨ੍ਹਾਂ ਦੇ ਮਾਰਗਦਰਸ਼ਨ ਵਿੱਚ ਵਿਸ਼ਵਵਿਆਪੀ ਸਵਰੂਪ ਲੈ ਚੁੱਕਾ ਹੈ।

# ਭਾਸ਼ਾ ਵਿਭਾਗ ਦੇ ਪ੍ਰਸ਼ਨੋਤਰੀ ਮੁਕਾਬਲੇ 'ਚ ਜ਼ਿਲ੍ਹੇ ਦੀ ਮਨਦੀਪ ਕੌਰ ਪੰਜਾਬ 'ਚੋਂ ਅੱਵਲ



**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ, ਇਤਿਹਾਸ ਅਤੇ ਭੂਗੋਲ ਪ੍ਰਤੀ ਚੇਤਨਤਾ ਪੈਦਾ ਕਰਨ ਲਈ ਇਸ ਵਾਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਨਿਰਦੇਸ਼ਕ ਭਾਸ਼ਾ ਵਿਭਾਗ ਜਸਵੰਤ ਸਿੰਘ ਜ਼ਫ਼ਰ ਹੁਰਾਂ ਦੀ ਅਗਵਾਈ ਵਿੱਚ ਜ਼ਿਲ੍ਹਾ ਮੋਗਾ ਵਿਖੇ ਕਰਵਾਏ ਪ੍ਰਸ਼ਨੋਤਰੀ ਮੁਕਾਬਲੇ ਦੇ ਵਰਗ 'ੲ' ਵਿੱਚੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਕਾਰੀ ਕਾਲਜ ਤਲਵਾੜਾ ਦੀ ਬੀ.ਏ. ਫਾਈਨਲ ਦੀ ਵਿਦਿਆਰਥਣ ਮਨਦੀਪ ਕੌਰ ਨੇ ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਜ਼ਿਲ੍ਹੇ, ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਨਾਂ ਰੌਸ਼ਨ ਕੀਤਾ ਹੈ। ਵਿਦਿਆਰਥਣ ਨੂੰ ਮਿਲੇ 2000 ਰੁਪਏ ਨਗਦ ਇਨਾਮ, ਮੈਡਲ, ਪ੍ਰਮਾਣ ਪੱਤਰ ਅਤੇ ਭਾਸ਼ਾ ਵਿਭਾਗ ਦਫ਼ਤਰ ਹੁਸਿਆਰਪੁਰ ਵੱਲੋਂ ਕਿਤਾਬਾਂ ਦੇ ਸੈੱਟ ਨਾਲ ਸਨਮਾਨਿਤ ਕਰਦਿਆਂ ਸਹਾਇਕ ਕਮਿਸ਼ਨਰ ਓਜਿਸ਼ੀ ਮੰਡਲ ਨੇ ਵਧਾਈ ਦਿੰਦਿਆਂ ਕਿਹਾ ਕਿ ਇਹੋ ਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਅਗਲੇਰੇ ਵੱਡੇ ਟੈਸਟ ਪਾਸ ਕਰਨ ਵਿੱਚ ਸਹਾਈ ਹੁੰਦੇ ਹਨ। ਜਦੋਂ ਮਨਦੀਪ ਕੌਰ ਨੇ ਦੱਸਿਆ ਕਿ ਉਸਦਾ ਸੁਪਨਾ ਆਈ.ਏ.ਐੱਸ. ਟੈਸਟ ਪਾਸ ਕਰਕੇ ਡਿਪਟੀ ਕਮਿਸ਼ਨਰ ਬਣਨ ਦਾ ਹੈ, ਤਾਂ ਸਹਾਇਕ ਕਮਿਸ਼ਨਰ ਨੇ ਉਸ ਨਾਲ ਆਈ.ਏ.ਐੱਸ. ਟੈਸਟ ਦੀ ਤਿਆਰੀ ਕਰਨ ਦੇ ਬਹੁਤ ਸਾਰੇ ਨੁਕਤੇ ਸਾਂਝੇ ਕਰਦਿਆਂ ਸ਼ਾਬਾਸ਼ ਦਿੱਤੀ।

ਪ੍ਰਸ਼ਨੋਤਰੀ ਮੁਕਾਬਲੇ ਬਾਰੇ ਵਿਸਤਾਰ ਨਾਲ ਗੱਲ ਕਰਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਨੇ ਦੱਸਿਆ ਕਿ ਭਾਸ਼ਾ ਵਿਭਾਗ ਹਰ ਸਾਲ ਇਹ ਮੁਕਾਬਲੇ ਤਿੰਨ ਵਰਗਾਂ ਪਹਿਲਾ ਛੇਵੀਂ ਤੋਂ ਅੱਠਵੀਂ, ਦੂਜਾ ਨੌਵੀਂ ਤੋਂ ਬਾਰਵੀਂ ਅਤੇ ਤੀਜਾ ਗ੍ਰੇਜੂਏਸ਼ਨ ਦੇ ਵਿਦਿਆਰਥੀਆਂ ਦਾ ਕਰਵਾਇਆ ਜਾਂਦਾ ਹੈ। ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇੱਕ ਹਜ਼ਾਰ, ਦੂਜਾ ਸਥਾਨ ਨੂੰ ਸੱਤ ਸੌ ਪੰਜਾਹ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਪੰਜ ਸੌ ਰੁਪਏ ਸਮੇਤ ਪ੍ਰਮਾਣ ਪੱਤਰ ਦਿੱਤਾ ਜਾਂਦਾ ਹੈ। ਸਟੇਟ ਪੱਧਰ 'ਤੇ ਇਨਾਮਾਂ ਦੀ ਰਾਸ਼ੀ ਲਗਭਗ ਦੁਗਣੀ ਮਿਲਦੀ ਹੈ। ਇਨ੍ਹਾਂ ਮੁਕਾਬਲਿਆਂ ਨਾਲ ਜਿੱਥੇ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਬਲ ਮਿਲਦਾ ਹੈ, ਉਥੇ ਅਗਲੇਰੇ ਟੈਸਟਾਂ ਨੂੰ ਪਾਸ ਕਰਨ ਦੇ ਨਾਲ-ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਮੋਹ ਦੀ ਭਾਵਨਾ ਵੀ ਵਿਕਸਤ ਹੁੰਦੀ ਹੈ। ਇਸ ਸਮੇਂ ਭਾਸ਼ਾ ਵਿਭਾਗ ਦਫ਼ਤਰ ਤੋਂ ਸਟਾਫ ਮੈਂਬਰ ਬਿਰੇਂਦਰ ਸਿੰਘ, ਲਾਲ ਸਿੰਘ ਅਤੇ ਪੁਸ਼ਪਾ ਰਾਣੀ ਵੀ ਮੌਜੂਦ ਸਨ।

# ਮਸਲੇ ਹੱਲ ਨਾ ਹੋਣ 'ਤੇ ਪੈਪਸੀਕੋ ਵਰਕਰਜ਼ ਯੂਨੀਅਨ ਵੱਲੋਂ ਪ੍ਰਦਰਸ਼ਨ



**ਭਵਾਨੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਪਸੀਕੋ ਵਰਕਰਜ਼ ਯੂਨੀਅਨ ਏਟਕ ਚੰਨੋਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਕੰਪਨੀ ਦੇ ਮੁੱਖ ਗੇਟ ਅੱਗੇ ਪ੍ਰਦਰਸਨ ਕਰਨ ਉਪਰੰਤ ਮੈਨੇਜਮੈਂਟ ਦਾ ਪੁਤਲਾ ਫੂਕਿਆ ਗਿਆ।

ਇਸ ਮੌਕੇ ਯੂਨੀਅਨ ਦੇ ਪ੍ਰਧਾਨ ਵਿਕਰਮਜੀਤ ਸਿੰਘ ਨਾਭਾ, ਜਨਰਲ ਸਕੱਤਰ ਹਰਿੰਦਰ ਸਿੰਘ ਗੱਜੂਮਾਜਰਾ, ਗੁਰਸੇਵ ਸਿੰਘ, ਰਘੂਵੀਰ ਸਿੰਘ, ਜਗਮੀਤ ਸਿੰਘ, ਹਰੀ ਸਿੰਘ, ਹਰਦੇਵ ਸਿੰਘ ਅਤੇ ਬਲਜੀਤ ਸਿੰਘ ਨੇ ਕਿਹਾ ਕਿ ਯੂਨੀਅਨ ਵੱਲੋਂ ਮਨੇਜਮੈਂਟ ਨੂੰ 9 ਮਹੀਨੇ ਪਹਿਲਾਂ ਮੰਗ ਪੱਤਰ ਦਿੱਤਾ ਗਿਆ ਸੀ ਪਰ ਇਸ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਅਜੇ ਤੱਕ ਕੋਈ ਨਿਪਟਾਰਾ ਨਹੀਂ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਯੂਨੀਅਨ ਵੱਲੋਂ ਸੇਵਾਮੁਕਤੀ ਦੀ ਉਮਰ 58 ਤੋਂ ਵਧਾ ਕੇ 60 ਸਾਲ ਕਰਨ, ਮਹਿੰਗਾਈ ਭੱਤਾ ਲਾਗੂ ਕਰਨ, ਕੱਚੇ ਕਿਰਤੀਆਂ ਨੂੰ ਪੱਕਾ ਕਰਨ, ਕੰਮ ਦਾ ਸਮਾਂ 8 ਘੰਟੇ ਤੋਂ ਘਟਾ ਕੇ 6 ਘੰਟੇ ਕਰਨ ਅਤੇ ਮੈਡੀਕਲ ਪਾਲਸੀ ਵਿੱਚ ਵਾਧਾ ਕਰਨ ਆਦਿ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੈਨੇਜਮੈਂਟ ਮੀਟਿੰਗਾਂ ਵਿੱਚ ਵੀ ਟਾਲਮਟੋਲ ਦੀ ਨੀਤੀ ਅਪਣਾ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ ਉਹ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਧਰਨੇ ਵਿੱਚ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਅਜੈਬ ਸਿੰਘ ਲੱਖੇਵਾਲ, ਮਨਜੀਤ ਸਿੰਘ ਘਰਾਚੋਂ, ਜਸਵੀਰ ਸਿੰਘ ਗੱਗੜਪੁਰ, ਬਲਵਿੰਦਰ ਸਿੰਘ ਘਨੌੜ ਜੱਟਾਂ ਵੀ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ ਦੀਆਂ ਚਾਰ ਵਿਦਿਆਰਥਣਾਂ ਹਰਿਆਣਾ 'ਚ ਜੱਜ ਬਣੀਆਂ



**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੀਆਂ ਚਾਰ ਵਿਦਿਆਰਥਣਾਂ ਹਰਿਆਣਾ ਸਿਵਲ ਸਰਵਿਸ (ਜੁਡੀਸ਼ੀਅਲ) ਦੇ 2025 ਬੈਚ ਦੀ ਪ੍ਰੀਖਿਆ ਪਾਸ ਕਰਕੇ ਜੱਜ ਬਣੀਆਂ ਹਨ। ਕਾਨੂੰਨ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਵਿਰਕ (ਪ੍ਰਧਾਨ ਪੂਟਾ) ਨੇ ਦੱਸਿਆ ਕਿ ਇਨ੍ਹਾਂ ਲੜਕੀਆਂ ਵਿੱਚ ਕਨੂ ਪ੍ਰਿਯਾ, ਰੌਸ਼ਨੀ, ਹਰਸ਼ਿਤਾ ਅਤੇ ਗੁੰਜਨ ਠਾਕੁਰ ਸ਼ਾਮਲ ਸਨ ਜਿਨ੍ਹਾਂ ਦਾ ਅੱਜ ਯੂਨੀਵਰਸਿਟੀ ਕੈਂਪਸ ਪੁੱਜਣ 'ਤੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਯੂਨੀਵਰਸਿਟੀ ਦੇ ਮਾਣ ਵਿੱਚ ਵਾਧਾ ਕਰਨ ਸਮੇਤ ਇਸ ਨਾਲ ਹੋਰਨਾਂ ਨੂੰ ਵੀ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਬਰਾੜ, ਰਜਿਸਟਰਾਰ ਡਾ. ਦਵਿੰਦਰਪਾਲ ਸਿੰਘ ਸਿੱਧੂ, ਵਿੱਤ ਅਫ਼ਸਰ ਡਾ. ਪ੍ਰਮੋਦ ਅਗਰਵਾਲ ਅਤੇ ਕਾਨੂੰਨ ਵਿਭਾਗ ਦੇ ਮੁਖੀ ਤੇ ਪੂਟਾ ਦੇ ਪ੍ਰਧਾਨ ਪ੍ਰੋ. ਭਪਿੰਦਰ ਸਿੰਘ ਵਿਰਕ ਵੀ ਮੌਜੂਦ ਸਨ।

# ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਦਾ ਆਯੋਜਨ




**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਅਤੇ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਿਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ , ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ- ਕਮਾਊਨਟੀ ਅਫਸਰ ਵੈਭਵ ਚੌਧਰੀ ਦੀ ਸਰਪ੍ਰਸਤੀ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਡੀ ਐੱਸ ਪੀ ਸਿਟੀ 2 ਜੰਗਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਉਦਘਾਟਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਕੀਤਾ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਕੀਤੀ।ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 , ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਉਪਕਾਰ ਸਿੰਘ ,ਰੁਦਰਪ੍ਰਤਾਪ ਸਿੰਘ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ, ਜ਼ਿਲ੍ਹਾ ਸਾਂਝ ਕੇਂਦਰ ਦੇ ਅਪਰੇਟਰ ਵਰਿੰਦਰ ਸਿੰਘ ਖਰੋੜ, ਰਮਨਦੀਪ ਸਿੰਘ ਪਾਸਪੋਰਟ ਵੈਰੀਫਿਕੇਸ਼ਨ ਅਫਸਰ ਸਾਂਝ ਕੇਂਦਰ ਤ੍ਰਿਪੜੀ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਡੀ ਐੱਸ ਪੀ ਸਿਟੀ 2 ਜੰਗਜੀਤ ਸਿੰਘ ਰੰਧਾਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ ਕਰਨ ਵਾਲਾ ਹਰ ਵਿਅਕਤੀ ਸ਼ੁਰੂ ਵਿੱਚ ਆਪਣੇ ਆਪ ਨੂੰ ਲੁਕਾਉਂਦਾ ਹੈ , ਫਿਰ ਉਸਦਾ ਪਰਿਵਾਰ ਵੀ ਇਸ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ। ਕਿਉਂ ਕਿ ਉਹ ਜਾਣਦੇ ਹਨ ਕਿ ਨਸ਼ਾ ਲੈਣ ਵਾਲੇ ਨੂੰ ਲੋਕ ਨਫਰਤ ਕਰਦੇ ਹਨ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਨਸ਼ਾ ਕਰਨ ਵਾਲਿਆਂ ਨੂੰ ਨਫਰਤ ਨਾ ਕਰੀਏ, ਸਗੋਂ ਉਨ੍ਹਾਂ ਦੀ ਨਸ਼ਾ ਛੱਡਣ ਵਿੱਚ ਮੱਦਦ ਕਰੀਏ । ਜੇਕਰ ਤੁਸੀਂ ਕਿਸੇ ਨੂੰ ਨਸ਼ੇ ਵਿੱਚ ਜਾਣ ਤੋਂ ਰੋਕ ਲਿਆ ਜਾਂ ਨਸ਼ਾ ਕਰਦੇ ਵਿਅਕਤੀ ਨੂੰ ਇਲਾਜ ਲਈ ਸਿਹਤ ਕੇਂਦਰ ਲਿਜਾ ਕੇ ਇਲਾਜ ਕਰਵਾ ਦਿੱਤਾ ਤਾਂ ਸਮਝੋ ਤੁਸੀਂ ਕਿਸੇ ਦੀ ਜਾਨ ਬਚਾ ਲਈ। ਉਹਨਾਂ ਕਿਹਾ ਕਿ ਹਰ ਵਿਅਕਤੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਨਸ਼ੇ ਦੀ ਆਦਤ ਨਾ ਸਿਰਫ ਉਨ੍ਹਾਂ ਦੇ ਸਰੀਰ ਅਤੇ ਦਿਮਾਗ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ, ਸਗੋਂ ਉਨ੍ਹਾਂ ਦੇ ਉੱਜਵਲ ਭਵਿੱਖ ਨੂੰ ਵੀ ਖਤਮ ਕਰ ਦਿੰਦੀ ਹੈ। ਇਸ ਲਈ ਸਾਨੂੰ ਨਸ਼ਿਆਂ ਨੂੰ ਸਖਤੀ ਨਾਲ 'ਨਹੀਂ ਕਹਿਣਾ ਚਾਹੀਦਾ ਹੈ ਅਤੇ ਆਪਣੇ ਆਲੇ-ਦੁਆਲੇ ਜਾਗਰੂਕਤਾ ਫੈਲਾ ਕੇ ਆਪਣੀਆਂ ਜ਼ਿੰਦਗੀਆਂ ਦੇ ਨਾਲ-ਨਾਲ ਆਪਣੇ ਪਿਆਰਿਆਂ ਦੀਆਂ ਜਾਨਾਂ ਵੀ ਬਚਾਉਣੀਆਂ ਚਾਹੀਦੀਆਂ ਹਨ , ਉਹਨਾਂ ਕਿਹਾ ਕਿ ਨਸ਼ਿਆਂ ਤੋਂ ਸਾਡੀ ਯੁਵਾ ਪੀੜ੍ਹੀ ਕਾਫੀ ਪ੍ਰਭਾਵਿਤ ਹੋ ਰਹੀ ਹੈ।

# ਪਾਰਦਰਸ਼ੀ ਢੰਗ ਨਾਲ ਹੋਣਗੀਆਂ ਪੰਚਾਇਤ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਚੋਣਾ: ਰਿਟਰਨਿੰਗ ਅਫਸਰ

**ਸ੍ਰੀ ਆਨੰਦਪੁਰ ਸਾਹਿਬ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 2025 ਸਬੰਧੀ ਸਾਰੇ ਮਹੱਤਵਪੂਰਨ ਪੜਾਅ ਦੀਆਂ ਤਾਰੀਖਾਂ ਅਤੇ ਦਿਸ਼ਾ-ਨਿਰਦੇਸ਼ ਅਧਿਕਾਰਕ ਤੌਰ 'ਤੇ ਜਾਰੀ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫਸਰ ਜਸਪ੍ਰੀਤ ਸਿੰਘ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਚੋਣ ਪ੍ਰਕਿਰਿਆ ਪੂਰੀ ਪਾਰਦਰਸ਼ਤਾ ਨਾਲ ਅਤੇ ਨਿਰਧਾਰਤ ਸਮਾਂ-ਸਾਰਣੀ ਮੁਤਾਬਕ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ 1 ਦਸੰਬਰ 2025 ਤੋਂ 4 ਦਸੰਬਰ 2025 ਸਮਾ 3.00 ਵਜੇ ਤੱਕ ਸਵੀਕਾਰ ਕੀਤੀਆਂ ਜਾਣਗੀਆਂ। ਨਾਮਜ਼ਦਗੀਆਂ ਦੀ ਸਕਰੂਟਨੀ 5 ਦਸੰਬਰ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਮਿਤੀ 6 ਦਸੰਬਰ 2025 ਨਿਰਧਾਰਤ ਕੀਤੀ ਗਈ ਹੈ। ਇਸੇ ਦਿਨ ਚੋਣ ਨਿਸ਼ਾਨ ਵੀ ਅਲਾਟ ਕਰ ਦਿੱਤੇ ਜਾਣਗੇ। ਚੋਣ ਪ੍ਰਚਾਰ ਲਈ 7 ਦਸੰਬਰ ਤੋਂ 12 ਦਸੰਬਰ ਸ਼ਾਮ 4 ਵਜੇ ਤੱਕ ਸਮਾਂ ਨਿਰਧਾਰਤ ਹੈ। ਵੋਟਾਂ ਦੀ ਗਿਣਤੀ 17 ਦਸੰਬਰ ਦੀ ਸਵੇਰ 8 ਵਜੇ ਤੋਂ ਸ਼ੁਰੂ ਹੋਵੇਗੀ।



ਰਿਟਰਨਿੰਗ ਅਫਸਰ ਨੇ ਚੋਣ ਖਰਚੇ ਦੀ ਉੱਪਰੀ ਸੀਮਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਚਾਇਤ ਸੰਮਤੀ ਲਈ 1,10,000 ਰੁਪਏ ਅਤੇ ਜ਼ਿਲ੍ਹਾ ਪ੍ਰੀਸ਼ਦ ਲਈ 2,55,000 ਰੁਪਏ ਦੀ ਖਰਚਾ ਹੱਦ ਤੈਅ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਚਾਇਤ ਸੰਮਤੀ ਦੇ ਕੁੱਲ 15 ਜ਼ੋਨ ਬਣਾਏ ਗਏ ਹਨ ਜਿਨ੍ਹਾਂ ਹੇਠਾਂ 111 ਪੰਚਾਇਤਾਂ ਆਉਂਦੀਆਂ ਹਨ। ਚੋਣਾਂ ਲਈ ਕੁੱਲ 118 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 105 ਸਿੰਗਲ, 5 ਡਬਲ ਅਤੇ 1 ਟ੍ਰਿਪਲ ਪੋਲਿੰਗ ਸਟੇਸ਼ਨ ਹੈ।

ਰਾਖਵੀਆਂ ਸੀਟਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਗੰਭੀਰਪੁਰ ਵਿੱਚ ਜਨਰਲ, ਢੇਰ ਪਿੰਡ ਵਿੱਚ ਇਸਤਰੀ, ਗਰਾਂ ਪਿੰਡ ਵਿੱਚ ਬੀ.ਸੀ, ਬਾਸੋਵਾਲ ਪਿੰਡ ਵਿੱਚ ਅ.ਜ. ਇਸਤਰੀ, ਗੰਗੂਵਾਲ, ਮੋਹੀਵਾਲ, ਅਗੰਮਪੁਰ ਅਤੇ ਝਿੰਜੜੀ ਪਿੰਡਾਂ ਵਿੱਚ ਇਸਤਰੀਆਂ ਲਈ ਸੀਟ ਰਾਖਵੀਆਂ ਹਨ। ਕੋਟਲਾ, ਸਮਲਾਹ, ਬੜਾ ਪਿੰਡ ਅਤੇ ਭਰਤਗੜ੍ਹ ਵਿੱਚ ਜਨਰਲ ਸੀਟਾਂ ਹਨ। ਮੱਸੇਵਾਲ ਅਤੇ ਡਾਢੀ ਪਿੰਡ ਵਿੱਚ ਅ.ਜ. ਸ਼੍ਰੇਣੀ ਰਾਖਵੀ ਹੈ, ਜਦਕਿ ਨੰਗਲ ਸਰਸਾ ਵਿੱਚ ਇਸਤਰੀ ਵਰਗ ਲਈ ਸੀਟ ਰਾਖਵੀ ਕੀਤੀ ਗਈ ਹੈ।

## ਸਾਬਕਾ ਵਿਧਾਇਕ ਨਿਰਮਲ ਸਿੰਘ ਨਿੰਮਾ ਨੇ ਕਾਂਗਰਸ ਪਾਰਟੀ ਛੱਡੀ

**ਬਠਿੰਡਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਵਿਧਾਇਕ ਨਿਰਮਲ ਸਿੰਘ ਨਿੰਮਾ ਨੇ ਕਾਂਗਰਸ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ ਹੈ। ਸ੍ਰੀ ਨਿੰਮਾ 1992 ਵਿੱਚ ਵਿਧਾਇਕ ਚੁਣੇ ਗਏ ਸਨ। 2016 ਵਿੱਚ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀਪੀਪੀ) ਦੇ ਕਾਂਗਰਸ ਵਿੱਚ ਮਰਜ ਹੋਣ ਸਮੇਂ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਉਹ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨੇੜਲੇ ਸਾਥੀਆਂ ਵਿੱਚੋਂ ਹਨ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਲਗਾਤਾਰ ਅਣਦੇਖਿਆ, ਅਣਗੌਲਿਆ ਕੀਤੇ ਜਾਣ ਕਾਰਨ ਉਹ ਨਾਰਾਜ਼ ਹਨ ਅਤੇ ਇਸ ਲਈ ਪਾਰਟੀ ਛੱਡਣ ਦਾ ਫੈਸਲਾ ਕੀਤਾ ਹੈ।

# ਨਾਭਾ: ਪੰਚਾਇਤੀ ਆਮਦਨ ਵਿੱਚੋਂ 30 ਫ਼ੀਸਦ ਕਟੌਤੀ ਦਾ ਵਿਰੋਧ



**ਨਾਭਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤੀ ਆਮਦਨ ਵਿੱਚੋਂ ਸੈਕਟਰੀ ਦੇ ਨਾਮ 'ਤੇ ਕੱਟੇ ਜਾਂਦੇ 30 ਫ਼ੀਸਦ ਬਾਰੇ ਨਾਭੇ ਦੇ ਪਿੰਡਾਂ ਵਿੱਚ ਵਿਰੋਧ ਉੱਠ ਰਿਹਾ ਹੈ। ਅੱਜ ਰਾਮਗੜ੍ਹ ਪਿੰਡ ਦੇ ਵਸਨੀਕਾਂ ਵੱਲੋਂ ਇਸ ਬਾਬਤ ਇੱਕ ਮਤਾ ਵੀ ਪਾਇਆ ਗਿਆ। ਕਈ ਪਿੰਡਾਂ ਦੇ ਸਰਪੰਚਾਂ ਨੇ ਮੰਨਿਆ ਕਿ ਲੋਕਾਂ ਵੱਲੋਂ ਇਸ ਬਾਬਤ ਗ੍ਰਾਮ ਸਭਾ ਬੁਲਾ ਕੇ ਮਤੇ ਪਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ। ਇਸ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਨਾਭਾ ਦੀ ਦੋ ਪੰਚਾਇਤਾਂ ਨੇ ਇਸ ਵਾਰੀ 30 ਫ਼ੀਸਦ ਦੇਣ ਤੋਂ ਇਨਕਾਰ ਕੀਤਾ, ਜਿਸ ਤੋਂ ਬਾਅਦ ਉਨ੍ਹਾਂ ਕੋਲੋਂ ਘਟ ਪੈਸੇ ਲੈ ਲਏ ਗਏ।

ਕੁਝ ਸਮਾਜਿਕ ਕਾਰਕੁਨਾਂ ਦਾ ਦਾਅਵਾ ਹੈ ਕਿ ਇਸ ਕਟੌਤੀ ਦਾ ਕੋਈ ਕਾਨੂੰਨੀ ਅਧਾਰ ਨਹੀਂ ਹੈ ਬਲਕਿ ਇੱਕ ਪ੍ਰਸ਼ਾਸਨਿਕ ਫਰਮਾਨ ਦੇ ਅਧਾਰ ਉੱਪਰ ਹੀ ਇਹ ਕਟੌਤੀ ਕੀਤੀ ਜਾਂਦੀ ਹੈ ਜਿਹੜੀ ਕਿ ਕਿਸੇ ਸਮੇ 10 ਫ਼ੀਸਦ ਹੁੰਦੀ ਸੀ 'ਤੇ ਸਮੇਂ ਸਮੇਂ @ਤੇ ਇਹ ਵਧਾ ਕੇ ਅੱਜ 30 ਫ਼ੀਸਦ ਕਰ ਦਿੱਤੀ ਗਈ।

ਅੱਜ ਰਾਮਗੜ੍ਹ ਪਿੰਡ ਦੇ ਵਸਨੀਕਾਂ ਵੱਲੋਂ ਜਿੱਥੇ ਪੰਚਾਇਤੀ ਆਮਦਨ ਚੋਂ ਕਟੌਤੀ ਬੰਦ ਕਰਨ ਦਾ ਮਤਾ ਪਾਇਆ ਗਿਆ, ਉੱਥੇ ਹੀ ਸਰਕਾਰ ਵੱਲੋਂ ਸੂਬੇ ਵਿੱਚ ਜ਼ਮੀਨਾਂ ਵੇਚਣ ਦੇ ਵਿਰੋਧ ਦੀ ਗੱਲ ਵੀ ਲਿਖੀ ਗਈ।

ਉਨ੍ਹਾਂ ਇਹ ਵੀ ਲਿਖਿਆ ਕਿ ਸ਼ਾਮਲਾਟ ਪਿੰਡ ਦੀ ਮਲਕੀਅਤ ਹੈ ਅਤੇ ਭਵਿੱਖ ਵਿੱਚ ਕਦੀ ਵੀ ਸਾਡੇ ਪਿੰਡ ਦੀ ਜ਼ਮੀਨ ਬਹੁਗਿਣਤੀ ਪਿੰਡ ਵਾਸੀਆਂ ਦੀ ਮੰਜ਼ੂਰੀ ਤੋਂ ਬਿਨਾਂ ਨਹੀਂ ਵੇਚੀ ਜਾ ਸਕਦੀ।

ਪੰਚਾਇਤੀ ਆਮਦਨ ਚੋਂ ਇਸ ਸਾਲ 30 ਫ਼ੀਸਦ ਦੀ ਬਜਾਏ 22 ਫ਼ੀਸਦ ਹੀ ਦੇਣ ਵਾਲੇ ਪਿੰਡ ਕਾਲਸਨਾ ਦੇ ਸਰਪੰਚ ਗੁਰਧਿਆਨ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨ 30 ਫ਼ੀਸਦ ਦੇਣ ਲਈ ਦਬਾਅ ਬਣਾਉਂਦਾ ਹੈ ਅਤੇ ਹੁਣ ਆਈਡੀਪੀ ਵੱਲੋਂ ਕੱਢੇ ਗਏ ਚੇਤਨਾ ਮਾਰਚ ਮਗਰੋਂ ਪਿੰਡ ਵਾਸੀ ਇੱਕ ਫ਼ੀਸਦ ਦੇਣ ਤੋਂ ਵੀ ਇਨਕਾਰੀ ਹਨ।

# ਚੰਡੀਗੜ੍ਹ ਵਿੱਚ ਨੌਜਵਾਨ ਦੀ ਹੱਤਿਆ; ਹਮਲਾਵਰਾਂ ਨੇ ਕਾਰ ਨੂੰ ਘੇਰਿਆ; ਕਾਰ ਸਵਾਰ ਨੂੰ ਪੰਜ ਗੋਲੀਆਂ ਮਾਰੀਆਂ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਦੇ ਸੈਕਟਰ-26 ਦੀ ਟਿੰਬਰ ਮਾਰਕੀਟ ਵਿਚ ਅੱਜ ਦੇਰ ਸ਼ਾਮ ਇਕ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ ਜੋ ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਵਿਚ ਮੋਹਰੀ ਰਹਿੰਦਾ ਸੀ।

ਇਸ ਨੌਜਵਾਨ ਦੀ ਪਛਾਣ ਇੰਦਰਜੀਤ ਸਿੰਘ ਪੈਰੀ ਵਜੋਂ ਹੋਈ ਹੈ। ਉਸ ਦਾ ਇਕ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਜਾਣਕਾਰੀ ਅਨੁਸਾਰ ਉਹ ਇਕ ਕਾਰ ਵਿਚ ਸਵਾਰ ਹੋ ਕੇ ਸੈਕਟਰ 26 ਜਾ ਰਿਹਾ ਸੀ ਕਿ ਇਕ ਹੋਰ ਗੱਡੀ ਨੇ ਓਵਰਟੇਕ ਕਰ ਕੇ ਉਸ ਦੀ ਕਾਰ ਨੂੰ ਘੇਰ ਲਿਆ ਤੇ ਤਿੰਨ ਹਮਲਾਵਰਾਂ ਨੇ ਪੈਰੀ 'ਤੇ ਪੰਜ ਗੋਲੀਆਂ ਚਲਾਈਆਂ।

ਪੁਲੀਸ ਨੇ ਇਸ ਮਾਮਲੇ ਦੀ ਜਾਣਕਾਰੀ ਮਿਲਦਿਆਂ ਹੀ ਖੇਤਰ ਨੂੰ ਸੀਲ ਕਰ ਦਿੱਤਾ ਤੇ ਜਾਂਚ ਸ਼ੁਰੂ ਕਰ ਦਿੱਤੀ। ਇਹ ਪਤਾ ਲੱਗਿਆ ਹੈ ਕਿ ਇਹ ਹੱਤਿਆ ਗੈਂਗਵਾਰ ਦਾ ਨਤੀਜਾ ਹੋ ਸਕਦੀ ਹੈ ਕਿਉਂਕਿ ਪੈਰੀ ਦੀਆਂ ਸੋਸ਼ਲ ਮੀਡੀਆ 'ਤੇ ਕਈ ਫੋਟੋਆਂ ਵੀ ਵਾਇਰਲ ਹੋਈਆਂ ਹਨ ਜਿਨ੍ਹਾਂ ਵਿਚ ਉਹ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਨਾਲ ਦਿਖਾਈ ਦੇ ਰਿਹਾ ਹੈ।

# ਪਟਿਆਲਾ ਸ਼ਹਿਰ ਦੀਆਂ ਡੇਅਰੀਆਂ ਨੂੰ ਨਗਰ ਨਿਗਮ ਦੀ ਹਦ ਤੋਂ ਬਾਹਰ ਸ਼ਿਫਟ ਕਰਨ ਲਈ ਕਾਰਵਾਈ ਤੇਜ਼: ਕਮਿਸ਼ਨਰ ਪਰਮਜੀਤ ਸਿੰਘ

## *ਜਲਦ ਹੀ ਡੇਅਰੀ ਮਾਲਕਾਂ ਨਾਲ ਕੀਤੀ ਜਾਵੇਗੀ ਮੀਟਿੰਗ : ਕੋਹਲੀ, ਮੇਅਰ ਅਤੇ ਕਮਿਸ਼ਨਰ*

**ਪਟਿਆਲਾ, 1 ਦਸੰਬਰ**
**-ਨਿਊਜ਼ਲਾਈਨ ਐਕਸਪ੍ਰੈਸ-**

ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਅੰਦਰ ਚੱਲ ਰਹੀਆਂ ਡੇਅਰੀਆਂ ਨੂੰ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਸ਼ਿਫਟ ਕਰਨ ਸੰਬੰਧੀ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਕਮਿਸ਼ਨਰ ਪਰਮਜੀਤ ਸਿੰਘ ਆਈਏਐਸ ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਅੰਦਰ ਚੱਲ ਰਹੀਆਂ ਡੇਅਰੀਆਂ ਕਰਕੇ ਪੈਦਾ ਹੋ ਰਹੇ ਮੁਸ਼ਕਲ ਪਰਿਸਥਿਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਹਨਾਂ ਵੱਲੋਂ ਵਿਸ਼ੇਸ਼ ਤੌਰ ਤੇ ਦੱਸਿਆ ਗਿਆ ਕਿ ਬਹੁਤ ਜਲਦ ਹੀ ਡੇਅਰੀ ਮਾਲਕਾਂ ਨਾਲ ਵੀ ਇਸ ਸੰਬੰਧੀ ਮੀਟਿੰਗ ਕੀਤੀ ਜਾਵੇਗੀ। ਇਸ ਵਿਸ਼ੇਸ਼ ਮੀਟਿੰਗ ਦੀ ਅਗਵਾਈ ਮਾਨਯੋਗ ਐਮ.ਐਲ.ਏ ਸ਼ਹਿਰੀ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਕੀਤੀ ਗਈ। ਇਸ ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਰਾਜਿੰਦਰ ਚੋਪੜਾ ਨਿਗਰਾਨ ਇੰਜੀਨੀਅਰਿੰਗ, ਸ਼੍ਰੀ ਜਤਿੰਦਰਪਾਲ ਸਿੰਘ ਨਿਗਰਾਨ ਇੰਜੀਨੀਅਰ, ਸੁਰਜੀਤ ਸਿੰਘ ਚੀਮਾ ਸਕੱਤਰ, ਨਰਾਇਣ ਦਾਸ ਨਿਗਮ ਇੰਜੀਨੀਅਰ, ਦਰਪਨ ਕੁਮਾਰ ਸੁਪਰਡੰਟ ਲੈਂਡ ਸ਼ਾਖਾ ਅਤੇ ਸ਼੍ਰੀ ਰਿਸ਼ਭ ਗੁਪਤਾ ਸੈਨੇਟਰੀ ਇੰਸਪੈਕਟਰ ਸਮੇਤ ਕਈ ਸੀਨੀਅਰ ਅਧਿਕਾਰੀ ਹਾਜ਼ਰ ਸਨ।



ਐਮਐਲਏ ਕੋਹਲੀ, ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਜੀਤ ਨੇ ਸਾਂਝੇ ਤੌਰ ਤੇ ਦੱਸਿਆ ਕਿ ਡੇਅਰੀਆਂ ਤੋਂ ਤਿਆਰ ਹੋਣ ਵਾਲਾ ਗੋਬਰ, ਗੰਦਲਾ ਪਾਣੀ ਅਤੇ ਹੋਰ ਬਚਾਵਟ ਸਮੱਗਰੀ ਬਿਨਾਂ ਸਹੀ ਪ੍ਰਬੰਧਨਾ ਦੇ ਸਿੱਧਾ ਸੀਵਰੇਜ ਲਾਈਨਾਂ ਵਿੱਚ ਪੈ ਜਾਂਦਾ ਹੈ, ਜਿਸ ਕਾਰਨ ਸਿਵਰੇਜ ਸਿਸਟਮ ਬਾਰ ਬਾਰ ਬਲਾਕ ਹੋ ਰਿਹਾ ਹੈ। ਇਸ ਬਲੌਕੇਜ ਦੀ ਸਫਾਈ ਲਈ ਹਰ ਸਾਲ ਕਰੋੜਾਂ ਰੁਪਏ ਦਾ ਖਰਚਾ ਨਗਰ ਨਿਗਮ ਨੂੰ ਝੇਲਣਾ ਪੈ ਰਿਹਾ ਹੈ, ਜੋ ਕਿ ਨਗਰ ਨਿਗਮ ਦੇ ਵਿੱਤੀ ਬਜਟ ਉੱਤੇ ਭਾਰੀ ਬੋਝ ਹੈ। ਇਸਦੇ ਨਾਲ-ਨਾਲ ਡੇਅਰੀਆਂ ਦੇ ਬੇਕਾਬੂ ਵਾਧੇ ਨਾਲ ਬਦਬੂ, ਮੱਖੀਆਂ ਆਦਿ ਦੇ ਕਾਰਨ ਸ਼ਹਿਰ ਵਾਸੀਆਂ ਦੀ ਸਿਹਤ 'ਤੇ ਵੀ ਗੰਭੀਰ ਪ੍ਰਭਾਵ ਪੈ ਰਿਹਾ ਹੈ ਅਤੇ ਬਿਮਾਰੀਆਂ ਫੈਲਣ ਦਾ ਵੱਡਾ ਖਤਰਾ ਬਣਿਆ ਰਹਿੰਦਾ ਹੈ।

ਉਪਰੋਕਤ ਵਲੋ ਵਿਸ਼ੇਸ਼ ਤੌਰ ਤੇ ਦੱਸਿਆ ਗਿਆ ਕਿ ਇਹਨਾਂ ਸਭ ਸਮੱਸਿਆਵਾਂ ਨੂੰ ਦੇਖਦਿਆਂ ਮੀਟਿੰਗ ਵਿੱਚ ਇਕਮਤ ਹੋ ਕੇ ਫ਼ੈਸਲਾ ਲਿਆ ਗਿਆ ਹੈ ਕਿ ਸ਼ਹਿਰ ਦੀ ਸੀਮਾਵਾਂ ਵਿੱਚ ਮੌਜੂਦ ਸਾਰੀਆਂ ਡੇਅਰੀਆਂ ਨੂੰ ਮਿਤੀ 25 ਦਸੰਬਰ 2025 ਤੱਕ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਸ਼ਿਫਟ ਕਰਨਾ ਲਾਜ਼ਮੀ ਹੈ। ਡੇਅਰੀ ਮਾਲਕਾਂ ਨੂੰ ਨਿਰਧਾਰਿਤ ਮਿਤੀ ਤੱਕ ਆਪਣੀ ਡੇਅਰੀ ਖੁਦ ਬਾਹਰ ਸਥਾਪਿਤ ਕਰਨ ਦੀ ਹਦਾਇਤ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਪੂਰਾ ਸਹਿਯੋਗ ਅਤੇ ਸਮਾਂ ਪ੍ਰਦਾਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਮੇਅਰ ਅਤੇ ਕਮਿਸ਼ਨਰ ਨੇ ਕਿਹਾ ਕਿ ਜੇਕਰ ਕੋਈ ਡੇਅਰੀ ਮਾਲਕ 30 ਦਸੰਬਰ 2025 ਤੱਕ ਡੇਅਰੀਆਂ ਸ਼ਿਫਟ ਨਹੀਂ ਕਰਦਾ ਤਾਂ ਨਗਰ ਨਿਗਮ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਜਿਸ ਤਹਿਤ ਉਨ੍ਹਾਂ ਦੇ ਪਾਣੀ ਅਤੇ ਸੀਵਰੇਜ ਕੁਨੈਕਸ਼ਨ ਤੁਰੰਤ ਕੱਟ ਦਿੱਤੇ ਜਾਣਗੇ।

ਮੀਟਿੰਗ ਦੇ ਅੰਤ 'ਤੇ ਅਧਿਕਾਰੀਆਂ ਨੇ ਇਹ ਸਪੱਸ਼ਟ ਕੀਤਾ ਕਿ ਸ਼ਹਿਰ ਦੀ ਸੁੱਚਤਾ, ਸਿਹਤ ਸੁਰੱਖਿਆ ਅਤੇ ਵਿਕਾਸ ਨੂੰ ਬਰਕਰਾਰ ਰੱਖਣ ਲਈ ਇਹ ਫੈਸਲਾ ਬਹੁਤ ਜ਼ਰੂਰੀ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪਲਾਸਟਿਕ ਕੈਰੀ ਬੈਗ ਖ਼ਿਲਾਫ਼ ਮੁਹਿੰਮ ਤੇਜ਼, 25 ਕਿਲੋ ਲਿਫ਼ਾਫੇ ਜ਼ਬਤ, 16 ਚਲਾਨ ਜਾਰੀ: ਮੇਅਰ, ਕਮਿਸ਼ਨਰ

**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਵੱਲੋਂ ਪਲਾਸਟਿਕ ਪ੍ਰਦੂਸ਼ਣ ਨੂੰ ਰੋਕਣ ਅਤੇ ਸਾਫ਼-ਸੁਥਰੇ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਚਲਾਈ ਗਈ ਵਿਆਪਕ ਮੁਹਿੰਮ ਦੇ ਤਹਿਤ ਅੱਜ ਸਬਜ਼ੀ ਮੰਡੀ ਭਗਤ ਸਿੰਘ ਚੌਂਕ ਵਿੱਚ ਵਿਸ਼ੇਸ਼ ਡਰਾਈਵ ਚਲਾਈ ਗਈ। ਇਹ ਮੁਹਿੰਮ ਮਾਨਯੋਗ ਮੇਅਰ ਸ਼੍ਰੀ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਨਿਗਮ ਪਟਿਆਲਾ ਸ਼੍ਰੀ ਪਰਮਜੀਤ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਚਲਾਈ ਗਈ। ਕਾਰਵਾਈ ਦੌਰਾਨ ਨਿਗਰ ਨਿਗਮ ਦੀ ਟੀਮ ਨੇ ਪਲਾਸਟਿਕ ਕੈਰੀ ਬੈਗ ਦੀ ਵਰਤੋਂ ਕਰ ਰਹੇ ਗਾਹਕਾਂ ਅਤੇ ਦੁਕਾਨਦਾਰਾਂ ਵਿਰੁੱਧ ਸਖ਼ਤ ਕਦਮ ਚੁੱਕਦਿਆਂ ਲਗਭਗ 25 ਕਿਲੋ ਗੈਰਕਾਨੂੰਨੀ ਪਲਾਸਟਿਕ ਦੇ ਲਿਫ਼ਾਫੇ ਜ਼ਬਤ ਕੀਤੇ ਅਤੇ 16 ਚਲਾਨ ਜਾਰੀ ਕੀਤੇ। ਨਿਗਮ ਨੇ ਸਪਸ਼ਟ ਕੀਤਾ ਕਿ ਬੈਨ ਕੀਤੇ ਪਲਾਸਟਿਕ ਬੈਗ ਦੀ ਵਰਤੋਂ ਇੱਕ ਗੰਭੀਰ ਉਲੰਘਣਾ ਹੈ ਅਤੇ ਇਸਦੇ ਖ਼ਿਲਾਫ਼ ਕਾਰਵਾਈ ਆਗਾਮੀ ਦਿਨਾਂ ਵਿੱਚ ਹੋਰ ਸਖ਼ਤ ਕੀਤੀ ਜਾਵੇਗੀ।




ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਨੇ ਕਿਹਾ ਕਿ ਨਗਰ ਨਿਗਮ ਸ਼ਹਿਰ ਨੂੰ ਪਲਾਸਟਿਕ-ਮੁਕਤ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ। ਇਸ ਡਰਾਈਵ ਦੀ ਅਗਵਾਈ ਹੈਲਥ ਅਫਸਰ ਨਵਿੰਦਰ ਸਿੰਘ ਵੱਲੋਂ ਕੀਤੀ ਗਈ, ਜਦੋਂ ਕਿ ਸੈਨਟਰੀ ਇਨਸਪੈਕਟਰ ਮੋਹਿਤ ਜਿੰਦਲ, ਇੰਦਰਜੀਤ ਸਿੰਘ, ਜਗਤਾਰ ਸਿੰਘ ਅਤੇ ਹਰਵਿੰਦਰ ਸਿੰਘ ਦੀ ਟੀਮ ਵੀ ਵਿਸ਼ੇਸ਼ ਤੌਰ ਤੇ ਮੌਕੇ ਤੇ ਮੌਜੂਦ ਰਹੀ। ਇਸ ਮੌਕੇ ਟੀਮ ਵੱਲੋਂ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਗਿਆ ਕਿ ਪਲਾਸਟਿਕ ਪ੍ਰਕ੍ਰਿਤੀ ਲਈ ਘਾਤਕ ਹੈ ਅਤੇ ਇਹ ਮਿੱਟੀ, ਪਾਣੀ ਅਤੇ ਜੀਵ-ਜੰਤੂਆਂ ਲਈ ਖ਼ਤਰਨਾਕ ਨਤੀਜੇ ਪੈਦਾ ਕਰਦਾ ਹੈ। ਟੀਮ ਵੱਲੋਂ ਸਬਜ਼ੀ ਵਪਾਰੀਆਂ ਅਤੇ ਖਰੀਦਦਾਰਾਂ ਨੂੰ ਸਪਸ਼ਟ ਹਦਾਇਤ ਕੀਤੀ ਗਈ ਕਿ ਉਹ ਆਪਣੇ ਘਰਾਂ ਤੋਂ ਕੱਪੜੇ ਦੇ ਥੈਲੇ ਜਾਂ ਜੂਟ ਬੈਗ ਨਾਲ ਲੈ ਕੇ ਆਉਣ ਅਤੇ ਪਲਾਸਟਿਕ ਦੀ ਵਰਤੋਂ ਤੁਰੰਤ ਬੰਦ ਕਰਨ।

ਕਮਿਸ਼ਨਰ ਅਤੇ ਮੇਅਰ ਵੱਲੋਂ ਸਾਂਝੇ ਤੌਰ ਤੇ ਸਪਸ਼ਟ ਕੀਤਾ ਗਿਆ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਰੋਜ਼ਾਨਾ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਪਟਿਆਲਾ ਨੂੰ ਸਵੱਛ ਅਤੇ ਹਰਾ-

# ਵਚਿੱਤਰ ਜੀਵ

*ਬੱਚਿਓ! ਸਾਡੀ ਦੁਨੀਆ ਬਹੁਤ ਸਾਰੇ ਅਜੀਬ ਤੇ ਵਚਿੱਤਰ ਜੀਵ-ਜੰਤੂਆਂ ਨਾਲ ਭਰੀ ਪਈ ਹੈ। ਆਓ ਅੱਜ ਅਸੀਂ ਇਨ੍ਹਾਂ 'ਚੋਂ ਕੁੱਝ ਜੀਵਾਂ ਬਾਰੇ ਤੁਹਾਨੂੰ ਜਾਣਕਾਰੀ ਦੇਈਏ...*

## ਮੀਰਕੈਟ



**ਇਹ** ਅਫਰੀਕਾ ਦੇ ਖ਼ੁਸ਼ਕ ਮਾਰੂਥਲਾਂ ਵਿਚ ਬੜੀ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਇਸ ਦਾ ਚਿਹਰਾ ਨੋਕਦਾਰ ਅਤੇ ਅੱਖਾਂ ਦੁਆਲੇ ਕਾਲੇ ਰੰਗ ਦੇ ਧੱਬੇ ਹੁੰਦੇ ਹਨ। ਪੂਛ ਪਤਲੀ ਤੇ ਕਾਲੇ ਰੰਗ ਦੀ ਹੁੰਦੀ ਹੈ। ਇਹ ਵੇਖਣ 'ਚ ਲੰਮੀ ਗਲਹਿਰੀ ਦੀ ਤਰ੍ਹਾਂ ਲਗਦਾ ਹੈ। ਇਹ ਇਕੱਲਾ ਨਹੀਂ ਰਹਿੰਦਾ, ਸਗੋਂ ਪੂਰੇ ਦਾ ਪੂਰਾ ਕੁਨਬਾ ਇਕੱਠਾ ਰਹਿੰਦਾ ਹੈ। ਇਸ ਦੀ ਰਹਿਣ ਵਾਲੀ ਜਗ੍ਹਾ ਡੂੰਘੀਆਂ ਖੁੱਡਾਂ ਦੇ ਰੂਪ ਵਿਚ ਹੁੰਦੀ ਹੈ। ਅਜਿਹਾ ਆਪਣੀ ਬਸਤੀ ਦੀ ਚੰਗੇ ਢੰਗ ਨਾਲ ਪਹਿਰੇਦਾਰੀ ਕਰਨ ਹਿੱਤ ਕੀਤਾ ਜਾਂਦਾ ਹੈ। ਇਸ ਦੀ ਖ਼ੁਰਾਕ ਵਿਚ ਕੀੜੇ ਮਕੌੜੇ, ਮੱਕੜੀਆਂ, ਮੋਟੀਆਂ ਸੁੰਡੀਆਂ, ਫਲ ਆਦਿ ਸ਼ਾਮਲ ਹਨ। ਪੇਟ ਭਰ ਜਾਣ ਬਾਅਦ ਇਹ ਪਿਛਲੇ ਪੈਰਾਂ ਭਾਰ ਬੈਠ ਜਾਂਦਾ ਹੈ। ਇਸ ਦੀਆਂ ਅੱਖਾਂ ਇਸ ਸਮੇਂ ਬੰਦ ਰਹਿੰਦੀਆਂ ਹਨ। ਵੇਖਣ ਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਪੇਟ ਭਰਨ ਬਾਅਦ ਇਹ ਸੁਸਤਾ ਰਿਹਾ ਹੈ। ਆਪਣੇ ਸਰੀਰਕ ਹਾਵ-ਭਾਵ ਅਤੇ ਆਵਾਜ਼ ਤੋਂ ਇਹ ਦੂਜੇ ਮੈਂਬਰਾਂ ਨੂੰ ਕਿਸੇ ਵੀ ਖ਼ਤਰੇ ਬਾਰੇ ਸੁਚੇਤ ਕਰ ਦਿੰਦਾ ਹੈ।

## ਆਸਟ੍ਰੇਲੀਅਨ ਡ੍ਰੈਗਨ



**ਇਹ** ਵੱਡੀ ਛਿਪਕਲੀ ਆਸਟਰੇਲੀਆ ਦੇ ਮੱਧ ਪੂਰਬ ਦੇ ਸੰਘਣੇ ਜੰਗਲਾਂ ਵਿਚ ਪਾਈ ਜਾਂਦੀ ਹੈ। ਇਸ ਜੀਵ ਦੀਆਂ ਕੁੱਝ ਵਿਸ਼ੇਸ਼ਤਾਵਾਂ ਮੀਜ਼ੋਟਿਕ ਕਾਲ ਦੇ ਡਾਇਨਾਸੋਰਾਂ ਨਾਲ ਮਿਲਦੀਆਂ ਹਨ। ਇਸ ਦੀ ਲੰਬਾਈ 90 ਸੈਂਟੀਮੀਟਰ ਦੇ ਆਸ ਪਾਸ ਹੁੰਦੀ ਹੈ। ਇਸ ਦੀ ਚਮੜੀ 'ਚ ਇਕ ਅਜਿਹੀ ਤਹਿ ਹੁੰਦੀ ਹੈ, ਜਿਸ ਨੂੰ ਇਹ ਜ਼ਰੂਰਤ ਪੈਣ 'ਤੇ ਫੈਲਾਅ ਲੈਂਦੀ ਹੈ। ਕਿਸੇ ਤਰ੍ਹਾਂ ਦਾ ਖ਼ਤਰਾ ਮਹਿਸੂਸ ਹੁੰਦੇ ਹੀ ਇਹ ਆਪਣਾ ਮੂੰਹ ਖੋਲ੍ਹ ਕੇ ਚਮੜੀ ਦੀ ਇਸ ਤਹਿ ਨੂੰ ਫੈਲਾਉਂਦੀ ਹੈ ਅਤੇ ਇਕ ਖ਼ਤਰਨਾਕ ਰੂਪ ਧਾਰ ਲੈਂਦੀ ਹੈ। ਨਾਲ ਹੀ ਇਸ ਦਾ ਰੰਗ ਗੂੜ੍ਹੇ ਭੂਰੇ ਤੋਂ ਬਦਲ ਕੇ ਪੀਲਾ ਸੰਤਰੀ ਧਾਰੀਦਾਰ ਹੋ ਜਾਂਦਾ ਹੈ। ਇਹ ਛਿਪਕਲੀ ਦਰੱਖਤਾਂ ਆਦਿ ਦੇ ਰਹਿਣਾ ਜ਼ਿਆਦਾ ਪਸੰਦ ਕਰਦੀ ਹੈ ਅਤੇ ਛੋਟੇ-ਛੋਟੇ ਜੀਵਾਂ ਅਤੇ ਪੰਛੀਆਂ ਦੇ ਆਂਡਿਆਂ ਨੂੰ ਆਪਣਾ ਭੋਜਨ ਬਣਾਉਂਦੀ ਹੈ।

## ਰੀਆ



**ਇਹ** ਇਕ ਨਾ ਉੱਡ ਸਕਣ ਵਾਲਾ ਪੰਛੀ ਹੈ। ਇਹ ਸ਼ਤਰਮੁਰਗ ਨਾਲ ਕਾਫ਼ੀ ਮਿਲਦਾ ਹੈ। ਇਸ ਨੂੰ ਦੱਖਣੀ ਅਫਰੀਕਾ ਦਾ ਸ਼ਤਰਮੁਰਗ ਵੀ ਆਖਿਆ ਜਾਂਦਾ ਹੈ। ਇਸ ਦੀ ਉਚਾਈ 7-8 ਫੁੱਟ ਤਕ ਹੁੰਦੀ ਹੈ, ਛਾਤੀ ਕਾਲੀ, ਰੰਗ ਭੂਰਾ ਅਤੇ ਗਰਦਨ ਪੀਲੀ ਹੁੰਦੀ ਹੈ। ਇਸ ਦੇ ਪੈਰਾਂ ਦੀਆਂ 3-3 ਉਂਗਲੀਆਂ ਹੁੰਦੀਆਂ ਹਨ। ਫਲ, ਫੁੱਲ ਅਤੇ ਛਿਪਕਲੀ ਇਸ ਦਾ ਮੁੱਖ ਭੋਜਨ ਹੈ। ਮਾਦਾ ਇਕੋ ਸਮੇਂ 5 ਤੋਂ 10 ਆਂਡੇ ਦਿੰਦੀ ਹੈ। ਇਸ ਪੰਛੀ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ। ਇਹ ਆਪਣੇ ਦੁਸ਼ਮਣ ਨੂੰ ਵੇਖਦੇ ਹੀ ਚੇਤੰਨ ਹੋ ਜਾਂਦਾ ਹੈ। ਇਹ ਉੱਡ ਨਹੀਂ ਸਕਦਾ, ਪਰ ਦੌੜਦਾ ਬਹੁਤ ਤੇਜ਼ ਹੈ। ਇਹ 25 ਤੋਂ 30 ਸਾਲ ਤਕ ਜੀਵਤ ਰਹਿ ਸਕਦਾ ਹੈ।

## ਸਫ਼ੈਦ ਸ਼ਾਰਕ



**ਇਹ** ਸਮੁੰਦਰ 'ਚ ਵਿਚਰਨ ਵਾਲਾ ਅਜਿਹਾ ਜੀਵ ਹੈ, ਜਿਸ ਦਾ ਮਨੁੱਖ ਤੋਂ ਇਲਾਵਾ ਹੋਰ ਕੋਈ ਦੁਸ਼ਮਣ ਨਹੀਂ ਹੈ, ਇਥੋਂ ਤਕ ਕਿ ਹਿੰਸਕ ਵੇਲ੍ਹ ਵੀ ਇਸ 'ਤੇ ਹਮਲਾ ਨਹੀਂ ਕਰਦੀ। ਇਹ ਸ਼ਾਰਕ ਲਗਪਗ 5 ਤੋਂ 7 ਮੀਟਰ ਤਕ ਲੰਬੀ ਅਤੇ ਭਾਰ ਦੋ ਟਨ ਦੇ ਲਗਪਗ ਹੁੰਦਾ ਹੈ। ਇਹ ਸਮੁੰਦਰ ਦੀ ਸਤ੍ਹਾ ਦੇ ਨਜ਼ਦੀਕ ਰਹਿਣਾ ਪਸੰਦ ਕਰਦੀ ਹੈ। ਕਦੀ ਕਦੀ ਗਹਿਰੇ ਪਾਣੀ 'ਚ ਵੀ ਚਲੀ ਜਾਂਦੀ ਹੈ। ਇਹ ਲਗਾਤਾਰ 15 ਦਿਨਾਂ ਭੁੱਖੀ ਰਹਿ ਸਕਦੀ ਹੈ। ਇਸ ਦੀ ਭੁੱਖ ਕਦੀ ਸ਼ਾਂਤ ਨਹੀਂ ਹੁੰਦੀ, ਬੇਸ਼ੱਕ ਜਿੰਨਾ ਮਰਜ਼ੀ ਖਾ ਲਵੇ। ਆਪਣੇ ਭੋਜਨ ਦੇ ਰੂਪ 'ਚ ਇਹ ਕਿਸੇ ਵੀ ਜਿਉਂਦੇ ਜੀਵ ਨੂੰ ਖਾ ਸਕਦੀ ਹੈ। ਇਸਦੇ ਦੰਦ ਸਟੀਲ ਵਾਂਗ ਮਜ਼ਬੂਤ ਹੁੰਦੇ ਹਨ।

ਬਾਲ ਕਹਾਣੀ

# ਮਿੱਠੇ ਬੋਲ

*ਸਾਨੂੰ ਹਮੇਸ਼ਾ ਮਿੱਠਾ ਬੋਲਣਾ ਚਾਹੀਦਾ ਹੈ। ਕਿਸੇ ਨੂੰ ਬੋਲ-ਕੁਬੋਲ ਨਹੀਂ ਬੋਲਣੇ ਚਾਹੀਦੇ। ਆਓ ਜਾਣੀਏ ਅੱਜ ਦੀ ਕਹਾਣੀ ਕੀ ਸਿਖਾਉਂਦੀ ਹੈ...*

ਜਸਪਾਲ
81469-48616



ਦੋ ਸਹੇਲੀਆਂ 'ਚੋਂ ਇਕ ਦਾ ਨਾਂ ਸਹਿਜਪ੍ਰੀਤ ਤੇ ਦੂਜੀ ਦਾ ਨਾਂ ਸੁਖਮਨੀ ਸੀ। ਦੋਵੇਂ ਚੌਥੀ ਜਮਾਤ 'ਚ ਪੜ੍ਹਦੀਆਂ ਸਨ। ਪੜ੍ਹਨ 'ਚ ਦੋਵੇਂ ਬਹੁਤ ਹੁਸ਼ਿਆਰ ਸਨ। ਕਲਾਸ 'ਚ ਸਹਿਜਪ੍ਰੀਤ ਹਮੇਸ਼ਾ ਪਹਿਲੇ ਨੰਬਰ ਅਤੇ ਸੁਖਮਨੀ ਦੂਜੇ ਨੰਬਰ 'ਤੇ ਆਉਂਦੀ ਸੀ। ਦੋਵਾਂ ਦਾ ਆਪਸ 'ਚ ਬਹੁਤ ਪਿਆਰ ਸੀ। ਉਹ ਇਕੱਠੀਆਂ ਖੇਡਦੀਆਂ ਤੇ ਪੜ੍ਹਦੀਆਂ ਸਨ ਪਰ ਦੋਵਾਂ 'ਚ ਫ਼ਰਕ ਸੀ ਕਿ ਸਹਿਜਪ੍ਰੀਤ ਸਾਰਿਆਂ ਨਾਲ ਪਿਆਰ ਨਾਲ ਬੋਲਦੀ ਪਰ ਸੁਖਮਨੀ ਉਸ ਦੇ ਬਿਲਕੁਲ ਉਲਟ ਸੀ। ਕਿਉਂਕਿ ਉਸ ਦੀ ਜ਼ੁਬਾਨ 'ਚੋਂ ਕਦੇ ਮਿੱਠੇ ਬੋਲ ਨਹੀਂ ਨਿਕਲੇ। ਸਹਿਜਪ੍ਰੀਤ ਉਸ ਨੂੰ ਬਹੁਤ ਸਮਝਾਉਂਦੀ ਕਿ ਮਿੱਠਾ ਬੋਲਣ ਨਾਲ ਕੁੱਝ ਨਹੀਂ ਘਟਦਾ ਸਗੋਂ ਜਿਹੜਾ ਮਿੱਠਾ ਬੋਲਦਾ ਹੈ ਉਸ ਦੀ ਹਰ ਜਗ੍ਹਾ ਤਾਰੀਫ਼ ਹੁੰਦੀ ਹੈ।

ਸੁਖਮਨੀ ਕਿਸੇ ਦੀ ਗੱਲ ਨਾ ਮੰਨਦੀ ਤੇ ਇਸੇ ਤਰ੍ਹਾਂ ਰੁੱਖਾ ਬੋਲਦੀ। ਚੌਥੀ ਜਮਾਤ ਦੇ ਪੇਪਰ ਸ਼ੁਰੂ ਹੋ ਗਏ ਉਹ ਦੋਵੇਂ ਇਕੱਠੀਆਂ ਦਿਲ ਲਗਾ ਕੇ ਪੜ੍ਹਦੀਆਂ। ਦੋਵਾਂ ਦਾ ਜਦੋਂ ਨਤੀਜਾ ਆਇਆ ਤਾਂ ਸਹਿਜਪ੍ਰੀਤ ਪਹਿਲੇ ਨੰਬਰ 'ਤੇ ਆਈ ਤੇ ਸੁਖਪ੍ਰੀਤ ਦੂਜੇ ਨੰਬਰ 'ਤੇ। ਅਧਿਆਪਕਾਂ ਵੱਲੋਂ ਦੋਵਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ। ਪੰਜਵੀਂ ਜਮਾਤ 'ਚ ਵੀ ਉਹ ਆਪਣੀ ਪੜ੍ਹਾਈ 'ਤੇ ਧਿਆਨ ਦਿੰਦੀਆਂ। ਇਕ ਦਿਨ ਅਚਾਨਕ ਸੁਖਮਨੀ ਨੂੰ ਬੁਖ਼ਾਰ ਚੜ੍ਹ ਗਿਆ। ਜਿਸ ਕਾਰਨ ਉਹ ਸਕੂਲ ਨਾ ਗਈ। ਉਸ ਦੀਆਂ ਸਕੂਲ ਤੋਂ ਕਾਫ਼ੀ ਛੁੱਟੀਆਂ ਹੋ ਰਹੀਆਂ ਸਨ। ਜਦੋਂ ਅਧਿਆਪਿਕਾ ਨੇ ਸਹਿਜ ਤੋਂ ਪੁੱਛਿਆ ਕਿ ਸੁਖਮਨੀ ਸਕੂਲ ਕਿਉਂ ਨਹੀਂ ਆਉਂਦੀ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਕਾਫ਼ੀ ਬੁਖ਼ਾਰ ਹੈ। ਜਦੋਂ ਸਹਿਜਪ੍ਰੀਤ ਸੁੱਖਪ੍ਰੀਤ ਦੇ ਘਰ ਗਈ ਤਾਂ ਉਸ ਦੀ ਬੁਖ਼ਾਰ ਨਾਲ ਹੋਈ ਖ਼ਰਾਬ ਹਾਲਤ ਦੇਖ ਉਸ ਕੋਲ ਰਹਿਣ ਦਾ ਫ਼ੈਸਲਾ ਕੀਤਾ ਤੇ ਕਿਹਾ ਮੈਂ ਤੇਰੇ ਨਾਲ ਹਾਂ, ਡਰ ਨਾ! ਆਪਾਂ ਬੁਖ਼ਾਰ ਨੂੰ ਹਰਾ ਦੇਵਾਂਗੇ।

ਉਸ ਦਿਨ ਤੋਂ ਸਹਿਜਪ੍ਰੀਤ ਨੇ ਉਸ ਦੀ ਕਾਫ਼ੀ ਸੇਵਾ ਕੀਤੀ ਤੇ ਸਾਰਾ ਦਿਨ ਕਾਫ਼ੀ ਹਾਸਾ-ਮਜ਼ਾਕ ਕਰਦੀਆਂ।

ਹੁਣ ਸੁੱਖਪ੍ਰੀਤ ਦੀ ਸਿਹਤ 'ਚ ਕਾਫ਼ੀ ਸੁਧਾਰ ਆ ਗਿਆ ਸੀ। ਇਕ ਦਿਨ ਸਕੂਲ ਦੇ ਮੁੱਖ ਅਧਿਆਪਕ ਸੁੱਖਮਨੀ ਦਾ ਹਾਲ ਪੁੱਛਣ ਉਸ ਦੇ ਘਰ ਪਹੁੰਚੇ ਤਾਂ ਉਨ੍ਹਾਂ ਪੁੱਛਿਆ ਹੁਣ ਤੇਰਾ ਕੀ ਹਾਲ ਹੈ ਤਾਂ ਉਸ ਨੇ ਸਹਿਜਪ੍ਰੀਤ ਵੱਲ ਇਸ਼ਾਰਾ ਕਰ ਕੇ ਕਿਹਾ ਮੈਨੂੰ ਤਾਂ ਇਸ ਦੇ ਮਿੱਠੇ ਬੋਲਾਂ ਨੇ ਹੀ ਠੀਕ ਕਰ ਦਿੱਤਾ। ਡਾਕਟਰ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕਿਹੜੀ ਦਵਾਈ ਦੇਵੇ ਪਰ ਸਹਿਜ ਦੇ ਮਿੱਠੇ ਬੋਲ ਹੀ ਮੇਰੇ ਬੁਖ਼ਾਰ ਦੀ ਦਵਾਈ ਦਾ ਕੰਮ ਕਰ ਗਏ। ਸਾਰਿਆਂ ਨੇ ਸਹਿਜ ਨੂੰ ਸ਼ਾਬਾਸ਼ ਦਿੱਤੀ ਤੇ ਸੁੱਖਪ੍ਰੀਤ ਨੇ ਵੀ ਮਿੱਠੀ ਬੋਲੀ ਬੋਲਣ ਦਾ ਵਾਅਦਾ ਕੀਤਾ।

# ਕਿੱਥੋਂ ਆਇਆ ਇਮੋਜੀ

*ਸ਼ਿਗੇਤਾਕਾ ਕੁਰੀਤਾ ਨੇ 25 ਸਾਲ ਦੀ ਉਮਰ 'ਚ ਇਮੋਜੀ ਦਾ ਸਭ ਤੋਂ ਪਹਿਲਾ ਸੈੱਟ ਬਣਾਇਆ ਸੀ, ਜਿਸ 'ਚ ਲਗਪਗ 176 ਇਮੋਜੀ ਸਨ। ਦਿਲਚਸਪ ਗੱਲ ਇਹ ਹੈ ਕਿ ਫ਼ਾਦਰ ਆਫ ਇਮੋਜੀ ਸ਼ਿਗੇਤਾਕਾ ਕੁਰੀਤਾ ਨਾ ਤਾਂ ਇੰਜੀਨੀਅਰ ਸੀ ਅਤੇ ਨਾ ਹੀ ਕੋਈ ਡਿਜ਼ਾਈਨਰ, ਬਲਕਿ ਉਨ੍ਹਾਂ ਨੇ ਤਾਂ ਅਰਥਸ਼ਸਤਰ ਦੀ ਪੜ੍ਹਾਈ ਕੀਤੀ ਸੀ।*

***ਆਓ ਜਾਣਦੇ ਹਾਂ ਇਮੋਜੀ ਅਤੇ ਸ਼ਿਗੇਤਾਕਾ ਕੁਰੀਤਾ ਨਾਲ ਜੁੜੀਆਂ ਦਿਲਚਸਪ ਗੱਲਾਂ...***




1990 'ਚ ਰੰਗ-ਬਿਰੰਗੇ ਇਮੋਜੀ ਦਾ ਇਸਤੇਮਾਲ ਹੋਣਾ ਸ਼ੁਰੂ ਹੋਇਆ। ਇਕ ਜਾਪਾਨੀ ਟੈਲੀਕਾਮ ਕੰਪਨੀ ਦੇ ਕਰਮਚਾਰੀ ਸ਼ਿਗੇਤਾਕਾ ਕੁਰੀਤਾ ਨੇ ਇਸ ਕੰਪਨੀ ਦੀ ਮੋਬਾਈਲ ਇੰਟਰਨੈੱਟ ਸਰਵਿਸ ਲਈ ਇਮੋਜੀ ਬਣਾਏ ਸੀ। ਇਸ ਮੋਬਾਈਲ ਇੰਟਰਨੈੱਟ 'ਚ ਈਮੇਲ ਭੇਜਣ ਲਈ ਕਿਰਦਾਰਾਂ ਦੀ ਸੰਖਿਆ ਸਿਰਫ਼ 250 ਸੀ ਤਾਂ ਕੁਰੀਤਾ ਨੂੰ ਲੱਗਾ ਕਿ ਘੱਟ ਸ਼ਬਦਾਂ 'ਚ ਆਪਣੀ ਗੱਲ ਕਹਿਣ ਦਾ ਇਮੋਜ਼ੀ ਸਭ ਤੋਂ ਚੰਗਾ ਤਰੀਕਾ ਹੋ ਸਕਦਾ ਹੈ।

ਉਨ੍ਹਾਂ ਨੇ ਮੌਸਮ ਦੇ ਚਿੱਤਰ, ਕਾਮਿਕ ਬੁੱਕ ਨਾਲ ਲਾਈਟ ਬਲਬ ਅਤੇ ਟਿਕਲਿੰਗ ਬੰਬ ਆਦਿ ਤੋਂ ਆਈਡੀਆ ਲੈ ਕੇ ਪਹਿਲਾ ਇਮੋਜ਼ੀ ਸੈੱਟ ਬਣਾਇਆ, ਜਿਸ 'ਚ ਹਾਸਾ, ਦੁੱਖ, ਗੁੱਸਾ, ਸਰਪ੍ਰਾਈਜ਼ ਅਤੇ ਕਨਫਿਊਜ਼ਨ ਦਾ ਭਾਵ ਦਰਸਾਉਣ ਵਾਲੇ ਇਮੋਜੀ ਵੀ ਸ਼ਾਮਿਲ ਸੀ।

### ਜਾਪਾਨ 'ਚ ਪਹੁੰਚਿਆ ਇਮੋਜੀ

ਜਾਪਾਨ 'ਚ ਇਮੋਜੀ ਨੂੰ ਪਸੰਦੀਦਾ ਹੁੰਦਾ ਦੇਖ 2007 'ਚ ਸਭ ਤੋਂ ਪਹਿਲਾਂ ਐਪਲ ਆਈਫੋਨ ਨੇ ਆਪਣੇ ਮੋਬਾਈਲ ਫੋਨ 'ਚ ਇਮੋਜ਼ੀ ਕੀਬੋਰਡ ਨੂੰ ਸ਼ਾਮਲ ਕੀਤਾ ਸੀ, ਜਿਸਨਾਲ ਐੱਮਐੱਸਐੱਮ, ਚੈਟਿੰਗ, ਵਟਸਐਪ ਮੈਸੇਜ ਕਰਨ ਦੌਰਾਨ ਆਪਣੇ ਭਾਵ ਪ੍ਰਗਟ ਕਰਨ ਲਈ ਇਮੋਜੀ ਦਾ ਜ਼ਿਆਦਾ ਇਸਤੇਮਾਲ ਹੋਣ ਲੱਗਾ।

ਕੁਰੀਤਾ ਦੇ ਬਣਾਏ ਇਮੋਜੀ ਦੀ ਪ੍ਰਸਿੱਧਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 2013 'ਚ ਇਮੋਜੀ ਸ਼ਬਦ ਨੂੰ ਔਕਸਫੋਰਡ ਇੰਗਲਿਸ਼ ਡਿਕਸ਼ਨਰੀ 'ਚ ਸ਼ਾਮਲ ਕੀਤਾ ਗਿਆ। ਡਿਕਸ਼ਨਰੀ 'ਚ ਸ਼ਾਮਲ ਹੋਣ ਦੇ ਲਗਪਗ ਦੋ ਸਾਲ ਬਾਅਦ ਹੀ 2015 'ਚ ਇਮੋਜੀ ਨੂੰ ਵਰਲਡ ਆਫ ਦਿ ਯੀਅਰ ਐਲਾਨਿਆ ਗਿਆ ਅਤੇ ਉਸ ਤੋਂ ਬਾਅਦ 2016 'ਚ ਨਿਊਯਾਰਕ ਮਿਊਜ਼ੀਅਮ ਆਫ ਮਾਡਰਨ ਆਰਟ ਨੇ ਆਪਣੇ ਕਲੈਕਸ਼ਨ 'ਚ ਸ਼ਿਗੇਤਾਕਾ ਕੁਰੀਤਾ ਦੇ 176 ਇਮੋਜ਼ੀ ਦੇ ਪਹਿਲੇ ਸੈੱਟ ਨੂੰ ਸ਼ਾਮਲ ਕੀਤਾ। ਹਾਲੀਵੁੱਡ 'ਚ ਇਕ ਐਨੀਮੇਟਡ ਫਿਲਮ ਵੀ ਬਣਾਈ ਗਈ ਹੈ, ਜਿਸ 'ਚ 250 ਇਮੋਜੀ ਨੂੰ ਦਿਖਾਇਆ ਗਿਆ ਹੈ।

### ਇਮੋਜੀ ਦੀ ਸੰਖਿਆ

ਯੂਨੀਕੋਡ ਸਟੈਂਡਰਡ ਲਿਸਟ ਮੁਤਾਬਕ ਹੁਣ ਤਕ 2666 ਇਮੋਜੀ ਬਣਾਏ ਜਾ ਚੁੱਕੇ ਹਨ। ਯੂਨੀਕੋਡ ਕਮੇਟੀ ਮੁਤਾਬਕ ਹਰ ਸਾਲ ਕਈ ਇਮੋਜੀ ਬਣਾਏ ਜਾਂਦੇ ਹਨ।

ਯੂਨੀਕੋਡ ਕੰਸੋਟੀਰੀਅਮ ਇਮੋਜੀ ਲਈ ਪੈਮਾਨਾ ਤਿਆਰ ਕਰਦਾ ਹੈ ਕਿ ਕੀ ਇਮੋਜੀ ਬਣਾਇਆ ਜਾਣਾ ਚਾਹੀਦਾ ਹੈ ਅਤੇ ਕੀ ਨਹੀਂ? ਪਰ ਐਪਲ ਅਤੇ ਗੂਗਲ ਵਰਗੀਆਂ ਵੱਡੀਆਂ ਕੰਪਨੀਆਂ ਆਪਣੇ ਨਿੱਜੀ ਇਮੋਜੀ ਬਣਾਉਣ ਲਈ ਆਜ਼ਾਦ ਹਨ।

### ਰੋਚਕ ਜਾਣਕਾਰੀ

- *ਇਮੋਜੀਪੀਡੀਆ ਦੇ ਫਾਊਂਡਰ ਜੇਰੇਮੀ ਵਰਗ ਨੇ 17 ਜੁਲਾਈ ਨੂੰ ਵਰਲਡ ਇਮੋਜੀ ਡੇਅ ਐਲਾਨ ਕੀਤਾ ਸੀ।*
- *ਪਹਿਲਾ ਇਮੋਜੀ ਡੇਅ 2014 'ਚ ਮਨਾਇਆ ਗਿਆ ਸੀ।*
- *ਫਿਨਲੈਂਡ ਦੁਨੀਆ ਦਾ ਪਹਿਲਾ ਦੇਸ਼ ਹੈ, ਜਿਸ ਨੇ ਆਪਣੀ ਸੰਸਕ੍ਰਿਤੀ ਦੀ ਇਮੋਜੀ ਬਣਾਈ ਹੈ।*
- *2016 'ਚ ਐਪਲ ਕੰਪਨੀ ਨੇ ਆਪਣੀ ਇਮੋਜੀ ਲਿਸਟ 'ਚ ਅਸਲੀ ਪਿਸਤੌਲ ਵਾਲੀ ਇਮੋਜੀ ਨੂੰ ਹਰੇ ਰੰਗ ਦੀ ਪਿਚਕਾਰੀ ਵਾਲੀ ਪਿਸਤੌਲ ਨਾਲ ਬਦਲ ਦਿੱਤਾ ਸੀ।*
- *ਫੇਸਬੁੱਕ ਮੈਸੇਂਜਰ 'ਤੇ ਲਗਪਗ 5 ਬਿਲੀਅਨ ਇਮੋਜੀ ਹਰ ਦਿਨ ਇਸਤੇਮਾਲ ਕੀਤੇ ਜਾਂਦੇ ਹਨ, ਜਿਸ 'ਚ ਸਭ ਤੋਂ ਜ਼ਿਆਦਾ ਇਸਤੇਮਾਲ ਹੁੰਦਾ ਹੈ ਹੱਸਦੇ-ਹੱਸਦੇ ਅੱਖਾਂ 'ਚੋਂ ਹੰਝੂ ਵਾਲੀ ਸਮਾਇਲੀ ਦਾ।*

# ਕੀ ਤੁਸੀਂ ਜਾਣਦੇ ਹੋ?



1. *ਪੀਲੇ ਦੰਦ ਜ਼ਿਆਦਾ ਚੰਗੇ ਹੁੰਦੇ ਹਨ ਕਿਉਂਕਿ ਦੰਦਾਂ ਦਾ ਕੁਦਰਤੀ ਰੰਗ ਪੀਲਾ ਹੀ ਹੈ। ਦੰਦਾਂ ਨੂੰ ਸਫ਼ੈਦ ਕਰਨ ਦੇ ਚੱਕਰ 'ਚ ਤੁਹਾਡੇ ਦੰਦਾਂ ਨੂੰ ਨੁਕਸਾਨ ਹੋ ਸਕਦਾ ਹੈ।*
2. *ਸਾਡੇ ਸਰੀਰ 'ਚ ਇੰਨਾ ਲੋਹਾ ਹੁੰਦਾ ਹੈ ਕਿ ਇਸ ਨਾਲ ਇਕ ਇੰਚ ਦੀ ਕਿੱਲ ਬਣਾਈ ਜਾ ਸਕਦੀ ਹੈ।*
3. *ਮਨੁੱਖੀ ਸਰੀਰ 'ਚ **25 ਫ਼ੀਸਦੀ** ਹੱਡੀਆਂ ਸਿਰਫ਼ ਉਸ ਦੇ ਪੈਰਾਂ 'ਚ ਹੀ ਹੁੰਦੀਆਂ ਹਨ।*
4. *ਮਨੁੱਖੀ ਸਰੀਰ ਦੀ ਸਭ ਤੋਂ ਮਜ਼ਬੂਤ ਮਾਸਪੇਸ਼ੀ ਜੀਭ ਹੈ।*



5. *ਧਰਤੀ 'ਤੇ ਹਰ ਸਾਲ 500 ਤੋਂ ਵੀ ਜ਼ਿਆਦਾ ਭੁਚਾਲ ਆਉਂਦੇ ਹਨ ਪਰ ਇਸ 'ਚੋਂ ਕਈ ਅਜਿਹੇ ਹੁੰਦੇ ਹਨ ਜੋ ਆਦਮੀ ਮਹਿਸੂਸ ਨਹੀਂ ਕਰ ਸਕਦਾ।*



6. *ਦੁਨੀਆ 'ਚ ਤਿੱਤਲੀਆਂ ਦੀ ਸੰਖਿਆ 24,000 ਹੈ...*



7. *ਜੈਲੀਫਿੱਸ਼ ਦੇ ਸਰੀਰ 'ਚ **95** ਫ਼ੀਸਦੀ ਪਾਣੀ ਹੁੰਦਾ ਹੈ।*
8. *ਦੁਨੀਆ 'ਚ ਹਰ ਸਾਲ 33 ਲੱਖ ਲੋਕ ਸ਼ਰਾਬ ਪੀਣ ਨਾਲ ਮਰਦੇ ਹਨ।*
9. *ਜੇ ਤੁਸੀਂ ਚੰਗੀ ਨੀਂਦ ਨਹੀਂ ਲੈਂਦੇ ਤਾਂ ਭਾਰ ਵਧਣ ਦੀ ਸੰਭਾਵਨਾ ਵੱਧ ਜਾਂਦੀ ਹੈ।*
10. *ਮੁਰਗੀ ਇਕ ਸਾਲ 'ਚ ਲਗਪਗ 260 ਆਂਡੇ ਦਿੰਦੀ ਹੈ।*






11. *ਹਾਥੀ ਪਾਣੀ ਨੂੰ ਪੰਜ ਕਿਲੋਮੀਟਰ ਤੋਂ ਸੁੰਘ ਲੈਂਦਾ ਹੈ।*
12. *ਬਿੱਲੀਆਂ ਇਕ ਦਿਨ 'ਚ 16 ਘੰਟੇ ਸੌਂਦੀਆਂ ਹਨ।*



# ਸਪਾਈਡਰ ਮੰਕੀ



*ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਇਕ ਅਨੋਖੇ ਬਾਂਦਰ ਬਾਰੇ ਦੱਸਾਂਗੇ, ਜਿਸ ਦਾ ਨਾਂ ਹੈ- ਸਪਾਈਡਰ ਮੰਕੀ। ਆਓ ਜਾਣੀਏ ਇਸ ਬਾਰੇ ਰੋਚਕ ਜਾਣਕਾਰੀ ਕਿ ਇਸ ਦਾ ਨਾਂ ਸਪਾਡੀਰ ਮੰਕੀ ਕਿਵੇਂ ਪਿਆ?...*

- ਸਪਾਡੀਰ ਮੰਕੀ ਦੀਆਂ ਸੱਤ ਪ੍ਰਜਾਤੀਆਂ ਉੱਤਰੀ-ਮੈਕਸਿਕੋ ਦੇ ਕੁੱਝ ਹਿੱਸਿਆਂ 'ਚ ਅਤੇ ਮੱਧ ਅਤੇ ਦੱਖਣੀ ਅਮਰੀਕਾ 'ਚ ਮਿਲਦੀਆਂ ਹਨ।
- ਨਰ ਅਤੇ ਮਾਦਾ ਸਪਾਈਡਰ ਮੰਕੀ ਦਿਖਾਈ ਦੇਣ 'ਚ ਇਕ ਤਰ੍ਹਾਂ ਦੇ ਲੱਗਦੇ ਹਨ। ਇਸ ਦੇ ਸਰੀਰ ਦਾ ਰੰਗ ਲਾਲ, ਸੁਨਿਹਰਾ, ਕਾਲਾ, ਭੂਰਾ ਤੇ ਬਾਦਾਮੀ ਹੁੰਦੀ ਹੈ। ਹੱਥ ਅਤੇ ਪੈਰ ਦਾ ਰੰਗ ਕਾਲਾ ਹੁੰਦਾ ਹੈ। ਚਿਹਰੇ ਨੂੰ ਛੱਡ ਇਨ੍ਹਾਂ ਦੇ ਸਰੀਰ 'ਤੇ ਪਤਲੇ ਫਰ ਹੁੰਦੇ ਹਨ।
- ਭੋਜਨ ਦੇ ਰੂਪ 'ਚ ਇਹ ਫਲ, ਬੀਜ, ਪੰਛੀਆਂ ਦੇ ਆਂਡੇ ਅਤੇ ਕੀੜੇ-ਮਕੌੜੇ ਖਾਂਦੇ ਹਨ।
- ਸਪਾਈਡਰ ਮੰਕੀ ਆਪਣੀ ਪੂੰਛ ਦਾ ਇਸਤੇਮਾਲ ਦਰੱਖ਼ਤ ਦੇ ਤਣਿਆਂ ਨੂੰ ਫੜਨ ਲਈ ਕਰਦਾ ਹੈ।
- ਇਸ ਦੀ ਪੂੰਛ ਕਾਫ਼ੀ ਲੰਬੀ ਹੁੰਦੀ ਹੈ। ਇਹ ਆਪਣੀ ਪੂੰਛ ਅਤੇ ਹੱਥਾਂ ਦੀ ਸਹਾਇਤਾ ਨਾਲ ਵੱਖ-ਵੱਖ ਤਣਿਆਂ ਨੂੰ ਫੜਦਾ ਹੈ ਤਾਂ ਉਸ ਦਾ ਆਕਾਰ ਕਿਸੇ ਮੱਕੜੀ ਵਰਗਾ ਨਜ਼ਰ ਆਉਂਦਾ ਹੈ। ਇਹ ਹੀ ਕਾਰਨ ਹੈ ਕਿ ਇਸ ਨੂੰ ਸਪਾਈਡਰ ਮੰਕੀ ਕਿਹਾ ਜਾਂਦਾ ਹੈ।
- ਸਪਾਡੀਰ ਮੰਕੀ ਆਪਣੇ ਜੀਵਨ ਦਾ ਜ਼ਿਆਦਾਤਰ ਸਮਾਂ ਦਰੱਖ਼ਤਾਂ 'ਤੇ ਹੀ ਕੱਟਦੇ ਹਨ। ਇਹ 20 ਤੋਂ 40 ਦੇ ਸਮੂਹ 'ਚ ਰਹਿੰਦੇ ਹਨ। ਇਨ੍ਹਾਂ ਦਾ ਜੀਵਨਕਾਲ ਔਸਤਨ 22 ਤੋਂ 25 ਸਾਲ ਤਕ ਹੁੰਦਾ ਹੈ।

# ਗੂਗਲ

*ਦੁਨੀਆ ਦਾ ਸਭ ਤੋਂ ਵੱਡੇ ਸਰਚ ਇੰਜਣ ਗੂਗਲ ਬਾਰੇ ਕਈ ਅਜਿਹੇ ਤੱਤ ਹਨ ਜਿਨ੍ਹਾਂ ਬਾਰੇ ਤੁਸੀਂ ਸ਼ਾਇਦ ਹੀ ਜਾਣਦੇ ਹੋ। ਅਸੀਂ ਅੱਜ ਗੂਗਲ ਦੇ ਨਾਮਕਰਨ ਤੋਂ ਲਾ ਕੇ ਉਸ ਦੀ ਪਹਿਲੀ ਟਵੀਟ ਤਕ ਦੀ ਜਾਣਕਾਰੀ ਦੇਵਾਂਗੇ...*

Google

- ਤੁਹਾਨੂੰ ਸ਼ਾਇਦ ਹੀ ਪਤਾ ਹੋਵੇ ਕਿ ਗੂਗਲ ਦਾ ਅਸਲੀ ਨਾਂ ਬੈਕਰਬ ਹੈ।
- ਗੂਗਲ ਨੂੰ ਆਪਣਾ ਨਾਂ ਦੁਰਘਟਨਾ ਕਾਰਨ ਹੀ ਮਿਲਿਆ ਹੈ। ਇਸ ਦੇ ਸੰਸਥਾਪਕ ਨੇ ਲਿਖਦੇ ਸਮੇਂ ਗਲਤ ਵਰਤਣੀ ਚਲਾ ਦਿੱਤੀ ਜਿਸ 'ਚ 1 ਅੰਕ ਤੋਂ ਬਾਅਦ 100 ਜ਼ੀਰੋ ਸੀ।
- ਇਕ ਖੋਜ ਅਨੁਸਾਰ ਗੂਗਲ 'ਤੇ ਹਰ ਮਿੰਟ 'ਚ 2 ਮਿਲੀਅਨ ਖੋਜਾਂ ਕੀਤੀਆਂ ਜਾਂਦੀਆਂ ਹਨ।
- ਹਰ ਦਿਨ ਗੂਗਲ 'ਤੇ 16 ਫ਼ੀਸਦੀ ਅਜਿਹੀਆਂ ਖੋਜਾਂ ਖੋਜੀਆਂ ਜਾਂਦੀਆਂ ਹਨ ਜੋ ਗੂਗਲ 'ਤੇ ਨਵੀਆਂ ਹੁੰਦੀਆਂ ਹਨ।
- ਗੂਗਲ ਇਮੇਜ਼ 'ਤੇ ਜਦੋਂ ਤੁਸੀਂ atari breakout ਖੋਜ ਕਰਦੇ ਹੋ ਤਾਂ ਤੁਹਾਡੀ ਸਕਰੀਨ 'ਤੇ ਇਕ ਖੇਡ ਦਿਖਾਈ ਦੇਵੇਗੀ।
- ਗੂਗਲ ਦੀ ਮੇਲ ਜੀਮੇਲ ਨੂੰ ਇਕ ਅਪ੍ਰੈਲ 2004 ਨੂੰ ਲਾਂਚ ਕੀਤਾ ਗਿਆ ਸੀ।
- ਇਹ ਹਰ ਸਾਲ 20 ਬਿਲੀਅਨ ਡਾਲਰ ਸਿਰਫ਼ ਵਿਗਿਆਪਨ ਤੋਂ ਪ੍ਰਾਪਤ ਕਰਦਾ ਹੈ।
- ਗੂਗਲ ਮੈਪ ਪਾਣੀ ਅੰਦਰ ਵੀ ਆਪਣੀਆਂ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ। ਜਿਸ ਨੂੰ ਤੁਸੀਂ ਅੰਡਰ ਵਾਟਰ ਸੀ ਲਾਈਫ਼, ਕੋਰਲ ਰੀਫ਼ ਨੂੰ ਗੂਗਲ ਮੈਪ ਦੀ ਸਹਾਇਤਾ ਨਾਲ ਦੇਖ ਸਕਦੇ ਹੋ।
- ਗੂਗਲ ਨੇ ਆਪਣਾ ਪਹਿਲਾ ਟਵੀਟ ਬਾਇਨਰੀ ਭਾਸ਼ਾ 'ਚ ਕੀਤਾ ਸੀ।

# ਐੱਨਸੀਸੀ ਦਾ ਮੰਤਵ ਏਕਤਾ ਤੇ ਅਨੁਸ਼ਾਸਨ

*ਬੱਚਿਓ! ਕੀ ਤੁਸੀਂ ਜਾਣਦੇ ਹੋ ਕਿ ਐੱਨਸੀਸੀ ਦਾ ਦਿਨ ਹਰ ਸਾਲ ਨਵੰਬਰ ਮਹੀਨੇ ਦੇ ਚੌਥੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਇਸ ਦੀ ਸਥਾਪਨਾ 15 ਜੁਲਾਈ, 1848 ਨੂੰ ਕੀਤੀ ਗਈ। ਆਓ ਅੱਜ ਅਸੀਂ ਤੁਹਾਨੂੰ ਇਸ ਬਾਰੇ ਜਾਣਕਾਰੀ ਦੇਈਏ ਕਿ ਇਸ ਦਾ ਸਾਡੇ ਜੀਵਨ 'ਚ ਕੀ ਯੋਗਦਾਨ ਹੈ?*

ਗੁਰਫ਼ਤਿਹ ਸਿਘ
70874-94070



ਐੱਨਸੀਸੀ ਦਿਵਸ 'ਤੇ ਵਿਸ਼ੇਸ਼

ਪਹਿਲੇ ਵਿਸ਼ਵ ਯੁੱਧ (1914 ਤੋਂ 17) ਦੇ ਕਾਰਨ ਬ੍ਰਿਟਿਸ਼ ਫ਼ੌਜ ਵਿਚ ਸੈਨਿਕਾਂ ਦੀ ਕਮੀ ਨੂੰ ਮਹਿਸੂਸ ਕੀਤਾ ਗਿਆ। ਬ੍ਰਿਟਿਸ਼ ਸ਼ਾਸਕ ਭਾਰਤੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੈਨਿਕ ਸਿਖਲਾਈ ਦੇਣਾ ਚਾਹੁੰਦੇ ਸੀ, ਜਿਸ ਨਾਲ ਉਨ੍ਹਾਂ ਦੀ ਫ਼ੌਜ ਲਈ ਚੰਗੇ ਅਫ਼ਸਰ ਅਤੇ ਸੈਨਿਕ ਮਿਲਦੇ ਰਹਿਣ। ਇਸ ਉਦੇਸ਼ ਨੂੰ ਧਿਆਨ ਵਿਚ ਰੱਖ ਕੇ 1917 ਨੂੰ ਯੂਨੀਵਰਸਿਟੀ ਕੋਰ (ਯੂਸੀ) ਦੀ ਸਥਾਪਨਾ ਕੀਤੀ ਗਈ।

- ਯੂਨੀਵਰਸਿਟੀ ਕੋਰ ਦਾ ਪਹਿਲਾ ਟਰੁੱਪ (ਦਸਤਾ) ਕਲਕੱਤਾ ਯੂਨੀਵਰਸਿਟੀ ਨੇ 3 ਨਵੰਬਰ 1917 ਨੂੰ ਸਥਾਪਿਤ ਕੀਤਾ।
- 1920 ਵਿਚ ਭਾਰਤੀ ਪ੍ਰਦੇਸ਼ਕ ਐਕਟ ਦੇ ਪਾਸ ਹੋਣ ਕਰਕੇ ਯੂਨੀਵਰਸਿਟੀ ਕੋਰ ਦੀ ਜਗ੍ਹਾ ਯੂਨੀਵਰਸਿਟੀ ਟ੍ਰੇਨਿਗ ਕੋਰ (ਯੂਟੀਸੀ) ਨੇ ਲੈ ਲਈ।
- 1942 ਵਿਚ ਯੂਟੀਸੀ ਦਾ ਨਾਂ ਬਦਲਕੇ ਯੂਨੀਵਰਸਿਟੀ ਅਫ਼ਸਰ ਟ੍ਰੇਨਿਗ ਕੋਰ (ਯੂਓਟੀਸੀ) ਰੱਖਿਆ ਗਿਆ। ਪ੍ਰੰਤੂ ਇਸ ਸੰਗਠਨ ਦਾ ਦਾਇਰਾ ਸੀਮਤ ਸੀ। ਯੂਓਟੀਸੀ ਦਾ ਉਦੇਸ਼ ਯੂਟੀਸੀ ਦੇ ਮਿਆਰ ਨੂੰ ਉੱਚਾ ਚੁੱਕਣਾ ਅਤੇ ਯੁਵਕਾਂ ਵਿਚ ਇਸ ਨੂੰ ਹੋਰ ਆਕਰਸ਼ਿਤ ਬਣਾਉਣਾ ਸੀ।

### ਉਦੇਸ਼

1 ਦੇਸ਼ ਦੇ ਨੌਜਵਾਨਾਂ ਵਿਚ ਚਰਿੱਤਰ, ਭਾਈਚਾਰਾ, ਅਨੁਸ਼ਾਸਨ ਅਗਵਾਈ, ਧਰਮਨਿਰਪੱਖ ਸੋਚ, ਰੋਮਾਂਚ, ਨਿਸਵਾਰਥ ਸੇਵਾ ਦੀ ਭਾਵਨਾ ਦਾ ਸੰਚਾਰ ਕਰਨਾ।

2 ਸੰਗਠਿਤ, ਸਿੱਖਿਅਕ, ਪ੍ਰੇਰਿਤ ਯੁਵਕਾਂ ਦੇ ਮਨੁੱਖੀ ਸੰਸਾਧਨਾਂ ਨੂੰ ਤਿਆਰ ਕਰਨਾ, ਜ਼ਿੰਦਗੀ ਦੇ ਹਰੇਕ ਖੇਤਰ ਵਿਚ ਅਗਵਾਈ ਪ੍ਰਦਾਨ ਕਰਨਾ ਅਤੇ ਦੇਸ਼ ਦੀ ਸੇਵਾ ਲਈ ਹਮੇਸ਼ਾ ਤੱਤਪਰ ਰਹਿਣਾ।

3 ਯੁਵਕਾਂ ਨੂੰ ਸੈਨਾ ਵਿਚ ਆਪਣਾ ਕੈਰੀਅਰ ਬਣਾਉਣ ਲਈ ਉਤਸ਼ਾਹਿਤ ਕਰਨ ਲਈ ਉਚਿਤ ਮਾਹੌਲ ਪ੍ਰਦਾਨ ਕਰਨਾ।

### ਮੰਤਵ

ਐੱਨਸੀਸੀ ਦਾ ਮੰਤਵ 'ਏਕਤਾ ਅਤੇ ਅਨੁਸ਼ਾਸਨ' ਹੈ, ਜਿਸਨੂੰ 23 ਦਸੰਬਰ, 1957 ਨੂੰ ਮਾਨਤਾ ਦਿੱਤੀ ਗਈ। ਇਸ ਮੰਤਵ ਨੂੰ ਧਿਆਨ ਵਿਚ ਰੱਖਦੇ ਹੋਏ, ਐੱਨਸੀਸੀ ਦੀ ਕੋਸ਼ਿਸ਼ ਹੈ ਕਿ ਇਹ ਦੇਸ਼ ਦੀ ਸਭ ਤੋਂ ਤਾਕਤਵਰ ਇਕਜੁੱਟ ਸੈਨਾ ਦਾ ਆਧਾਰ ਬਣੇ। ਨੌਜਵਾਨਾਂ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਬੁਲਾ ਕੇ ਇਕ ਦੂਜੇ ਦੇ ਨੇੜੇ ਲਿਆਉਣਾ ਅਤੇ ਉਨ੍ਹਾਂ ਨੂੰ ਦੇਸ਼ ਦਾ ਇਕਜੁੱਟ, ਧਰਮਨਿਰਪੱਖ ਅਤੇ ਅਨੁਸ਼ਾਸਿਤ ਨਾਗਰਿਕ ਬਣਾਉਣਾ ਹੈ।


# ਬਾਲ ਕੈਨਵਸ



ਨਾਂ : **ਬਲਵਿੰਦਰ ਸਿੰਘ**
ਜਮਾਤ : ਸੱਤਵੀਂ
ਪਤਾ : ਸ. ਸੀ. ਸੈ. ਸਕੂਲ, ਜਲੰਧਰ।



ਨਾਂ : **ਮੋਹਿਤ ਮਨੀ**
ਜਮਾਤ : ਅੱਠਵੀਂ
ਪਤਾ : ਲਿਟਲ ਫਲਾਵਰ ਕਾਨਵੈਂਟ ਸਕੂਲ, ਦੀਨਾਨਗਰ।




ਨਾਂ : **ਰੀਤਿਕਾ ਵਰਮਾ**
ਜਮਾਤ : ਛੇਵੀਂ
ਪਤਾ : ਸਰਸਵਤੀ ਮਾਡਲ ਸਕੂਲ, ਲੁਧਿਆਣਾ।




ਨਾਂ : **ਪ੍ਰਿਤਪਾਲ**
ਜਮਾਤ : ਚੌਥੀ
ਪਤਾ : ਸੇਂਟ ਪਾਲ ਕਾਨਵੈਂਟ ਸਕੂਲ, ਦਸੂਹਾ।



ਨਾਂ : **ਲਵਪ੍ਰੀਤ**
ਜਮਾਤ : ਛੇਵੀਂ **ਪਤਾ** : ਗੁਰੂ ਨਾਨਕ ਇੰਟਰਨੈਸ਼ਨਲ ਸਕੂਲ, ਲੁਧਿਆਣਾ।

# ਕੁਰੂਕਸ਼ੇਤਰ ਨੂੰ ਦੁਨੀਆ ਦਾ ਸੱਭ ਤੋਂ ਮਹੱਤਵਪੂਰਨ ਸਥਾਨ ਬਨਾਉਣ ਲਈ ਸਰਕਾਰ ਪ੍ਰਤੀਬੱਧ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**➢ ਕੁਰੁਕਸ਼ੇਤਰ ਵਿੱਚ ਆਯੋਜਿਤ 48 ਕੋਸ ਤੀਰਥ ਸੰਮੇਲਨ ਵਿੱਚ ਮੁੱਖ ਮੰਤਰੀ ਨੇ ਕੀਤੀ ਸ਼ਿਰਕਤ ➢ ਬ੍ਰਜ ਦੀ 84 ਕੋਸੀ ਯਾਤਰਾ ਦੀ ਤਰਜ 'ਤੇ ਕੁਰੁਕਸ਼ੇਤਰ ਵਿੱਚ ਸਥਿਤ ਤੀਰਥਾਂ ਦੀ ਯਾਤਰਾ ਸ਼ੁਰੂ ਕਰਨ ਦਾ ਯਤਨ : ਮੁੱਖ ਮੰਤਰੀ**



**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਕੁਰੂਕਸ਼ੇਤਰ ਨੂੰ ਦੁਨੀਆ ਦਾ ਸੱਭ ਤੋਂ ਗੌਰਵਪੂਰਨ ਸਥਾਨ ਬਣਾਉਣ ਲਈ ਪ੍ਰਤੀਬੱਧ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਮਾਰਗਦਰਸ਼ਨ ਦੇ ਬਾਅਦ ਸਾਲ 2016 ਤੋਂ ਕੁਰੂਕਸ਼ੇਤਰ ਵਿੱਚ ਗੀਤਾ ਮਹੋਤਸਵ ਨੂੰ ਕੌਮਾਂਤਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਸੋਮਵਾਰ ਨੂੰ ਕੁਰੂਕਸ਼ੇਤਰ ਵਿੱਚ ਆਯੋਜਿਤ 48 ਕੋਸ ਤੀਰਥ ਸਮੇਲਨ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਗੀਤਾ ਗਿਆਨ ਸੰਸਥਾਨਮ ਦੇ ਚੇਅਰਮੈਨ ਸਵਾਮੀ ਗਿਆਨਾਨੰਦ ਜੀ ਮਹਾਰਾਜ ਤੋਂ ਇਲਾਵਾ ਧਰਮਖੇਤਰ-ਕੁਰੂਕਸ਼ੇਤਰ ਦੇ ਵੱਖ-ਵੱਖ ਤੀਰਥਾਂ ਦੇ ਪ੍ਰਤੀਨਿਧੀਗਣ ਅਤੇ ਸ਼ਰਧਾਲੂ ਮੌਜੂਦ ਸਨ। ਇਸ ਤੋਂ ਪਹਿਲਾਂ, ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੱਲੋਂ ਕੁਰੂਕਸ਼ੇਤਰ ਦੇ 48 ਕੋਸ ਵਿੱਚ ਆਉਣ ਵਾਲੇ ਤੀਰਥਾਂ ਦੀ ਜਾਣਕਾਰੀ ਦੇਣ ਵਾਲੀ ਪੁਸਤਿਕਾ ਦੀ ਵੀ ਘੁੰਡ ਚੁਕਾਈ ਕੀਤੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਾਰਿਆਂ ਨੂੰ ਗੀਤਾ ਜੈਯੰਤੀ 'ਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਮਹਾਭਾਰਤ ਸਮੇਂ ਵਿੱਚ ਅੱਜ ਹੀ ਦੇ ਦਿਨ ਕੁਰੂਕਸ਼ੇਤਰ ਦੀ ਪਾਵਨ ਧਰਤੀ 'ਤੇ ਭਗਵਾਨ ਸ਼੍ਰੀ ਕ੍ਰਿਸ਼ਣ ਜੀ ਨੇ ਅਰਜੁਨ ਰਾਹੀਂ ਮਨੁੱਖਤਾ ਨੂੰ ਗੀਤਾ ਦਾ ਕਰਮਯੋਗ ਦਾ ਅਰਮ ਸੰਦੇਸ਼ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਧਰਮਖੇਤਰ-ਕੁਰੂਕਸ਼ੇਤਰ ਵਿੱਚ ਪਿਛਲੇ 17 ਦਿਨਾਂ ਤੋਂ ਗੀਤਾ ਪ੍ਰੇਮੀ ਸੱਜਨ ਅਤੇ ਸ਼ਰਧਾਲੂ 10ਵੇਂ ਕੌਮਾਂਤਰੀ ਗੀਤਾ ਮਹੋਤਸਵ ਦਾ ਆਨੰਦ ਲੈ ਰਹੇ ਹਨ। ਇਸ ਤੋਂ ਇਲਾਵਾ ਵੀ ਇੰਨ੍ਹਾਂ ਦਿਨਾਂ ਪੂਰਾ ਹਰਿਆਣਾ ਗੀਤਾਮਈ ਹੈ। ਹਰ ਜਿਲ੍ਹਾ ਵਿੱਚ ਗੀਤਾ ਦੇ ਸਵਰ ਗੂੰਜ ਰਹੇ ਹਨ। ਵੱਖ-ਵੱਖ ਤੀਰਥਾਂ 'ਤੇ ਵੀ ਗੀਤਾ ਮਹੋਤਸਵ ਦੀ ਧੂਮ ਹੈ। ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਇਕੱਠੇ ਮਨਾਇਆ ਜਾਣ ਵਾਲਾ ਇਹ ਮਹੋਤਸਵ ਧਾਰਮਿਕ, ਸਭਿਆਚਾਰਕ, ਕਲਾ ਅਤੇ ਸਭਿਆਚਾਰ ਦਾ ਇੱਕ ਅਨੁਪਮ ਉਦਾਹਰਣ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਰਮਯੋਗੀ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2014 ਵਿੱਚ ਕੁਰੂਕਸ਼ੇਤਰ ਆਗਮਨ ਦੇ ਦੌਰਾਨ ਕਿਹਾ ਸੀ ਕਿ ਕੁਰੂਕਸ਼ੇਤਰ ਨੂੰ ਗੀਤਾ ਸਥਲੀ ਵਜੋ ਪਹਿਚਾਣ ਦਿਵਾਉਣ ਲਈ ਹਰਸੰਭਵ ਯਤਨ ਕੀਤੇ ਜਾਣਗੇ। ਪ੍ਰਧਾਨ ਮੰਤਰੀ ਦੇ ਮਾਰਗਦਰਸ਼ਨ ਦੇ ਬਾਅਦ ਸਾਲ 2016 ਤੋਂ ਗੀਤਾ ਮਹੋਤਸਵ ਨੂੰ ਕੌਮਾਂਤਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਪਿਛਲੇ 25 ਨਵੰਬਰ ਨੂੰ ਪ੍ਰਧਾਨ ਮੰਤਰੀ ਵੀ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਸ਼ਾਮਿਲ ਹੋ ਕੇ ਹਰ ਵਿਅਕਤੀ ਨੂੰ ਗੀਤਾ ਦੇ ਜੁੜਨ ਦਾ ਸੰਦੇਸ਼ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੁਰੂਕਸ਼ੇਤਰ ਦੇ ਕੋਲ ਜੋਤੀਸਰ ਵਿੱਚ ਜਿਸ ਬੋਹੜ ਦੇ ਦਰਖਤ ਦੇ ਹੇਠਾਂ ਭਗਵਾਨ ਸ਼੍ਰੀਕ੍ਰਿਸ਼ਣ ਜੀ ਨੇ ਅਰਜੁਨ ਨੂੰ ਗੀਤਾ ਦਾ ਉਪਦੇਸ਼ ਦਿੱਤਾ ਸੀ। ਉਸ ਸਥਾਨ ਦੇ ਮੁੜ ਨਿਰਮਾਣ ਲਈ ਉਸ ਸਮੇਂ ਦੇ ਪ੍ਰਧਾਨ ਮੰਤਰੀ ਸੁਰਵਗਾਸੀ ਅਟਲ ਬਿਹਾਰੀ ਵਾਜਪੇਯੀ ਨੇ ਸਪੈਸ਼ਲ ਪੈਕੇਜ ਦਿੱਤਾ ਸੀ। ਉਨ੍ਹਾਂ ਨੇ ਦੇਸ਼ ਦੇ ਕਈ ਪ੍ਰਸਿੱਧ ਮੰਦਿਰਾਂ ਦਾ ਉਦਾਹਰਣ ਦਿੰਦੇ ਹੋਏ ਕਿਹਾ ਕਿ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੀ ਲੁਪਤ ਹੋ ਰਹੇ ਤੀਰਥਾਂ ਸਥਾਨਾਂ ਦੇ ਮੁੜ ਨਿਰਮਾਣ ਨੂੰ ਪ੍ਰਾਥਮਿਕਤਾ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਜੋ ਸਮਾਜ ਆਪਣੀ ਸਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਦਾ ਹੈ ਉਹ ਨੌਜਵਾਨ ਪੀੜੀ ਨੂੰ ਚੰਗੇ ਨੈਤਿਕ ਸੰਸਕਾਰ ਦਿੰਦਾ ਹੈ। ਇਸ ਲਈ ਅਸੀਂ ਵੇਦਾਂ, ਪੁਰਾਣਾਂ ਤੇ ਗੀਤਾ ਦੀ ਰਚਨਾਸਥਲੀ ਹਰਿਆਣਾ ਦੀ ਸਭਿਆਚਾਰਕ ਵਿਰਾਸਤ ਨੂੰ ਸਰੰਖਤ ਕਰਨ ਅਤੇ ਉਸ ਨੂੰ ਨਵੀਂ ਪੀੜੀਆਂ ਤੱਕ ਪਹੁੰਚਾਉਣ ਲਈ ਲਗਾਤਾਰ ਕੰਮ ਕਰ ਰਹੇ ਹਨ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਵਿੱਤਰ ਸਰਸਵਤੀ ਅਤੇ ਦ੍ਰਿਸ਼ਟਦੂਤੀ ਨਤੀਆਂ ਦੇ ਵਿੱਚ ਸਥਿਤ ਕੁਰੂਕਸ਼ੇਤਰ ਦੀ 48 ਕੋਸ ਭੂਮੀ ਨੇ 357 ਤੀਰਥ ਸਥਾਨ ਹਨ। ਇਨ੍ਹਾਂ ਵਿੱਚੋਂ ਕੁੱਝ ਲਗਭਗ ਲੁਪਤ ਹੋ ਚੁੱਕੇ ਹਨ। ਅਸੀਂ ਇੰਨ੍ਹਾਂ ਤੀਰਥਾਂ ਦਾ ਮੁੜ ਨਿਰਮਾਣ ਕਰ ਇਨ੍ਹਾਂ ਦੇ ਵੈਭਵ ਨੂੰ ਮੁੜ ਸਥਾਪਿਤ ਕਰਨ ਲਈ ਕ੍ਰਿਤਸੰਕਲਪ ਹਨ। ਸਾਲ 2023 ਵਿੱਚ 48 ਕੋਸ ਕੁਰੂਕਸ਼ੇਤਰ ਭੂਮੀ ਦੇ 164 ਤੀਰਥਾਂ ਦੀ ਲਿਸਟ ਵਿੱਚ ਸਰਵੇਖਣ ਅਤੇ ਦਸਤਾਵੇਜੀਕਰਣ ਦੇ ਬਾਅਦ 18 ਨਵੇਂ ਤੀਰਥਾਂ ਨੂੰ ਜੋੜਿਆ ਗਿਆ ਹੈ। ਇਸ ਨਾਲ ਹੁਣ ਇਸ ਪਵਿੱਤਰ ਭੂਮੀ ਦੇ 182 ਤੀਰਥਾਂ ਦਾ ਦਸਤਾਵੇਜੀਕਰਣ ਹੋ ਚੁੱਕਾ ਹੈ। ਇਹ ਕੰਮ ਹੁਣੀ ਜਾਰੀ ਹੈ ਅਤੇ ਭਵਿੱਖ ਵਿੱਚ ਇਸ ਲਿਸਟ ਵਿੱਚੋਂ ਹੋਰ ਵੀ ਤੀਰਥਾਂ ਦੇ ਜੁੜਨ ਦੀ ਸੰਭਾਵਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਯਤਨ ਹੈ ਕਿ ਬ੍ਰਜ ਦੀ 84 ਕੋਸ ਯਾਤਰਾ ਦੀ ਤਰਜ 'ਤੇ 48 ਕੋਸ ਕੁਰੂਕਸ਼ੇਤਰ ਭੂਮੀ ਵਿੱਚ ਸਥਿਤ ਤੀਰਥਾਂ ਦੀ ਯਾਤਰਾ ਸ਼ੁਰੂ ਕੀਤੀ ਜਾਵੇ। ਧਰਮਖੇਤਰ-ਕੁਰੂਕਸ਼ੇਤਰ ਨੂੰ ਭਗਵਾਨ ਸ਼੍ਰੀਕ੍ਰਿਸ਼ਣ ਜੀ ਦੀ ਨਗਰੀ ਮਥੁਰਾ ਅਤੇ ਧਾਰਮਿਕ ਸਥਾਨ ਹਰੀਦੁਆਰ ਨਾਲ ਜੋੜਨ ਲਈ ਇੰਨ੍ਹਾਂ ਮਾਰਗਾਂ 'ਤੇ ਟ੍ਰੇਨ ਚਲਾਈ ਗਈ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਸਰਕਾਰ ਦੇ ਸੈਰ-ਸਪਾਟਾ ਮੰਤਰਾਲੇ ਵੱਲੋਂ ਸਵਦੇਸ਼ ਦਰਸ਼ਨ ਸਕੀਮ ਤਹਿਤ ਕੁਰੂਕਸ਼ੇਤਰ ਨੂੰ ਸਾਲ 2015 ਵਿੱਚ ਸ਼੍ਰੀਕ੍ਰਿਸ਼ਣ ਸਰਕਿਟ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਸਕੀਮ ਤਹਿਤ ਵੱਖ-ਵੱਖ ਤੀਰਥਾਂ 'ਤੇ ਵਿਕਾਸ ਕੰਮ ਕਰਵਾਏ ਜਾ ਰਹੇ ਹਨ। ਇਸ ਸਰਕਿਟ ਤਹਿਤ 48 ਕੋਸ ਦੇ ਘੇਰੇ ਵਿੱਚ ਸਥਿਤ 134 ਸਥਾਨਾਂ ਦਾ ਸੈਰ-ਸਪਾਟਾ ਸਥਲਾਂ ਵਜੋ ਵਿਕਾਸ ਹੋਵੇਗਾ। ਇਸੀ ਲੜੀ ਵਿੱਚ, ਜੋਤੀਸਰ ਤੀਰਥ ਵਿੱਚ ਮਹਾਭਾਰਤ ਥੀਮ 'ਤੇ ਅਧਾਰਿਤ ਜੋਤੀਸਰ ਅਨੁਭਵ ਕੇਂਦਰ ਦਾ ਉਦਘਾਟਨ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਪਿਛਲੀ 25 ਨਵੰਬਰ ਨੂੰ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਕੁਰੂਕਸ਼ੇਤਰ ਵਿਕਾਸ ਬੋਰਡ ਵੱਲੋਂ ਇਸ ਸਮੇਂ ਕੁਰੂਕਸ਼ੇਤਰ ਦੀ 48 ਕੋਸ ਦੇ ਘੇਰੇ ਵਿੱਚ ਸਥਿਤ ਲਗਭਗ 80 ਤੀਰਥਾਂ 'ਤੇ ਵਿਕਾਸ ਕੰਮ ਚੱਲ ਰਹੇ ਹਨ। ਇਸ ਵਿੱਚ 80 ਕਰੋੜ 55 ਲੱਖ ਰੁਪਏ ਦੀ ਰਕਮ ਨਾਲ ਤੀਰਥ ਸਥਾਨ-ਬ੍ਰਹਮਸਰੋਵਰ, ਜੋਤੀਸਰ ਤੀਰਥ, ਨਰਕਾਤਾਰੀ, ਸੰਨਹਿਤ ਸਰੋਵਰ ਦਾ ਵਿਕਾਸ ਸ਼ਾਮਲ ਹੈ। ਇਸ ਤੋਂ ਇਲਾਵਾ, ਕੁਰੂਕਸ਼ੇਤਰ ਸ਼ਹਿਰ ਦੇ ਇੰਫ੍ਰਾਸਟਕਚਰ ਦਾ ਵਿਕਾਸ ਕਰ ਰਹੇ ਹਨ ਤਾਂ ਜੋ ਇੱਥੇ ਆਉਣ ਵਾਲੇ ਸ਼ਰਧਾਲੂ ਅਤੇ ਸੈਲਾਨੀ ਚੰਗੀ ਯਾਦਾਂ ਲੈ ਕੇ ਜਾਣ।

ਮੁੱਖ ਮੰਤਰੀ ਨੇ ਕਿਹਾ ਕਿ ਗੀਤਾ ਦੀ ਜਨਮ ਸਥਲੀ ਜੋਤੀਸਰ ਵਿੱਚ ਲਗਭਗ 13 ਕਰੋੜ 63 ਲੱਖ ਰੁਪਏ ਦੀ ਲਾਗਤ ਨਾਲ ਲਗਭਗ 40 ਫੁੱਟ ਉੱਚੀ ਵਿਰਾਟ ਸਵਰੂਪ ਪ੍ਰਤਿਮਾ 'ਤੇ ਸਥਾਪਿਤ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਕੁਰੂਕਸ਼ੇਤਰ ਵਿੱਚ ਜਨ-ਜਨ ਦੀ ਆਸਥਾ ਦੇ ਵੱਖ-ਵੱਖ ਕੇਂਦਰ ਸਥਾਪਿਤ ਹੋ ਰਹੇ ਹਨ। ਦੇਸ਼ ਦੇ ਦੂਰ-ਦਰਾਡੇ ਦੇ ਖੇਤਰਾਂ ਵਿੱਚ ਮੰਦਿਰਾਂ ਦੇ ਦਰਸ਼ਨ ਵੀ ਹੁਣ ਕੁਰੂਕਸ਼ੇਤਰ ਵਿੱਚ ਕੀਤੇ ਜਾ ਸਕਦੇ ਹਨ। ਅਸੀਂ ਇੰਨ੍ਹਾਂ ਮੰਦਿਰਾਂ ਦੀ ਸਥਾਪਨਾ ਲਈ ਜਮੀਨ ਅਲਾਟ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਉੱਤਰ ਭਾਰਤ ਦੇ ਇਕਲੌਤੇ ਸ਼੍ਰੀ ਤਿਰੂਪਤੀ ਬਾਲਾਜੀ ਮੰਦਿਰ ਦਾ ਨਿਰਮਾਣ ਹੋ ਚੁੱਕਾ ਹੈ। ਇਸ ਤੋਂ ਇਲਾਵਾ ਜੀਓ ਗੀਤਾ ਸੰਸਥਾਨਮ, ਅਕਸ਼ਰਧਾਮ ਮੰਦਿਰ, ਇਸਕਾਨ ਮੰਦਿਰ ਅਤੇ ਗਿਆਨ ਮੰਦਿਰ ਦਾ ਨਿਰਮਾਣ ਵੀ ਕੀਤਾ ਜਾ ਰਿਹਾ ਹੈ।

ਯਕੀਨੀ ਤੌਰ 'ਤੇ ਇੰਨ੍ਹਾਂ ਸਾਰੀ ਸੰਸਥਾਵਾਂ ਦਾ ਨਿਰਮਾਣ ਪੂਰਾ ਹੋਣ 'ਤੇ ਕੁਰੂਕਸ਼ੇਤਰ ਨੂੰ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ 'ਤੇ ਇੱਕ ਵੱਖ ਪਹਿਚਾਣ ਮਿਲੇਗੀ।

ਇਸ ਮੌਕੇ 'ਤੇ ਗੀਤਾ ਗਿਆਨ ਸੰਸਥਾਨਮ ਦੇ ਚੇਅਰਮੈਨ ਗਿਆਨਾਨੰਦ ਮਹਾਰਾਜ ਨੇ ਗੀਤਾ ਮਹੋਤਸਵ ਨੂੰ ਸਮਾਜਿਕ ਭਾਈਚਾਰੇ ਦਾ ਅਨੋਖਾ ਉਦਾਹਰਣ ਦੱਸਦੇ ਹੋਏ ਕਿਹਾ ਕਿ ਕੁਰੂਕਸ਼ੇਤਰ ਦੇ ਨਾਲ-ਨਾਲ ਮਹਾਭਾਰਤ ਯੁੱਧ ਦੀ ਭੂਮੀ ਰਹੀ 48 ਕੋਸ ਵਿੱਚ ਸੂਬਾ ਸਰਕਾਰ ਦਾ ਵਿਕਾਸ ਦਾ ਸੰਕਲਪ ਸਨਾਤਨ ਵਿੱਚ ਨਵੇਂ ਸੂਰਜ ਦੇ ਚਾਨਣ ਦਾ ਸਨਮਾਨ ਹੈ। ਉਨ੍ਹਾਂ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ 48 ਕੋਸ ਵਿੱਚ ਆਉਣ ਵਾਲੇ ਤੀਰਥ ਸਥਾਨਾਂ ਦੇ ਮੁੜ ਨਿਰਮਾਣ ਕਰਨ ਦਾ ਜੋ ਬੀੜਾ ਚੁੱਕਿਆ ਸੀ, ਮੌਜੂਦਾ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੀ ਸੱਭ ਦੇ ਪ੍ਰਤੀ ਸਦਭਾਵਨਾ ਦਿਖਾਉਂਦੇ ਹੋਏ ਉਸੇ ਸੰਕਲਪ ਨੂੰ ਅੱਗੇ ਵਧਾ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਗੀਤਾ ਸਿਰਫ ਆਸਥਾ ਨਹੀਂ ਸਗੋਂ ਇੱਕ ਪ੍ਰੇਰਣਾ ਹੈ ਜੋ ਲੋਕਾਂ ਨੂੰ ਜੀਵਨ ਜੀਣਾ ਸਿਖਾਉਂਦੀ ਹੈ। ਉਨ੍ਹਾਂ ਨੇ ਕੁਰੂਕਸ਼ੇਤਰ ਨਗਰ ਦੇ ਉਕਤ ਖੇਤਰ ਵਿੱਚ ਆਉਣ ਵਾਲੇ ਤੀਰਥਾਂ ਦੀ ਕਮੇਟੀਆਂ ਦੇ ਪ੍ਰਤੀਨਿਧੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਤੀਰਥ ਦਾ ਆਪਣਾ ਗੌਰਵ ਮਾਨ ਕਰ ਉਨ੍ਹਾਂ ਨੂੰ ਵਿਕਸਿਤ ਕਰਨ, ਸਰੰਖਣ ਕਰਨ। ਉਨ੍ਹਾਂ ਨੇ ਸਾਰਿਆਂ ਨੂੰ ਮੇਰਾ ਤੀਰਥ, ਮੇਰਾ ਗੌਰਵ ਦਾ ਸੰਕਲਪ ਲੈਣ ਲਈ ਪ੍ਰੇਰਿਤ ਕੀਤਾ।

ਮੁੱਖ ਮੰਤਰੀ ਦੇ ਓਐਸਡੀ ਸ੍ਰੀ ਭਾਰਤ ਭੂਸ਼ਣ ਭਾਰਤੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਜਦੋਂ ਕੁਰੂਕਸ਼ੇਤਰ ਲੋਕਸਭਾ ਖੇਤਰ ਤੋਂ ਸਾਂਸਦ ਸਨ ਤਾਂ ਉਸ ਸਮੇਂ ਇੰਨ੍ਹਾਂ ਨੇ 48 ਕੋਸ ਵਿੱਚ ਆਉਣ ਵਾਲੇ ਤੀਰਥਾਂ ਦਾ ਦੌਰਾ ਕਰ ਕੇ ਇੰਨ੍ਹਾਂ ਦੀ ਸਥਿਤੀ ਦਾ ਮੁਲਾਂਕਣ ਕੀਤਾ ਸੀ। ਉਨ੍ਹਾਂ ਨੇ ਸਾਰੇ ਪ੍ਰਤੀਨਿਧੀਆਂ ਨੂੰ ਆਪਣੇ-ਆਪਣੇ ਤੀਰਥ ਸਥਾਨ 'ਤੇ ਸਫਾਈ ਵਿਵਸਥਾ ਨੂੰ ਪ੍ਰਾਥਮਿਕਤਾ ਦੇਣ ਦੀ ਅਪੀਲ ਕੀਤੀ।

ਕੁਰੂਕਸ਼ੇਤਰ ਵਿਕਾਸ ਬੋਰਡ ਦੇ ਮਾਨਦ ਸਕੱਤਰ ਸ੍ਰੀ ਉਪੇਂਦਰ ਸਿੰਘਲ ਨੇ ਬੋਰਡ ਵੱਲੋਂ ਕਰਵਾਏ ਜਾ ਰਹੇ ਕੰਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਉਕਤ ਖੇਤਰ ਤਹਿਤ ਆਉਣ ਵਾਲੇ ਸਾਰੇ ਤੀਰਥਾਂ ਦੇ ਸੁਧਾਰ ਤਹਿਤ ਕਮੇਟੀਆਂ ਦੇ ਪ੍ਰਤੀਨਿਧੀਆਂ ਤੋਂ ਸੁਝਾਅ ਵੀ ਲਏ ਗਏ।

## ਦਿਓਟਸਿੱਧ ਧਾਰਮਿਕ ਸਭਾ ਨੇ ਤੀਜਾ ਵਿਸ਼ਾਲ ਭਗਵਤੀ ਜਾਗਰਨ ਕਰਵਾਇਆ



**ਫਗਵਾੜਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਓਟਸਿੱਧ ਧਾਰਮਿਕ ਸਭਾ ਵੱਲੋਂ ਤੀਜਾ ਵਿਸ਼ਾਲ ਭਗਵਤੀ ਜਾਗਰਨ ਪਾਰਕ ਸਾਹਮਣੇ ਜੇ.ਸੀ.ਟੀ. ਮਿਲ ਸਰਕਾਰ ਲੇਬਰ ਕਾਲੋਨੀ ਫਗਵਾੜਾ ਵਿੱਚ ਵੱਡੀ ਸ਼ਰਧਾ ਅਤੇ ਧੂਮ ਧਾਮ ਨਾਲ ਕਰਵਾਇਆ ਗਿਆ। ਸ਼ਨੀਵਾਰ ਦੁਪਹਿਰ 2:00 ਵਜੇ ਸ਼ੋਭਾ ਯਾਤਰਾ ਨਿਕਾਲੀ ਗਈ। ਸ਼ਾਮ 7:00 ਵਜੇ ਮਹਾਮਾਈ ਦਾ ਭੰਡਾਰਾ ਵੀ ਲਗਾਇਆ ਗਿਆ।

ਮਾਤਾ ਜੀ ਦੀ ਜੋਤ ਜਵਾਲਾ ਮਾਤਾ ਜੀ ਤੋਂ ਲਿਆਂਦੀ ਗਈ ਸੀ ਜਿਸ ਵਿੱਚ ਪੰਜਾਬ ਦੀਆਂ ਮਸ਼ਹੂਰ ਪਾਰਟੀਆਂ ਵਰੁਣ ਮਦਾਨ ਐਂਡ ਪਾਰਟੀ ਜਲੰਧਰ, ਸ਼ਾਹ ਸਿਸਟਰ ਐਂਡ ਪਾਰਟੀ ਨੇ ਮਹਾਮਾਈ ਦੀਆਂ ਸੁੰਦਰ-ਸੁੰਦਰ ਭੇਟਾਂ ਭੇਟਾਂ ਸੁਣਾਈਆਂ— ਓ ਜੰਗਲ ਦੇ ਰਾਜਾ ਮੇਰੀ ਮੈਇਆ ਨੂੰ ਲੈ ਕੇ ਆਜਾ, ਮੈਂ ਆਸ ਦੀ ਜੋਤ ਜਲਾਈ, ਮੇਰੇ ਨੈਨਾਂ ਵਿੱਚ ਮਾਂ ਹੈ ਸਮਾਈ, ਮੇਰੀ ਮੈਇਆ ਦੀਆਂ ਚੁੰਨੀਆਂ ਸਤਰੰਗੀਆਂ, ਦਿਲ ਵਾਲੀ ਪਾਲਕੀ ਤੈਨੂੰ ਮਾਂ ਵਿਠਾਨਾ ਏ, ਚੱਲ ਮੇਰੇ ਨਾਲ ਤੈਨੂੰ ਘਰ ਲੈ ਕੇ ਜਾਣਾ ਏ ਆਦਿ।

ਜੋਤੀ ਪੂਜਨ ਦਿਓਟਸਿੱਧ ਧਾਰਮਿਕ ਸਭਾ ਵੱਲੋਂ ਕੀਤਾ ਗਿਆ। ਝੰਡੇ ਦੀ ਰਸਮ ਵੀ ਕਮੇਟੀ ਦੁਆਰਾ ਅਦਾ ਕੀਤੀ ਗਈ। ਕਮੇਟੀ ਨੇ ਪਹੁੰਚੇ ਹੋਏ ਗਣਮਾਨਿਆਂ ਨੂੰ ਸਨਮਾਨਿਤ ਵੀ ਕੀਤਾ। ਫਗਵਾੜਾ ਨਗਰ ਨਿਗਮ ਦੇ ਮੇਅਰ ਰਾਮਪਾਲ ਉੱਪਲ ਖ਼ਾਸ ਤੌਰ 'ਤੇ ਹਾਜ਼ਰੀ ਲਗਾਉਣ ਪਹੁੰਚੇ। ਇਸ ਮੌਕੇ 'ਤੇ ਪਰਮਜੀਤ ਸਖੂਜਾ, ਰਣਜੀਤ ਸਖੂਜਾ, ਜਸਵਿੰਦਰ ਮੱਕੜ, ਨਵਜੋਤ ਸਿੰਘ, ਅਮਿਤ ਸਖੂਜਾ, ਗਗਨਪ੍ਰੀਤ ਸਿੰਘ, ਰਿਤੇਸ਼ ਕੁਮਾਰ, ਗਗਨ, ਮੋਨੂ, ਅਤੁਲ, ਅਵਤਾਰ, ਆਸ਼ੂ, ਅਮਿਤ, ਇੰਦਰਜੀਤ ਮਨੀ, ਰੋਮੀ, ਵਿਕਾਸ, ਸੁਸ਼ੀਲ ਮੈਣੀ, ਅਰਵਿੰਦਰ ਸਿੰਘ ਗਿੱਲ, ਪਾਰਸ਼ਦ ਪ੍ਰਮੋਦ ਜੋਸ਼ੀ, ਜਸਵਿੰਦਰ ਛੋਟੂ, ਨਵਜੋਤ ਸਿੰਘ, ਸੁਮਿਤ ਸਖੂਜਾ, ਸੋਨੀ, ਆਸ਼ੂ, ਸ਼ਿੰਦਾ, ਸੋਨੂ, ਮੋਨੂ, ਜਤਿਨ, ਸੁਮਿਤ, ਅਨੀਸ਼, ਅਮਿਤ ਆਦਿ ਮੌਜੂਦ ਸਨ।

ਇਸੇ ਤਰ੍ਹਾਂ ਦਿਸ਼ਾਂਤ ਬੈਟਰੀ ਵਾਲਿਆਂ ਵੱਲੋਂ ਵੀ ਫ੍ਰੈਂਡਜ਼ ਕਾਲੋਨੀ ਵਿੱਚ ਮਾਂ ਭਗਵਤੀ ਜਾਗਰਨ ਵੱਡੀ ਸ਼ਰਧਾ ਅਤੇ ਧੂਮਧਾਮ ਨਾਲ ਕਰਵਾਇਆ ਗਿਆ ਜਿਸ ਵਿੱਚ ਜੋਤੀ ਪੂਜਨ ਅਤੇ ਝੰਡੇ ਦੀ ਰਸਮ ਦਿਸ਼ਾਂਤ ਪਰਿਵਾਰ ਵੱਲੋਂ ਕੀਤੀ ਗਈ। ਸੋਨਾ ਬੈਸ ਪਾਰਟੀ ਫਗਵਾੜਾ ਨੇ ਮਹਾਮਾਈ ਦੀਆਂ ਸੁੰਦਰ ਭੇਟਾਂ ਸੁਣਾ ਕੇ ਲੋਕਾਂ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ— ਮੇਰਾ ਤੁਹਾਡੀ ਕਿਰਪਾ ਨਾਲ ਸਭ ਕੰਮ ਹੋ ਰਿਹਾ ਹੈ, ਕਰਦੇ ਹੋ ਤੁਸੀਂ ਕਨ੍ਹਈਆ, ਮੇਰਾ ਨਾਮ ਹੋ ਰਿਹਾ ਹੈ, ਮੈਇਆ ਜੀ ਅਸੀਂ ਨੌਕਰ ਤੇਰੇ, ਜਦ ਨੌਕਰੀ ਕੀਤੀ ਤੇਰੀ ਭਾਗ ਜਾਗ ਗਏ ਆਦਿ। ਮਹਾਮਾਈ ਦਾ ਭੰਡਾਰਾ ਵੀ ਅਟੁੱਟ ਵਰਤਾਇਆ ਗਿਆ।

ਇਸ ਮੌਕੇ 'ਤੇ ਵਿਕਾਸ ਵਰਮਾ, ਅਮਿਤ ਮਲਹੋਤਰਾ, ਅਜੈ ਕੁਮਾਰ, ਤ੍ਰਿਲੋਚਨ ਸਿੰਘ, ਮਨ ?ਸ਼ ਗਿੱਲ, ਮਨਦੀਪ ਬੈਂਸ, ਜਰਨੈਲ ਸਿੰਘ, ਸੋਹਣ ਸਿੰਘ, ਹਰਜਿੰਦਰ ਸਿੰਘ ਨੋਨਾ, ਦੀਪਕ, ਪਾਲੀ, ਰਤਨ ਆਦਿ ਨੇ ਮਹਾਮਾਈ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਜੈ ਮਾਂ ਛੀਨਮਸਤਿਕਾ ਨੌਜਵਾਨ ਧਾਰਮਿਕ ਕਮੇਟੀ ਵੱਲੋਂ 18ਵਾਂ ਵਿਸ਼ਾਲ ਭਗਵਤੀ ਜਾਗਰਨ ਲਾਮੀਆ ਮੋਹੱਲੇ ਵਿੱਚ ਵੱਡੀ ਸ਼ਰਧਾ ਨਾਲ ਕਰਵਾਇਆ ਗਿਆ। ਜੋਤੀ ਪੂਜਨ ਜਤਿਨ ਸ਼ਰਮਾ ਵੱਲੋਂ ਕੀਤਾ ਗਿਆ। ਝੰਡੇ ਦੀ ਰਸਮ ਜੈ ਮਾਂ ਛੀਨਮਸਤਿਕਾ ਧਾਰਮਿਕ ਕਮੇਟੀ ਵੱਲੋਂ ਕੀਤੀ ਗਈ। ਇਸ ਵਿੱਚ ਅਰੁਣ ਰਸੀਲਾ ਐਂਡ ਪਾਰਟੀ ਫਗਵਾੜਾ, ਅਨਿਕਪੁਰੀ ਐਂਡ ਪਾਰਟੀ ਬੰਗਾ ਵਾਲਿਆਂ ਨੇ ਭਾਗ ਲਿਆ। ਤਾਰਾ ਰਾਣੀ ਦੀ ਕਥਾ ਮਹੰਤ ਅਸ਼ੋਕ ਸ਼ਰਮਾ ਫਗਵਾੜਾ ਵੱਲੋਂ ਕੀਤੀ ਗਈ ਅਤੇ ਮਹਾਮਾਈ ਜੀ ਦੀ ਤਾਰਾ ਰਾਣੀ ਦੀ ਕਥਾ ਵਿਸਥਾਰ ਨਾਲ ਲੋਕਾਂ ਨੂੰ ਸੁਣਾਈ ਗਈ। ਲੰਗਰ ਸਾਰੀ ਰਾਤ ਚਲਦਾ ਰਿਹਾ।

ਇਸ ਮੌਕੇ 'ਤੇ ਪ੍ਰਧਾਨ ਸਚਿਨ ਸੋਨੀ, ਦੀਪਕ ਸੋਨੀ, ਤਰੁਣ ਸ਼ਰਮਾ, ਕਰਣ ਸੋਨੀ, ਸੌਰਭ ਸੋਨੀ, ਰਿਕੀ ਸੋਨੀ, ਨਿਵਾ, ਹਾਰਦਿਕ ਸੋਨੀ, ਅਵਨੀ ਸੋਨੀ ਆਦਿ ਅਤੇ ਹੋਰ ਵੀ ਸ਼ਰਧਾਲੂ ਜਾਗਰਨ ਵਿੱਚ ਮੌਜੂਦ ਸਨ।

# ਗੁਰਦਾਸਪੁਰ ਗ੍ਰਨੇਡ ਹਮਲੇ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਦੀ ਗ੍ਰਿਫਤਾਰੀ ਸਦਕਾ ਇੱਕ ਹੋਰ ਅੱਤਵਾਦੀ ਹਮਲਾ ਟਲਿਆ; ਹੈਂਡ ਗ੍ਰਨੇਡ, ਦੋ ਪਿਸਤੌਲ ਬਰਾਮਦ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪਾਕਿਸਤਾਨ ਦੇ ਆਈ.ਐਸ.ਆਈ.-ਸਮਰਥਿਤ ਅੱਤਵਾਦੀ ਨੈੱਟਵਰਕ ਵਿਰੁੱਧ ਵੱਡੀ ਸਫਲਤਾ ਤਹਿਤ ਗੁਰਦਾਸਪੁਰ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ (ਸੀਆਈ) ਵਿੰਗ ਪੰਜਾਬ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਗੁਰਦਾਸਪੁਰ ਗ੍ਰਨੇਡ ਹਮਲੇ ਨਾਲ ਸਬੰਧਤ ਚਾਰ ਮੁਲਜ਼ਮਾਂ ਨੂੰ ਇੱਕ ਪੀ-86 ਹੈਂਡ ਗ੍ਰਨੇਡ ਅਤੇ ਦੋ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਪ੍ਰਦੀਪ ਕੁਮਾਰ ਵਾਸੀ ਹੁਸ਼ਿਆਰਪੁਰ, ਗੁਰਦਿੱਤ ਵਾਸੀ ਗੁਰਦਾਸਪੁਰ, ਨਵੀਨ ਚੌਧਰੀ ਅਤੇ ਕੁਸ਼ ਦੋਵੇਂ ਵਾਸੀ ਤਲਵਾੜਾ (ਹੁਸ਼ਿਆਰਪੁਰ), ਵਜੋਂ ਹੋਈ ਹੈ। ਬਰਾਮਦ ਕੀਤੀਆਂ ਪਿਸਤੌਲਾਂ 2 ਪਿਸਤੌਲਾਂ ਵਿਚ- ਇੱਕ ਜ਼ਿਗਾਨਾ ਅਤੇ ਇੱਕ .32 ਬੋਰ ਸਮੇਤ ਜ਼ਿੰਦਾ ਕਾਰਤੂਸ ਸ਼ਾਮਲ ਹਨ।

ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਬਾਰਡਰ ਰੇਂਜ ਸੰਦੀਪ ਗੋਇਲ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੁਰਦਾਸਪੁਰ ਪੁਲਿਸ ਸਟੇਸ਼ਨ 'ਤੇ ਹੋਏ



ਗ੍ਰਨੇਡ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ਦਾ ਆਈਐਸਆਈ-ਸਮਰਥਿਤ ਗੈਂਗਸਟਰ ਸ਼ਹਿਜ਼ਾਦ ਭੱਟੀ ਅਤੇ ਉਸਦੇ ਸਾਥੀ ਜ਼ੀਸ਼ਾਨ ਅਖਤਰ ਨੇ ਆਪਣੇ ਅਮਰੀਕਾ ਦੇ ਹੈਂਡਲਰ ਅਮਨਦੀਪ ਸਿੰਘ ਉਰਫ਼ ਅਮਨ ਪੰਨੂ, ਜੋ ਗੁਰਦਾਸਪੁਰ ਦਾ ਰਹਿਣ ਵਾਲਾ ਹੈ ਅਤੇ ਡੌਂਕੀ ਰੂਟ ਰਾਹੀਂ ਅਮਰੀਕਾ ਗਿਆ ਸੀ, ਦੀ ਸਹਾਇਤਾ ਨਾਲ ਰਚੀ ਸੀ।

ਉਨ੍ਹਾਂ ਕਿਹਾ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਸ਼ਹਿਜ਼ਾਦ ਭੱਟੀ ਅਤੇ ਜ਼ੀਸ਼ਾਨ ਅਖਤਰ ਦੇ ਨਿਰਦੇਸ਼ਾਂ 'ਤੇ ਅਮਨ ਪੰਨੂ, ਸਰਹੱਦੀ ਸੂਬੇ ਵਿੱਚ ਅੱਤਵਾਦੀ ਹਮਲਿਆਂ ਨੂੰ ਅੰਜਾਮ ਦੇਣ ਲਈ ਕਾਰਕੁੰਨਾਂ ਦੀ ਭਰਤੀ ਵੀ ਕਰ ਰਿਹਾ ਸੀ।

ਇਹ ਜ਼ਿਕਰਯੋਗ ਹੈ ਕਿ ਇਸ ਮਾਡਿਊਲ ਨੇ 25 ਨਵੰਬਰ, 2025 ਨੂੰ ਸ਼ਾਮ 7.30 ਵਜੇ ਦੇ ਕਰੀਬ ਗੁਰਦਾਸਪੁਰ ਸਿਟੀ ਪੁਲਿਸ ਸਟੇਸ਼ਨ 'ਤੇ ਗ੍ਰਨੇਡ ਹਮਲਾ ਕੀਤਾ ਸੀ।

ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਡੀਆਈਜੀ ਨੇ ਕਿਹਾ ਕਿ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਪ੍ਰਦੀਪ ਅਤੇ ਗੁਰਦਿੱਤ ਵਜੋਂ ਪਛਾਣੇ ਗਏ ਦੋ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਨੇ ਪੁਲਿਸ ਸਟੇਸ਼ਨ 'ਤੇ ਗ੍ਰਨੇਡ ਸੁੱਟਣ ਵਾਲੇ ਦੋਸ਼ੀਆਂ - ਹਰਗੁਨ, ਵਿਕਾਸ ਅਤੇ ਮੋਹਨ - ਨੂੰ ਵਿੱਤੀ ਅਤੇ ਲੌਜਿਸਟਿਕਸ ਸਹਾਇਤਾ ਪ੍ਰਦਾਨ ਕੀਤੀ ਸੀ। ਜ਼ਿਕਰਯੋਗ ਹੈ ਕਿ ਦਿੱਲੀ ਪੁਲਿਸ ਵੱਲੋਂ ਦੋ ਦੋਸ਼ੀ ਵਿਅਕਤੀਆਂ ਹਰਗੁਨ ਅਤੇ ਵਿਕਾਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਪ੍ਰਦੀਪ ਅਤੇ ਗੁਰਦਿੱਤ ਨੇ ਨਵੀਨ ਚੌਧਰੀ ਅਤੇ ਕੁਸ਼, ਜਿਨ੍ਹਾਂ ਨੂੰ ਜ਼ੀਸ਼ਾਨ ਅਖਤਰ ਵੱਲੋਂ ਭੇਜੇ ਗਏ ਦੋ ਹੈਂਡ ਗ੍ਰਨੇਡ ਮਿਲੇ ਸਨ, ਦੀ ਭੂਮਿਕਾ ਬਾਰੇ ਖੁਲਾਸਾ ਕੀਤਾ। ਇਨ੍ਹਾਂ ਵਿੱਚ ਇੱਕ ਗ੍ਰਨੇਡ ਉਨ੍ਹਾਂ ਨੇ ਸ਼ਹਿਜ਼ਾਦ ਭੱਟੀ ਦੇ ਨਿਰਦੇਸ਼ਾਂ 'ਤੇ ਗੁਰਦਾਸਪੁਰ ਪੁਲਿਸ ਥਾਣੇ 'ਤੇ ਗ੍ਰਨੇਡ ਸੁੱਟਣ ਵਾਲੇ ਮਾਡਿਊਲ ਨੂੰ ਸੌਂਪ ਦਿੱਤਾ ਸੀ।

ਡੀਆਈਜੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਹ ਦੋਵੇਂ ਮੁਲਜ਼ਮ ਦਹਿਸ਼ਤ ਫੈਲਾਉਣ ਅਤੇ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਲਈ ਇੱਕ ਹੋਰ ਗ੍ਰਨੇਡ ਹਮਲੇ ਦੀ ਯੋਜਨਾ ਬਣਾ ਰਹੇ ਸਨ, ਪਰ ਪੁਲਿਸ ਵੱਲੋਂ ਦੂਸਰੇ ਹੈਂਡ ਗ੍ਰਨੇਡ ਦੀ ਬਰਾਮਦਗੀ ਨਾਲ ਸੰਭਾਵਤ ਹਮਲਾ ਟਲ ਗਿਆ।

ਹੋਰ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਗੁਰਦਾਸਪੁਰ ਆਦਿੱਤਿਆ ਨੇ ਦੱਸਿਆ ਕਿ ਤਕਨੀਕੀ ਅਤੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਟੀਮਾਂ ਨੂੰ ਪਿੰਡ ਜਗਤਪੁਰ ਨੇੜੇ ਸ਼ੱਕੀ ਨਵੀਨ ਚੌਧਰੀ ਅਤੇ ਕੁਸ਼ ਦੀ ਮੌਜੂਦਗੀ ਦਾ ਪਤਾ ਲੱਗਿਆ।

ਉਨ੍ਹਾਂ ਕਿਹਾ ਕਿ ਪਿੰਡ ਜਗਤਪੁਰ ਵਿਖੇ ਨਾਕਾਬੰਦੀ 'ਤੇ ਰੋਕੇ ਜਾਣ 'ਤੇ ਦੋਵਾਂ ਸ਼ੱਕੀਆਂ ਨੇ ਪੁਲਿਸ ਪਾਰਟੀ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਦੇ ਜਵਾਬ ਅਤੇ ਸਵੈ-ਰੱਖਿਆ ਵਿੱਚ ਪੁਲਿਸ ਟੀਮਾਂ ਨੇ ਜਵਾਬੀ ਕਾਰਵਾਈ ਕੀਤੀ ਜਿਸ ਦੇ ਚਲਦਿਆਂ ਨਵੀਨ ਅਤੇ ਕੁਸ਼ ਜ਼ਖਮੀ ਹੋ ਗਏ। ਉਨ੍ਹਾਂ ਅੱਗੇ ਕਿਹਾ ਕਿ ਦੋਵਾਂ ਮੁਲਜ਼ਮਾਂ ਨੂੰ ਤੁਰੰਤ ਡਾਕਟਰੀ ਦੇਖਭਾਲ ਲਈ ਸਥਾਨਕ ਹਸਪਤਾਲ ਵਿੱਚ ਭੇਜ ਦਿੱਤਾ ਗਿਆ ਅਤੇ ਇਸ ਸਮੇਂ ਉਹ ਜ਼ੇਰੇ-ਇਲਾਜ ਹਨ।

ਐਸਐਸਪੀ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਹੈਂਡ ਗ੍ਰਨੇਡ ਅਤੇ ਦੋ ਪਿਸਤੌਲ ਬਰਾਮਦ ਕੀਤੇ ਹਨ। ਇਸ ਘਟਨਾਕ੍ਰਮ ਤੋਂ ਬਾਅਦ ਸਬੰਧਤ ਥਾਂ ਨੂੰ ਸੀਲ ਕਰਕੇ ਇਸਨੂੰ ਸੈਨੇਟਾਈਜ਼ ਕਰਨ ਅਤੇ ਬੰਬ ਨੂੰ ਬੇਅਸਰ ਕਰਨ ਲਈ ਬੰਬ ਡਿਸਪੋਜ਼ਲ ਟੀਮ ਨੂੰ ਬੁਲਾਇਆ ਗਿਆ।

ਇਸ ਸਬੰਧੀ ਥਾਣਾ ਸਿਟੀ ਗੁਰਦਾਸਪੁਰ ਵਿਖੇ ਬੀਐਨਐਸ ਦੀ ਧਾਰਾ 109, 324(4) ਤੇ 111 ਅਤੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਤਹਿਤ ਐਫਆਈਆਰ ਨੰਬਰ 289 ਮਿਤੀ 26/11/2025 ਅਤੇ ਥਾਣਾ ਪੁਰਾਣਾ ਸ਼ਾਲਾ ਵਿਖੇ ਬੀਐਨਐਸ ਦੀ ਧਾਰਾ 109 ਤੇ 111, ਅਸਲਾ ਐਕਟ ਦੀ ਧਾਰਾ 25 ਅਤੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਤਹਿਤ ਐਫਆਈਆਰ ਨੰਬਰ 130 ਮਿਤੀ 1/12/2025 ਤਹਿਤ ਦੋ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

# ਨੈਸ਼ਨਲ ਮੀਨਸ ਕਮ-ਮੈਰਿਟ ਸਕਾਲਰਸ਼ਿਪ ਸਕੀਮ ਪ੍ਰੀਖਿਆ ਦਾ ਹੋਇਆ ਸ.ਫਲ ਸੰਚਾਲਨ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਕੂਲ ਸਿਖਿਆ ਬੋਰਡ ਭਿਵਾਨੀ ਵੱਲੋਂ ਅੱਜ ਰਾਸ਼ਟਰੀ ਸਾਧਨ-ਕਮ-ਯੋਗਤਾ ਸਕਾਲਰਸ਼ਿਪ ਯੋਜਨਾ (NMMSS) ਪ੍ਰੀਖਿਆ ਦਾ ਆਯੋਜਨ ਕਰਵਾਇਆ ਗਿਆ। ਇਹ ਪ੍ਰੀਖਿਆ ਸੂਬੇਭਰ ਵਿੱਓ 192 ਪ੍ਰੀਖਿਆ ਕੇਂਦਰਾਂ 'ਤੇ ਨਕਲ ਰਹਿਤ ਸੁਚਾਰੂ ਰੂਪ ਨਾਲ ਸੰਚਾਲਿਤ ਹੋਈ। ਇਸ ਪ੍ਰੀਖਿਆ ਤਹਿਤ ਸੂਬੇਭਰ ਵਿੱਚ 57268 ਪ੍ਰੀਖਿਆਰਥੀਆਂ ਨੂੰ ਪ੍ਰਵੇਸ਼ ਪੱਤਰ ਜਾਰੀ ਕੀਤੇ ਗਏ ਸਨ, ਜਿਸ ਵਿੱਚ 23031 ਵਿਦਿਆਰਥੀ, 34233 ਵਿਦਿਆਰਥਣਾਂ ਤੇ 04 ਟ੍ਰਾਂਸਜੇਂਡਰ ਸ਼ਾਮਿਲ ਹਨ। ਇਹ ਪ੍ਰੀਖਿਆ ਸਵੇਰੇ 11:00 ਵਜੇ ਤੋਂ ਦੁਪਹਿਰ 2:00 ਤੱਕ ਸੰਚਾਲਿਤ ਹੋਈ।

ਬੋਰਡ ਦੇ ਬੁਲਾਰੇ ਨੇ ਦਸਿਆ ਕਿ ਪ੍ਰੀਖਿਆ ਦੀ ਸ਼ੂਚਿਤਾ, ਭਰੋਸੇਮੰਦਗੀ ਤੇ ਗਰਿਮਾ ਬਣਾਏ ਰੱਖਣ ਲਈ ਹਰੇਕ ਜਿਲ੍ਹਾ ਵਿੱਚ ਜਿਲ੍ਹਾ ਸੁਆਲ ਪੱਤਰ ਫਲਾਇੰਗ ਦਸਤੇ ਦਾ ਗਠਨ ਕੀਤਾ ਗਿਆ ਸੀ। ਇੰਨ੍ਹਾਂ ਫਲਾਇੰਗ ਦਸਤਾ ਵੱਲੋਂ ਪ੍ਰੀਖਿਆ ਕੇਂਦਰਾਂ ਦਾ ਅਚਾਨਕ ਨਿਰੀਖਣ ਕੀਤਾ ਜਿੱਥੇ ਪ੍ਰੀਖਿਆ ਨਕਲ ਰਹਿਤ ਤੇ ਸ਼ਾਂਤੀਪੂਰਵਕ ਚੱਲ ਰਹੀ ਸੀ। ਇਸ ਤੋਂ ਇਲਾਵਾ ਜਿਲ੍ਹਾ ਸਿਖਿਆ ਅਧਿਕਾਰੀਆਂ ਵੱਲੋਂ ਆਪਣੇ-ਆਪਣੇ ਜਿਲ੍ਹਾ ਪ੍ਰੀਖਿਆ ਕੇਂਦਰਾਂ ਦਾ ਨਿਰੀਖਣ ਕੀਤਾ ਗਿਆ, ਜਿੱਥੇ ਪ੍ਰੀਖਿਆ ਸੁਚਾਰੂ ਰੂਪ ਨਾਲ ਸੰਚਾਲਿਤ ਹੋ ਰਹੀ ਸੀ।

ਉਨ੍ਹਾਂ ਨੇ ਅੱਗੇ ਦਸਿਆ ਕਿ ਰਾਸ਼ਟਰੀ ਸਾਧਨ-ਕਮ-ਯੋਗਤਾ ਸਕਾਲਰਸ਼ਿਪ ਯੋਜਨਾ (NMMSS) ਪ੍ਰੀਖਿਆ ਸਿਖਿਆ ਮੰਤਰਾਲੇ ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਚਲਾਈ ਜਾ ਰਹੀ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਸਰਕਾਰੀ/ਅਨੁਦਾਨ ਪ੍ਰਾਪਤ ਸਕੂਲਾਂ ਵਿੱਚ ਪੜਨ ਵਾਲੇ ਪ੍ਰਤਿਭਾਸ਼ਾਲੀ ਗਰੀਬ ਕੁੜੀਆਂ/ਮੁੰਡਿਆਂ ਦਾ ਚੋਣ ਕਰ ਉਨ੍ਹਾਂ ਦਾ ਵਿਦਿਅਕ ਵਿਕਾਸ ਕਰਨਾ ਹੈ। ਇਸ ਯੋਜਨਾ ਵਿੱਚ ਚੋਣ ਹਏ ਕੁੜੀਆਂ/ਮੁੰਡਿਆਂ ਨੂੰ ਕਲਾਸ ਨੌਂਵੀ, ਦੱਸਵੀ, ਗਿਆਰਵੀਂ ਅਤੇ ਬਾਹਰਵੀਂ ਕਲਾਸ ਲਈ ਪ੍ਰਤਿ ਮਹੀਨਾ ਸਕਾਲਰਸ਼ਿਪ ਦਿੱਤੀ ਜਾਂਦੀ ਹੈ।

## 14 ਦਸੰਬਰ ਨੂੰ ਹੋਣਗੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀਆਂ ਦੀਆਂ ਚੋਣਾ : ਜ਼ਿਲ੍ਹਾ ਚੋਣ ਅ.ਫ਼ਸਰ

**ਹੁਸ਼ਿਆਰਪੁਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ ਨੇ ਰਾਜ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਲਈ ਆਮ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵਲੋਂ ਜਾਰੀ ਪ੍ਰੋਗਰਾਮ ਦੇ ਅਨੁਸਾਰ 14 ਦਸੰਬਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜ਼ਿਲ੍ਹਾ ਪ੍ਰੀਸ਼ਦ ਦੇ 25 ਜ਼ੋਨਾਂ ਅਤੇ 208 ਬਲਾਕ ਸੰਮਤੀਆਂ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। ਇਹ ਚੋਣਾਂ ਬੈਲਟ ਪੇਪਰ ਰਾਹੀਂ ਹੋਣਗੀਆਂ।

ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਕਿਹਾ ਕਿ ਚੋਣ ਪ੍ਰੋਗਰਾਮ ਦੇ ਅਨੁਸਾਰ ਉਮੀਦਵਾਰ 4 ਦਸੰਬਰ 2025 ਤੱਕ (ਸਵੇਰੇ 11:00 ਵਜੇ ਤੋਂ ਸ਼ਾਮ 03:00 ਵਜੇ ਤੱਕ) ਸਬੰਧਤ ਰਿਟਰਨਿੰਗ ਅਫ਼ਸਰ ਦੇ ਦਫ਼ਤਰ ਵਿਚ ਨਾਮਜ਼ਦਗੀ ਪੱਤਰ ਜਮ੍ਹਾ ਕਰਵਾ ਕਸਦੇ ਹਨ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 5 ਦਸੰਬਰ 2025 (ਸ਼ੁੱਕਰਵਾਰ) ਨੂੰ ਹੋਵੇਗੀ। ਨਾਮਜ਼ਦਗੀ ਵਾਪਸ ਲੈਣ ਦੀ ਅੰਤਿਮ ਮਿਤੀ 6 ਦਸੰਬਰ 2025 (ਸ਼ਨੀਵਾਰ) ਨੂੰ ਦੁਪਹਿਰ 3:00 ਵਜੇ ਤੱਕ ਹੋਵੇਗੀ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਨਾਮਜ਼ਦਗੀਆਂ ਭਰਨ ਲਈ 11 ਨਾਮਜ਼ਦਗੀ ਕੇਂਦਰ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 10 ਨਾਮਜ਼ਦਗੀ ਕੇਂਦਰ ਪੰਚਾਇਤ ਸੰਮਤੀਆਂ ਲਈ ਅਤੇ ਇਕ ਜ਼ਿਲ੍ਹਾ ਪ੍ਰੀਸ਼ਦ ਲਈ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਦੇ ਲਈ ਕੋਰਟ ਰੂਮ, ਵਧੀਕ ਡਿਪਟੀ ਕਮਿਸ਼ਨਰ (ਜ) ਹੁਸ਼ਿਆਰਪੁਰ, ਪੰਚਾਇਤ ਸੰਮਤੀ ਗੜ੍ਹਸ਼ੰਕਰ ਲਈ ਕੋਰਟ ਰੂਮ ਐਸ.ਡੀ.ਐਮ ਦਫ਼ਤਰ ਗੜ੍ਹਸ਼ੰਕਰ, ਪੰਚਾਇਤ ਸੰਮਤੀ ਮਾਹਿਲਪੁਰ ਲਈ ਮੀਟਿੰਗ ਹਾਲ ਦਫ਼ਤਰ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਮਾਹਿਲਪੁਰ, ਪੰਚਾਇਤ ਸੰਮਤੀ ਹੁਸ਼ਿਆਰਪੁਰ-1 ਲਈ ਕੋਰਟ ਰੂਮ ਐਸ.ਡੀ.ਐਮ ਦਫ਼ਤਰ ਹੁਸ਼ਿਆਰਪੁਰ, ਪੰਚਾਇਤ ਸੰਮਤੀ ਹੁਸ਼ਿਆਰਪੁਰ-2 ਲਈ ਕੋਰਟ ਰੂਮ ਤਹਿਸੀਲਦਾਰ ਹੁਸ਼ਿਆਰਪੁਰ, ਪੰਚਾਇਤ ਸੰਮਤੀ ਭੂੰਗਾ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੂੰਗਾ, ਪੰਚਾਇਤ ਸੰਮਤੀ ਟਾਂਡਾ ਲਈ ਐਸ.ਡੀ.ਐਮ ਦਫ਼ਤਰ ਟਾਂਡਾ, ਪੰਚਾਇਤ ਸੰਮਤੀ ਦਸੂਹਾ ਲਈ ਕੋਰਟ ਰੂਮ ਐਸ.ਡੀ.ਐਮ ਦਫ਼ਤਰ ਦਸੂਹਾ, ਪੰਚਾਇਤ ਸੰਮਤੀ ਮੁਕੇਰੀਆਂ ਲਈ ਕੋਰਟ ਰੂਮ ਐਸ.ਡੀ.ਐਮ ਦਫ਼ਤਰ ਮੁਕੇਰੀਆਂ, ਪੰਚਾਇਤ ਸੰਮਤੀ ਹਾਜੀਪੁਰ ਲਈ ਦਫ਼ਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਹਾਜੀਪੁਰ ਅਤੇ ਪੰਚਾਇਤ ਸੰਮਤੀ ਤਲਵਾੜਾ ਲਈ ਦਫ਼ਤਰ ਬਲਕਾ ਵਿਕਾਸ ਤੇ ਪੰਚਾਇਤ ਅਫ਼ਸਰ ਤਲਵਾੜਾ ਵਿਚ ਨਾਮਜ਼ਦਗੀ ਕੇਂਦਰ ਬਣਾਏ ਗਏ ਹਨ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਾਂ 14 ਦਸੰਬਰ 2025 (ਐਤਵਾਰ) ਨੂੰ ਸਵੇਰੇ 8:00 ਵਜੇ ਤੋਂ ਸ਼ਾਮ 4:00 ਤੱਕ ਬੈਲੇਟ ਪੇਪਰ ਨਾਲ ਹੋਣਗੀਆਂ। ਪਾਈਆਂ ਗਈਆਂ ਵੋਟਾਂ ਦੀ ਗਿਣਤੀ 17 ਦਸੰਬਰ 2025 (ਬੁੱਧਵਾਰ) ਨੂੰ ਇਸ ਦੇ ਲਈ ਸਥਾਪਿਤ ਗਿਣਤੀ ਕੇਂਦਰਾਂ ਵਿਚ ਕੀਤੀ ਜਾਵੇਗੀ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਲਈ ਵੱਧ ਤੋਂ ਵੱਧ 2,55,000 ਰੁਪਏ ਅਤੇ ਪੰਚਾਇਤ ਸੰਮਤੀ ਉਮੀਦਵਾਰ ਲਈ 1,10,000 ਰੁਪਏ ਚੋਣ ਖ਼ਰਚੇ ਦੀ ਹੱਦ ਨਿਰਧਾਰਤ ਕੀਤੀ ਹੈ। ਉਨ੍ਹਾਂ ਕਿਹਾ ਕਿ ਚੋਣ ਦਫ਼ਤਰ ਦੀ ਘੋਸ਼ਣਾ ਨਾਲ ਹੀ ਸਾਰੇ ਉਮੀਦਵਾਰਾਂ ਅਤੇ ਰਾਜ ਦੇ ਮਾਰਗਦਰਸ਼ਨ ਲਈ ਆਦਰਸ਼ ਚੋਣ ਜ਼ਾਬਤਾ ਜ਼ਿਲ੍ਹੇ ਦੀਆਂ ਸਾਰੀਆਂ ਗ੍ਰਾਮ ਪੰਚਾਇਤਾਂ, ਜੋ ਸਬੰਧਤ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਅਧੀਨ ਆਉਂਦੀ ਹੈ, ਦੇ ਮਾਲੀਆ ਖੇਤਰ ਵਿਚ ਤੁਰੰਤ ਪ੍ਰਭਾਵ ਤੋਂ ਲਾਗੂ ਹੋ ਗਿਆ ਹੈ ਅਤੇ ਇਹ ਪੂਰੀ ਚੋਣ ਪ੍ਰਕਿਰਿਆ ਸਮਾਪਤ ਹੋਣ ਤੱਕ ਲਾਗੂ ਰਹੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਨਿਯਮਾਂ ਤਹਿਤ ਇਹ ਚੋਣਾਂ ਪੂਰੀ ਤਰ੍ਹਾਂ ਨਿਰਪੱਖ, ਆਜ਼ਾਦ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਈਆਂ ਜਾਣਗੀਆਂ।

## ਪੰਜਾਬ ਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੇ 90 ਫੀਸਦੀ ਮਾਮਲੇ ਘਟੇ: ਕੇਂਦਰ

**ਦਿੱਲੀ-ਐਨਸੀਆਰ ਵਿੱਚ ਪ੍ਰਦੂਸ਼ਣ ਦੇ ਸਥਾਨਕ ਤੇ ਖੇਤਰੀ ਕਾਰਕ ਜ਼ਿੰਮੇਵਾਰ: ਮੰਤਰੀ**



**ਨਵੀਂ ਦਿੱਲੀ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਨ ਮੰਤਰੀ ਭੂਪੇਂਦਰ ਯਾਦਵ ਨੇ ਅੱਜ ਸੰਸਦ ਨੂੰ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਵਿੱਚ 2022 ਦੇ ਮੁਕਾਬਲੇ ਸਾਲ 2025 ਦੇ ਝੋਨੇ ਦੇ ਵਾਢੀ ਸੀਜ਼ਨ ਦੌਰਾਨ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਲਗਪਗ 90 ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੇ ਪਰਾਲੀ ਸਾੜਨ ਦੇ ਪ੍ਰਭਾਵ ਬਾਰੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਵਾਤਾਵਰਨ ਮੰਤਰੀ ਨੇ ਲੋਕ ਸਭਾ ਨੂੰ ਦੱਸਿਆ ਕਿ ਖੇਤਾਂ ਵਿੱਚ ਅੱਗ ਲੱਗਣ ਕਾਰਨ ਸਰਦੀਆਂ ਦੇ ਮਹੀਨਿਆਂ ਵਿੱਚ ਪ੍ਰਦੂਸ਼ਣ ਵਧਦਾ ਹੈ। ਚੰਨੀ ਨੇ ਪੁੱਛਿਆ ਸੀ ਕਿ ਕੀ ਇਸ ਸਾਲ ਪੰਜਾਬ ਵਿੱਚ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ 20 ਪ੍ਰਤੀਸ਼ਤ ਕਮੀ ਦੇ ਬਾਵਜੂਦ ਦਿੱਲੀ ਦਾ AQI 450 ਨੂੰ ਪਾਰ ਕਿਉਂ ਕਰ ਗਿਆ ਹੈ। ਉਨ੍ਹਾਂ ਨੇ ਅੱਗੇ ਪੁੱਛਿਆ ਕਿ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ (CAQM) ਦੇ ਨਿਰਦੇਸ਼ਾਂ ਨੂੰ ਲਾਗੂ ਕਰਨ ਅਤੇ ਕਿਸਾਨਾਂ ਨੂੰ ਵਿਕਲਪਕ ਮਸ਼ੀਨਰੀ ਪ੍ਰਦਾਨ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਕੀ ਕਿਹਾ ਜਾ ਰਿਹਾ ਹੈ।

ਮੰਤਰੀ ਨੇ ਕਿਹਾ ਕਿ ਦਿੱਲੀ-ਐਨਸੀਆਰ ਵਿੱਚ ਹਵਾ ਪ੍ਰਦੂਸ਼ਣ ਕਈ ਸਥਾਨਕ ਅਤੇ ਖੇਤਰੀ ਕਾਰਕਾਂ ਦਾ ਨਤੀਜਾ ਹੈ, ਜਿਸ ਵਿੱਚ ਵਾਹਨਾਂ ਅਤੇ ਉਦਯੋਗਿਕ ਨਿਕਾਸ, ਉਸਾਰੀ ਤੋਂ ਧੂੜ, ਨਗਰ ਪਾਲਿਕਾ ਰਹਿੰਦ-ਖੂੰਹਦ ਨੂੰ ਸਾੜਨਾ, ਲੈਂਡਫਿਲ ਵਿੱਚ ਅੱਗ ਅਤੇ ਮੌਸਮ ਸਬੰਧੀ ਸਥਿਤੀਆਂ ਸ਼ਾਮਲ ਹਨ।

## ਪੰਜਾਬ 'ਚ ਹੜ੍ਹ ਮਾੜੇ ਜਲ ਪ੍ਰਬੰਧਨ ਦਾ ਨਤੀਜਾ ਨਹੀਂ: ਕੇਂਦਰ

**ਭਾਰੀ ਮੀਂਹ ਮਗਰੋਂ ਪਾਣੀ ਦੇ ਉੱਚ ਪੱਧਰ ਨੂੰ ਹੜ੍ਹਾਂ ਦਾ ਕਾਰਨ ਦੱਸਿਆ**



**ਨਵੀਂ ਦਿੱਲੀ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲ ਸ਼ਕਤੀ ਮੰਤਰਾਲੇ ਨੇ ਅੱਜ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਭਾਖੜਾ ਤੇ ਪੌਂਗ ਜਿਹੇ ਅਹਿਮ ਬੰਨ੍ਹਾਂ 'ਚ ਖਰਾਬ ਜਲ ਪ੍ਰਬੰਧਨ ਨੇ ਪੰਜਾਬ 'ਚ ਹਾਲ ਹੀ ਹੜ੍ਹਾਂ ਦੀ ਸਥਿਤੀ ਵਿਗਾੜ ਦਿੱਤੀ ਸੀ। ਉਨ੍ਹਾਂ ਕਿਹਾ ਕਿ ਜਲ ਭੰਡਾਰਨ ਖੇਤਰਾਂ 'ਚ ਭਾਰੀ ਮੀਂਹ ਮਗਰੋਂ ਪਾਣੀ ਦੇ ਉੱਚ ਪੱਧਰ ਕਾਰਨ ਹੜ੍ਹ ਆਏ ਸਨ।

ਰਾਜ ਸਭਾ 'ਚ ਲਿਖਤੀ ਜਵਾਬ ਦਿੰਦਿਆਂ ਜਲ ਸ਼ਕਤੀ ਰਾਜ ਮੰਤਰੀ ਭੂਸ਼ਣ ਚੌਧਰੀ ਨੇ ਕਿਹਾ ਕਿ 2025 'ਚ ਪੌਂਗ ਤੇ ਭਾਖੜਾ 'ਚ ਪਾਣੀ ਦਾ ਪੱਧਰ ਕ੍ਰਮਵਾਰ 3,49,522 ਕਿਊਸਕ ਤੇ 1,90,603 ਕਿਊਸਕ ਤੱਕ ਪਹੁੰਚ ਗਿਆ ਜਿਸ ਕਾਰਨ ਬੰਨ੍ਹਾਂ ਤੋਂ ਪਾਣੀ ਛੱਡਿਆ ਗਿਆ। ਮੰਤਰੀ ਨੇ ਕਿਹਾ, "ਪੰਜਾਬ 'ਚ ਹਾਲ ਹੀ ਵਿੱਚ ਆਏ ਹੜ੍ਹਾਂ ਦੀ ਸਥਿਤੀ ਪੌਂਗ ਤੇ ਭਾਖੜਾ ਬੰਨ੍ਹ 'ਚ ਖਰਾਬ ਜਲ ਪ੍ਰਬੰਧਨ ਕਾਰਨ ਨਹੀਂ ਵਿਗੜੀ।

ਬੰਨ੍ਹਾਂ ਤੋਂ ਪਾਣੀ ਛੱਡਣ ਦਾ ਫ਼ੈਸਲਾ ਤਕਨੀਕੀ ਕਮੇਟੀ ਨੇ ਲਿਆ ਸੀ ਜਿਸ 'ਚ ਪੰਜਾਬ, ਹਰਿਆਣਾ, ਰਾਜਸਥਾਨ, ਕੇਂਦਰੀ ਜਲ ਕਮਿਸ਼ਨ ਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ ਬੀ ਐੱਮ ਬੀ) ਦੇ ਨੁਮਾਇੰਦੇ ਸ਼ਾਮਲ ਸਨ।"

ਮੰਤਰਾਲੇ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੌਨਸੂਨ ਤੋਂ ਪਹਿਲਾਂ ਵਾਧੂ ਪੱਧਰ ਨੂੰ ਢੁੱਕਵੇਂ ਢੰਗ ਨਾਲ ਬਰਕਰਾਰ ਰੱਖਿਆ ਗਿਆ ਸੀ ਅਤੇ ਕਿਹਾ ਕਿ ਹਰ ਵਾਰ ਪਾਣੀ ਛੱਡਣ ਤੋਂ ਘੱਟੋ-ਘੱਟ 24 ਘੰਟੇ ਪਹਿਲਾਂ ਸੂਚਨਾ ਦਿੱਤੀ ਗਈ ਸੀ। ਸਰਕਾਰ ਨੇ ਦੁਹਰਾਇਆ ਕਿ ਮੌਨਸੂਨ ਤੋਂ ਪਹਿਲਾਂ ਜਲ ਭੰਡਾਰਾਂ ਦਾ ਪੱਧਰ ਔਸਤ ਹੱਦ ਅੰਦਰ ਸੀ। ਕੇਂਦਰ ਨੇ ਇਹ ਵੀ ਕਿਹਾ ਕਿ ਉਸ ਨੇ ਹੜ੍ਹਾਂ ਦੇ ਕੰਟਰੋਲ ਲਈ ਬੁਨਿਆਦੀ ਢਾਂਚਾ ਰਹਿਤ ਉਪਾਅ ਨੂੰ ਉਤਸ਼ਾਹਿਤ ਕਰਨ ਲਈ ਅਗਸਤ 2025 ਤੱਕ ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਤਕਨੀਕੀ ਹਦਾਇਤਾਂ ਜਾਰੀ ਕੀਤੀਆਂ ਸਨ। ਬੰਨ੍ਹਾਂ ਤੋਂ ਪਾਣੀ ਛੱਡਣ ਲਈ ਸਾਂਝੀ ਕੰਟਰੋਲ ਪ੍ਰਣਾਲੀ ਦੇ ਮਤੇ ਬਾਰੇ ਮੰਤਰਾਲੇ ਨੇ ਕਿਹਾ ਕਿ ਅਜਿਹੀ ਪ੍ਰਣਾਲੀ ਤਕਨੀਕੀ ਕਮੇਟੀ ਰਾਹੀਂ ਪਹਿਲਾਂ ਹੀ ਮੌਜੂਦ ਹੈ, ਜਿਸ ਵਿੱਚ ਕੇਂਦਰ ਤੇ ਰਾਜ ਦੋਵਾਂ ਦੇ ਨੁਮਾਇੰਦੇ ਸ਼ਾਮਲ ਹਨ ਅਤੇ ਜੋ ਸਾਂਝੇ ਤੌਰ 'ਤੇ ਬੰਨ੍ਹਾਂ ਦੀ ਸਾਂਭ-ਸੰਭਾਲ ਕਰਦੀ ਹੈ।

**ਬੰਨ੍ਹਾਂ ਤੇ ਡਰੇਨਾਂ ਮਜ਼ਬੂਤੀ ਸੂਬਾ ਸਰਕਾਰਾਂ ਦਾ ਕੰਮ**

ਰੋਕਥਾਮ ਦੇ ਉਪਾਅ ਬਾਰੇ ਮੰਤਰਾਲੇ ਨੇ ਕਿਹਾ ਕਿ ਬੰਨ੍ਹਾਂ ਨੂੰ ਮਜ਼ਬੂਤ ਕਰਨਾ ਅਤੇ ਡਰੇਨਾਂ ਦੀ ਸਾਫ਼-ਸਫ਼ਾਈ ਤੇ ਇਨ੍ਹਾਂ ਨੂੰ ਮਜ਼ਬੂਤ ਕਰਨਾ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਜੋ ਆਪਣੀਆਂ ਤਰਜੀਹਾਂ ਦੇ ਆਧਾਰ 'ਤੇ ਇਹ ਕੰਮ ਕਰਦੀਆਂ ਹਨ। ਮੰਤਰਾਲੇ ਨੇ ਇਹ ਵੀ ਦੱਸਿਆ ਕਿ ਡੈਮ ਸੁਰੱਖਿਆ ਐਕਟ, 2021 ਤਹਿਤ ਕੌਮੀ ਡੈਮ ਸੁਰੱਖਿਆ ਅਥਾਰਿਟੀ ਨੇ ਹਰ ਤਿੰਨ ਘੰਟਿਆਂ ਬਾਅਦ ਡੈਮ ਵਿਚਲੇ ਪਾਣੀ ਦੇ ਪੱਧਰ ਸਬੰਧੀ ਅੰਕੜੇ ਸਾਂਝੇ ਕਰਨੇ ਲਾਜ਼ਮੀ ਕਰ ਦਿੱਤੇ ਹਨ।

## ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਸਪਰਸ਼ ਆਊਟਰੀਚ ਪ੍ਰੋਗਰਾਮ

**ਜਲੰਧਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਡੀ.ਪੀ.ਡੀ.ਓ. (ਸਪਰਸ਼ ਸਰਵਿਸ ਸੈਂਟਰ), ਜਲੰਧਰ ਕੈਂਟ ਵੱਲੋਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਸਪਰਸ਼ ਆਊਟਰੀਚ ਪ੍ਰੋਗਰਾਮ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਵਜਰਾ ਸੈਨਿਕ ਇੰਸਟੀਚਿਊਟ, (ਨੇੜੇ ਦੁਸਹਿਰਾ ਗਰਾਊਂਡ) ਜਲੰਧਰ ਕੈਂਟ ਵਿਖੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਸਪਰਸ਼ ਰਾਹੀਂ ਪੈਨਸ਼ਨਰਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇਗੀ ਅਤੇ ਸਪਰਸ਼ ਰਾਹੀਂ

ਡਿਜ਼ੀਟਲ ਲਾਈਫ ਸਰਟੀਫਿਕੇਟ ਅਪਲੋਡ ਕਰਨ ਬਾਰੇ ਡੈਮੋ ਵੀ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪੈਨਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਮੌਕੇ 'ਤੇ ਹੀ ਹੱਲ ਕੀਤੀਆਂ ਜਾਣਗੀਆਂ।

# ਪੰਜਾਬ ਦੇ ਪੈਨਸ਼ਨਧਾਰਕਾਂ ਲਈ ਬੇਹੱਦ ਜ਼ਰੂਰੀ ਖ਼ਬਰ, ਨਵੇਂ ਹੁਕਮ ਹੋ ਗਏ ਜਾਰੀ

**ਕੌਮੀ ਪੱਤ੍ਰਿਕਾ**

ਨਾਭਾ (ਪੁਰੀ) 5 ਦਸੰਬਰ। ਪਟਿਆਲਾ ਦੇ ਜ਼ਿਲਾ ਖ਼ਜ਼ਾਨਾ ਅਫ਼ਸਰ ਸਨੇਹ ਲਤਾ ਨੇ ਦੱਸਿਆ ਕਿ ਜ਼ਿਲੇ ਦੇ ਪੈਨਸ਼ਨਰਾਂ ਦੀ ਸਹੂਲਤ ਲਈ 4 ਤੋਂ 6 ਦਸੰਬਰ ਤੱਕ ਜ਼ਿਲਾ ਖ਼ਜ਼ਾਨਾ ਦਫ਼ਤਰ ਪਟਿਆਲਾ ਅਤੇ ਸਾਰੇ ਸਬ-ਖ਼ਜ਼ਾਨਾ ਦਫ਼ਤਰਾਂ ਰਾਜਪੁਰਾ, ਨਾਭਾ, ਸਮਾਣਾ, ਪਾਤੜਾਂ ਤੇ ਦੂਧਨਸਾਧਾਂ ਵਿਖੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਸੇਵਾ ਮੇਲਾ ਲਾਇਆ ਜਾ ਰਿਹਾ ਹੈ। ਸਨੇਹ ਲਤਾ ਨੇ ਦੱਸਿਆ ਕਿ ਈ-ਪੈਨਸ਼ਨਰਾਂ ਲਈ ਜ਼ਰੂਰੀ ਹੈ ਅਤੇ ਜਿਨ੍ਹਾਂ ਦਾ ਜੀਵਨ ਪ੍ਰਮਾਣ ਪੱਤਰ ਬੈਂਕ 'ਚ ਜਮ?ਹਾਂ ਹੋ ਚੁੱਕਾ ਹੈ, ਉਹ ਵੀ ਈ. ਕੇ. ਵਾਈ. ਸੀ. ਜ਼ਰੂਰ ਕਰਵਾਉਣ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਸੇਵਾ ਪੋਰਟਲ ਰਾਹੀਂ ਈ. ਕੇ. ਵਾਈ. ਸੀ. ਦੀ ਸਹੂਲਤ ਲਈ ਪੈਨਸ਼ਨ ਸੇਵਾ ਮੇਲਾ 3 ਦਿਨਾਂ ਲਈ, ਜੋ ਕਿ ਜ਼ਿਲਾ ਖ਼ਜ਼ਾਨਾ ਦਫ਼ਤਰ ਪਟਿਆਲਾ ਅਤੇ ਪਟਿਆਲਾ ਜ਼ਿਲੇ ਦੇ ਸਬ-ਖਜ਼ਾਨਾ ਦਫ਼ਤਰਾਂ ਵਿਖੇ ਵੀ ਲਾਇਆ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 09:00 ਤੋਂ ਸ਼ਾਮ 5:00 ਤੱਕ ਰਹੇਗਾ। ਜ਼ਿਲਾ ਖ਼ਜ਼ਾਨਾ ਅਫ਼ਸਰ ਨੇ ਇਸ ਦੀ ਸਹੂਲਤ ਲੈਣ ਲਈ ਜ਼ਿਲੇ ਦੇ ਸਮੂਹ ਪੈਨਸ਼ਨਰ/ਫੈਮਿਲੀ ਪੈਨਸ਼ਨਰ ਅਤੇ ਪੈਨਸ਼ਨਰ ਯੂਨੀਅਨਾਂ ਦੇ ਆਗੂ ਸਹਿਬਾਨ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਦਸਤਾਵੇਜ਼ ਪੀ. ਪੀ. ਓ. ਦੀ ਕਾਪੀ, ਅਧਾਰ ਕਾਰਡ, ਬੈਂਕ ਖਾਤੇ ਦੀ ਕਾਪੀ ਅਤੇ ਮੋਬਾਇਲ ਨੰਬਰ, ਜਿਹੜਾ ਅਧਾਰ ਕਾਰਡ ਨਾਲ ਲਿੰਕ ਹੋਵੇ, ਲੈ ਕੇ ਇਸ ਮੇਲੇ 'ਚ ਸ਼ਾਮਿਲ ਹੋ ਕੇ ਵੱਧ ਤੋਂ ਵੱਧ ਸਹੂਲਤ ਦਾ ਲਾਭ ਉਠਾਇਆ ਜਾਵੇ। ਹੁਸ਼ਿਆਰਪੁਰ (ਘੁੰਮਣ) : ਰਾਜ ਸਰਕਾਰ ਵੱਲੋਂ ਪੰਜਾਬ ਰਾਜ ਦੇ ਪੈਨਸ਼ਨਰਾਂ ਦੀ ਸਹੂਲਤ ਲਈ ਈ-ਕੇ. ਵਾਈ. ਸੀ.




ਸਬੰਧੀ ਤਿੰਨ ਰੋਜ਼ਾ 'ਪੈਨਸ਼ਨ ਸੇਵਾ ਕੈਂਪ' ਜ਼ਿਲਾ ਖਜ਼ਾਨਾ ਦਫਤਰ, ਜ਼ਿਲਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਅਤੇ ਉੱਪ ਖਜ਼ਾਨਾ ਦਫਤਰਾਂ ਭੂੰਗਾ, ਦਸੂਹਾ, ਗੜ੍ਹਸ਼ੰਕਰ, ਮੁਕੇਰੀਆਂ, ਤਲਵਾੜਾ ਅਤੇ ਟਾਂਡਾ ਵਿਖੇ 5 ਦਸੰਬਰ ਤੋਂ 6 ਦਸੰਬਰ ਤੱਕ ਲਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲਾ ਖਜ਼ਾਨਾ ਅਫਸਰ ਦੇਸ ਰਾਜ ਨੇ ਸਮੂਹ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਈ-ਕੇ.ਵਾਈ.ਸੀ. ਸਬੰਧੀ ਤਿੰਨ ਰੋਜ਼ਾ 'ਪੈਨਸ਼ਨ ਸੇਵਾ ਕੈਂਪ' ਵਿਚ ਪਹੁੰਚ ਕੇ ਇਸ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ। ਤਰਨਤਾਰਨ (ਰਮਨ,ਆਹਲੂਵਾਲੀਆ) : ਜ਼ਿਲਾ ਖ਼ਜ਼ਾਨਾ ਅਫ਼ਸਰ ਮਨਦੀਪ ਸਿੰਘ ਨੇ ਜ਼ਿਲਾ ਤਰਨਤਾਰਨ ਦੇ ਸਮੂਹ ਪੈਨਸ਼ਨਰ ਸਾਹਿਬਾਨ (ਸੇਵਾ ਨਵਿਰਤ ਹੋਏ) ਨੂੰ ਸੂਚਿਤ ਕੀਤਾ ਹੈ ਕਿ ਪੈਨਸ਼ਨ ਸਬੰਧੀ ਹਰ ਤਰ੍ਹਾਂ ਦੇ ਕੰਮ ਅਤੇ ਪੈਨਸ਼ਨ/ਪੈਨਸ਼ਨ ਰਿਵੀਜ਼ਨ ਅਤੇ ਲਾਈਫ ਸਰਟੀਫਿਕੇਟ ਵਰਗੇ ਮਹੱਤਵਪੂਰਨ ਕੰਮਾਂ ਲਈ ਵਿੱਤ ਵਿਭਾਗ ਵੱਲੋਂ ਜੋ ਪੈਨਸ਼ਨਰ ਸੇਵਾ ਪੋਰਟਲ ਲਾਂਚ ਕੀਤਾ ਗਿਆ ਹੈ, ਲਈ ਹਰ ਪੈਨਸ਼ਨਰ ਨੂੰ ਈ-ਕੇ.ਵਾਈ.ਸੀ. ਕਰਾਉਣੀ ਲਾਜ਼ਮੀ ਹੈ। ਈ-ਕੇ.ਵਾਈ.ਸੀ. ਲਈ, ਵਿੱਤ ਵਿਭਾਗ ਵੱਲੋਂ ਜ਼ਿਲਾ ਤਰਨਤਾਰਨ ਦੇ ਜ਼ਿਲਾ ਖ਼ਜ਼ਾਨਾ ਦਫ਼ਤਰ ਵਿਖੇ ਮਿਤੀ 04.12.2025 ਤੋਂ 06.12.2025 ਤੱਕ ਪੈਨਸ਼ਨਰ ਸੇਵਾ ਮੇਲਾ ਦੋਬਾਰਾ ਕਰਵਾਇਆ ਜਾ ਰਿਹਾ ਹੈ, ਇਸ ਲਈ ਰਹਿੰਦੇ ਸਮੂਹ ਪੈਨਸ਼ਨਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਮਿਤੀ 04.12.2025, 05.12.2025 ਅਤੇ 06.12.2025 ਨੂੰ ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਜ਼ਿਲਾ ਖ਼ਜ਼ਾਨਾ ਦਫ਼ਤਰ, ਤਰਨਤਾਰਨ ਵਿਖੇ ਲਗਾਏ ਪੈਨਸ਼ਨਰ ਸੇਵਾ ਮੇਲੇ ਵਿਚ ਆਪਣੀ ਈ-ਕੇ.ਵਾਈ.ਸੀ ਕਰਵਾ ਕੇ ਪੈਨਸ਼ਨਰ ਸੇਵਾ ਪੋਰਟਲ ਦਾ ਲਾਭ ਉਠਾਉਣ। ਖੰਨਾ (ਸੁਖਵਿੰਦਰ ਕੌਰ) : ਜ਼ਿਲ੍ਹਾ ਖਜ਼ਾਨਾ ਦਫਤਰ ਲੁਧਿਆਣਾ ਅਤੇ ਉਪ ਖਜ਼ਾਨਾ ਦਫਤਰਾਂ ਵਿਖੇ 4 ਤੋਂ 6 ਦਸਬੰਰ ਤੱਕ 'ਪੈਨਸ਼ਨਰ ਸੇਵਾ ਮੇਲਾ - 2' ਦਾ ਆਯੋਜਨ ਕੀਤਾ ਜਾ ਰਿਹਾ ਹੈ।ਜ਼ਿਲ੍ਹਾ ਖਜ਼ਾਨਾ ਅਫਸਰ, ਲੁਧਿਆਣਾ ਉਪਨੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿੱਤ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਮੁੜ 5 ਦਸੰਬਰ ਤੋਂ 6 ਦਸੰਬਰ 2025 ਤੱਕ ਪੈਨਸ਼ਨਰ ਸੇਵਾ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸਦਾ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਖਜ਼ਾਨਾ ਦਫਤਰ ਲੁਧਿਆਣਾ ਦੇ ਨਾਲ-ਨਾਲ ਉਪ ਖਜ਼ਾਨਾ ਦਫਤਰਾਂ ਸਮਰਾਲਾ, ਖੰਨਾ, ਜਗਰਾਓਂ, ਪਾਇਲ ਤੇ ਰਾਏਕੋਟ ਵਿਖੇ ਵੀ ਪੈਨਸ਼ਨ ਸੇਵਾ ਮੇਲਾ ਲਗਾਇਆ ਜਾਵੇਗਾ ਜਿਸ ਵਿਚ ਪੈਨਸ਼ਨ ਸੇਵਾ ਪੋਰਟਲ ਰਾਹੀਂ ਪੈਨਸ਼ਨਰਾਂ ਦੀ ਈ-ਕੇ.ਵਾਈ.ਸੀ. ਤੇ ਜੀਵਨ ਪ੍ਰਮਾਣ ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਦੀ ਪ੍ਰਕਿਰਿਆ ਮੁਕੰਮਲ ਕਰਵਾਉਣੀ ਯਕੀਨੀ ਬਣਾਈ ਜਾਵੇਗੀ।

## ਮਹਿਲ ਕਲਾਂ ਸਬ-ਡਵੀਜ਼ਨ ਨੂੰ ਮਿਲਿਆ ਨਵਾਂ ਐਸ.ਡੀ.ਐਮ., ਬੇਅੰਤ ਸਿੰਘ ਸਿੱਧੂ ਨੇ ਚਾਰਜ ਸੰਭਾਲਿਆ

ਮਹਿਲ ਕਲਾਂ 5 ਦਸੰਬਰ। ਸਬ ਡਿਵੀਜ਼ਨ ਬਾਘਾ ਪੁਰਾਣਾ (ਜ਼ਿਲ੍ਹਾ ਮੋਗਾ) ਤੋਂ ਬਦਲੀ ਹੋ ਕੇ ਆਏ ਐਸ.ਡੀ.ਐਮ. ਬੇਅੰਤ ਸਿੰਘ ਸਿੱਧੂ ਨੇ ਅੱਜ ਸਬ ਡਵੀਜ਼ਨ ਮਹਿਲ ਕਲਾਂ ਵਿਖੇ ਸਮੂਹ ਸਟਾਫ ਦੀ ਹਾਜ਼ਰੀ ਵਿੱਚ ਆਪਣੇ ਨਵੇਂ ਅਹੁਦੇ ਦਾ ਚਾਰਜ ਸੰਭਾਲ ਲਿਆ। ਚਾਰਜ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐਸ.ਡੀ.ਐਮ. ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੀ ਜਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ, ਨਿਸ਼ਠਾ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ?? ਸਬ ਡਿਵੀਜ਼ਨ



ਮਹਿਲ ਕਲਾਂ ਦੇ ਅਧੀਨ ਪੈਂਦੇ ਪਿੰਡਾਂ ਦੇ ਲੋਕਾਂ ਨੂੰ ਦਫ਼ਤਰ ਵਿੱਚ ਕੰਮ ਲਈ ਆਉਣ ਵੇਲੇ ਕਿਸੇ ਵੀ ਕਿਸਮ ਦੀ ਅਸੁਵਿਧਾ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਐਸ.ਡੀ.ਐਮ. ਬੇਅੰਤ ਸਿੰਘ ਸਿੱਧੂ ਨੇ ਸਪੱਸ਼ਟ ਕੀਤਾ ਕਿ ਸਾਰੇ ਕੰਮ ਪਹਿਲ ਦੇ ਅਧਾਰ 'ਤੇ ਤੇ ਨਿਰਵਿਘਨ ਤਰੀਕੇ ਨਾਲ ਨਿਪਟਾਏ ਜਾਣਗੇ।ਉਹਨਾਂ ਕਿਹਾ ਕਿ ਪਿੰਡਾਂ ਤੋਂ ਆਉਣ ਵਾਲੇ ਚੁਣੇ ਨੁਮਾਇੰਦਿਆਂ ਨੂੰ ਪੂਰਾ ਬਣਦਾ ਸੰਮਾਨ ਦਿੱਤਾ ਜਾਵੇਗਾ ਅਤੇ ਦਫ਼ਤਰੀ ਕਾਰਵਾਈ ਨੂੰ ਪੂਰੀ ਪਾਰਦਰਸ਼ਤਾ ਨਾਲ ਚਲਾਇਆ ਜਾਵੇਗਾ।ਉਹਨਾਂ ਨੇ ਸਮੂਹ ਗ੍ਰਾਮ ਪੰਚਾਇਤਾਂ, ਕਲੱਬਾਂ, ਪੱਤਰਕਾਰ ਭਾਈਚਾਰੇ ਅਤੇ ਇਲਾਕਾ ਨਿਵਾਸੀਆਂ ਨੂੰ ਸਹਿਯੋਗ ਦੀ ਅਪੀਲ ਕੀਤੀ ਤਾਂ ਜੋ ਜਨਹਿਤ ਸਮਬੰਧੀ ਕਾਰਜ ਹੋਰ ਚੁਸਤ ਤਰੀਕੇ ਨਾਲ ਨਿਭਾਏ ਜਾ ਸਕਣ।ਇਸ ਮੌਕੇ ਦਫ਼ਤਰ ਦੇ ਸੁਪਰਡੈਂਟ ਹਰਵਿੰਦਰ ਰਾਏ ਕੁਤਬਾ ਦੀ ਅਗਵਾਈ ਹੇਠ ਸਮੂਹ ਸਟਾਫ ਵੱਲੋਂ ਨਵੇਂ ਐਸਡੀਐਮ ਦਾ ਗੁਲਦਸਤਾ ਭੇਟ ਕਰਕੇ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਸੀਨੀਅਰ ਸਹਾਇਕ ਮੈਡਮ ਗੁਰਮੀਤ ਕੌਰ, ਯੂਨੀਅਨ ਸਹਾਇਕ ਮਨਜੀਤ ਸਿੰਘ, ਕਮਲਜੀਤ ਸਿੰਘ, ਬਿੰਨੂ ਗੋਪਾਲ, ਅਤੇ ਸਿਕੰਦਰ ਸਿੰਘ ਪੰਡੋਰੀ ਵੀ ਹਾਜ਼ਰ ਸਨ।

## ਕੈਪੀਟਲ ਸਮਾਲ ਫਾਈਨਾਂਸ ਬੈਂਕ ਵੱਲੋਂ 'ਰੰਗਲਾ ਪੰਜਾਬ ਫੰਡ' 'ਚ 31 ਲੱਖ ਦਾ ਯੋਗਦਾਨ

ਚੰਡੀਗੜ੍ਹ/ਜਲੰਧਰ 5 ਦਸੰਬਰ। ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਨੂੰ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ. ਐਸ. ਆਰ.) ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਹਰੇਕ ਕਾਰਪੋਰੇਟ ਇਕਾਈ ਨੂੰ ਸਮਾਜ 'ਤੇ ਆਪਣੇ ਪ੍ਰਭਾਵ ਲਈ ਪੂਰੀ ਤਰ੍ਹਾਂ ਜਵਾਬਦੇਹ ਹੋਣ ਵਾਸਤੇ ਸੀ. ਐਸ. ਆਰ. ਗਤੀਵਿਧੀਆਂ ਕਰਨੀਆਂ ਚਾਹੀਦੀਆਂ ਹਨ। ਵਿੱਤ ਮੰਤਰੀ ਨੇ ਇਹ ਟਿੱਪਣੀ ਕੈਪੀਟਲ ਸਮਾਲ ਫਾਈਨਾਂਸ ਬੈਂਕ ਤੋਂ 'ਮੁੱਖ ਮੰਤਰੀ ਰੰਗਲਾ ਪੰਜਾਬ ਫੰਡ' ਲਈ ਰਸਮੀ ਤੌਰ 'ਤੇ ਯੋਗਦਾਨ ਪ੍ਰਾਪਤ ਕਰਨ ਸਮੇਂ ਕੀਤੀ। ਫੰਡ 'ਚ ਯੋਗਦਾਨ ਵਜੋਂ ਕੈਪੀਟਲ ਸਮਾਲ ਫਾਈਨਾਂਸ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀ. ਈ. ਓ. ਸਰਵਜੀਤ ਸਿੰਘ ਸਮਰਾ ਵੱਲੋਂ 31 ਲੱਖ ਰੁਪਏ ਦਾ ਚੈੱਕ ਵਿੱਤ ਮੰਤਰੀ ਨੂੰ ਸੌਂਪਿਆ ਗਿਆ। ਚੀਮਾ ਨੇ ਬੈਂਕ ਵੱਲੋਂ ਖੁੱਲ੍ਹੇ ਦਿਲ ਨਾਲ ਫੰਡ 'ਚ ਯੋਗਦਾਨ ਦੇਣ ਦੇ ਉਪਰਾਲੇ ਅਤੇ ਸਮਾਜਿਕ ਜਵਾਬਦੇਹੀ ਪ੍ਰਤੀ ਅਦਾਰੇ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ।

## ਸਾਰੀਆਂ ਵਿਰੋਧੀ ਪਾਰਟੀਆਂ 'ਆਪ' ਵਿਰੁੱਧ ਇਕਜੁੱਟ : ਅਮਨ ਅਰੋੜਾ

ਜਲੰਧਰ/ਚੰਡੀਗੜ੍ਹ 5 ਦਸੰਬਰ। ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ 'ਆਪ' ਵਿਰੁੱਧ ਇੱਕਜੁੱਟ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿਉਂਕਿ ਉਹ ਜਾਣਦੀਆਂ ਹਨ ਕਿ ਆਮ ਆਦਮੀ ਪਾਰਟੀ ਵੱਲੋਂ ਜ਼ਮੀਨੀ ਪੱਧਰ 'ਤੇ ਕੀਤੇ ਗਏ ਕੰਮਾਂ ਨੂੰ ਦੇਖਦੇ ਹੋਏ ਜਨਤਾ ਉਨ੍ਹਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਨੇ ਸੁਨਾਮ ਵਿਚ ਕਈ ਕੌਂਸਲਰਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਦੇ ਹੋਏ ਕਿਹਾ ਕਿ ਅਸੀਂ ਪਿਛਲੇ ਚਾਰ ਸਾਲਾਂ ਦੌਰਾਨ ਜਨਤਾ ਨਾਲ ਕੀਤੇ ਗਏ ਜ਼ਿਆਦਾਤਰ ਵਾਅਦੇ ਪੂਰੇ ਕੀਤੇ ਹਨ ਅਤੇ ਬਾਕੀ ਰਹਿੰਦੇ ਵਾਅਦੇ ਵੀ ਸਰਕਾਰ ਵੱਲੋਂ ਜਲਦੀ ਹੀ ਪੂਰੇ ਕੀਤੇ ਜਾਣਗੇ।

## ਮਿਆਦ ਪੁੱਗਣ ਤੋਂ ਬਾਅਦ ਵੀ 30 ਦਿਨਾਂ ਤੱਕ ਵੈਲਿਡ ਰਹਿੰਦਾ ਹੈ ਡਰਾਈਵਿੰਗ ਲਾਇਸੈਂਸ !

ਚੰਡੀਗੜ੍ਹ 5 ਦਸੰਬਰ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡਰਾਈਵਿੰਗ ਲਾਇਸੈਂਸ ਦੀ ਵੈਧਤਾ ਸੰਬੰਧੀ ਇੱਕ ਅਹਿਮ ਫੈਸਲਾ ਸੁਣਾਇਆ ਹੈ, ਜਿਸ ਨੇ ਬੀਮਾ ਕੰਪਨੀਆਂ ਵੱਲੋਂ ਕਲੇਮ ਰੱਦ ਕਰਨ ਦੀ ਪ੍ਰਵਿਰਤੀ 'ਤੇ ਰੋਕ




ਲਗਾ ਦਿੱਤੀ ਹੈ। ਅਦਾਲਤ ਨੇ ਫੈਸਲਾ ਸੁਣਾਇਆ ਹੈ ਕਿ ਇੱਕ ਡਰਾਈਵਿੰਗ ਲਾਇਸੈਂਸ ਮਿਆਦ ਪੁੱਗਣ ਦੀ ਮਿਤੀ ਤੋਂ ਬਾਅਦ ਵੀ 30 ਦਿਨਾਂ ਤੱਕ ਵੈਲਿਡ ਰਹਿੰਦਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਹਾਦਸਾ ਇਸ 30ਵੇਂ ਅਤੇ ਆਖਰੀ ਦਿਨ ਦੇ ਗ੍ਰੇਸ ਪੀਰੀਅਡ ਦੌਰਾਨ ਵੀ ਵਾਪਰਦਾ ਹੈ, ਤਾਂ ਵੀ ਇਹ ਹਾਦਸਾ ਬੀਮੇ ਦੇ ਮਕਸਦ ਲਈ ਪੂਰੀ ਤਰ੍ਹਾਂ ਕਵਰ ਰਹੇਗਾ। ਜਸਟਿਸ ਵਿਰਿੰਦਰ ਅਗਰਵਾਲ ਨੇ ਇੱਕ ਬੀਮਾ ਕੰਪਨੀ ਦੀ ਅਪੀਲ ਨੂੰ ਖਾਰਜ ਕਰਦੇ ਹੋਏ ਇਹ ਫੈਸਲਾ ਸੁਣਾਇਆ ਹੈ। ਬੀਮਾ ਕੰਪਨੀ ਨੇ ਇਹ ਕਹਿ ਕੇ ਰਿਕਵਰੀ ਅਧਿਕਾਰ ਮੰਗੇ ਸਨ ਕਿ ਹਾਦਸੇ ਤੋਂ ਇੱਕ ਮਹੀਨਾ ਪਹਿਲਾਂ ਡਰਾਈਵਰ ਦਾ ਲਾਇਸੈਂਸ ਮਿਆਦ ਪੁੱਗ ਚੁੱਕਾ ਸੀ। ਅਦਾਲਤ ਨੇ ਮੋਟਰ ਵਾਹਨ ਐਕਟ ਦੀ ਧਾਰਾ 14 (Section AD of the Motor Vehicles Act) ਦੇ ਪ੍ਰੋਵੀਜ਼ੋ ਦਾ ਹਵਾਲਾ ਦਿੱਤਾ। ਧਾਰਾ 14 ਸਪੱਸ਼ਟ ਕਰਦੀ ਹੈ ਕਿ ਹਰ ਡਰਾਈਵਿੰਗ ਲਾਇਸੈਂਸ, ਇਸ ਉਪ-ਧਾਰਾ ਦੇ ਤਹਿਤ ਇਸਦੀ ਮਿਆਦ ਪੁੱਗਣ ਦੇ ਬਾਵਜੂਦ, ਅਜਿਹੀ ਮਿਆਦ ਪੁੱਗਣ ਤੋਂ ਬਾਅਦ ਤੀਹ ਦਿਨਾਂ ਦੀ ਮਿਆਦ ਲਈ ਪ੍ਰਭਾਵਸ਼ਾਲੀ ਬਣਿਆ ਰਹੇਗਾ। ਅਦਾਲਤ ਨੇ ਗਣਨਾ ਕਰਦਿਆਂ ਕਿਹਾ ਕਿ ਜੇ ਲਾਇਸੈਂਸ 4 ਜੂਨ 2001 ਨੂੰ ਖਤਮ ਹੋਇਆ ਸੀ, ਤਾਂ 30 ਦਿਨਾਂ ਦਾ ਕਾਨੂੰਨੀ ਗ੍ਰੇਸ ਪੀਰੀਅਡ 4 ਜੁਲਾਈ 2001 ਦੀ ਅੱਧੀ ਰਾਤ ਤੱਕ ਵੈਧ ਸੀ, ਜਦੋਂ ਕਿ ਹਾਦਸਾ ਉਸੇ ਦਿਨ ਸਵੇਰੇ 10:45 ਵਜੇ ਹੋਇਆ ਸੀ। ਜਸਟਿਸ ਅਗਰਵਾਲ ਨੇ ਪਹਿਲਾਂ ਦੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਗ੍ਰੇਸ ਪੀਰੀਅਡ ਦੌਰਾਨ ਲਾਇਸੈਂਸ ਵੈਲਿਡ ਰਹਿੰਦਾ ਹੈ ਅਤੇ ਬੀਮਾ ਕੰਪਨੀਆਂ ਪਾਲਿਸੀ ਦੀ ਉਲੰਘਣਾ ਦਾ ਦਾਅਵਾ ਨਹੀਂ ਕਰ ਸਕਦੀਆਂ। ਅਦਾਲਤ ਨੇ ਬੀਮਾ ਕੰਪਨੀ ਦੀ ਅਪੀਲ ਨੂੰ 'ਬੇਲੋੜੀ' ਕਰਾਰ ਦਿੱਤਾ ਅਤੇ ਟ੍ਰਿਬਿਊਨਲ ਦੇ 2003 ਦੇ ਫੈਸਲੇ ਦੀ ਪੁਸ਼ਟੀ ਕੀਤੀ, ਜਿਸ ਵਿੱਚ ਕੰਪਨੀ 'ਤੇ ਦੇਣਦਾਰੀ ਨਿਰਧਾਰਤ ਕੀਤੀ ਗਈ ਸੀ।

# ਅਕਾਲੀ ਦਲ ਵਲੋਂ ਪਾਰਟੀ ਆਗੂ ਵਰਦੇਵ ਮਾਨ ਖ਼ਿਲਾਫ਼ ਝੂਠਾ ਕੇਸ ਦਰਜ ਕਰਨ ਦੀ ਨਿਖ਼ੇਧੀ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ 5 ਦਸੰਬਰ। ਸ਼੍ਰੋਮਣੀ ਅਕਾਲੀ ਦਲ ਨੇ ਅੱਜ ਆਮ ਆਦਮੀ ਪਾਰਟੀ (ਆਪ) ਵੱਲੋਂ ਅਕਾਲੀ ਦਲ ਦੇ ਸੀਨੀਅਰ ਆਗੂ ਵਰਦੇਵ ਸਿੰਘ ਮਾਨ ਦੇ ਪਰਿਵਾਰ ਅਤੇ ਸਮਰਥਕਾਂ ਨੂੰ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲੜਨ ਤੋਂ ਰੋਕਣ ਲਈ ਉਨ੍ਹਾਂ ਖ਼?ਲਾਫ਼ ਝੂਠਾ ਕੇਸ ਦਰਜ ਕਰਨ ਦੀ ਨਿਖ਼ੇਧੀ ਕੀਤੀ। ਇੱਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਲੀਗਲ ਸੈੱਲ ਦੇ ਮੁਖੀ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਹਾਈਕੋਰਟ ਵਿਚ ਝੂਠੀ ਪਟੀਸ਼ਨ ਦਾਇਰ ਕੀਤੀ ਗਈ, ਜਿਸ ਰਾਹੀਂ ਵਰਦੇਵ ਮਾਨ ਦੇ ਨਿੱਜੀ ਸਹਾਇਕ ਮਨੀਸ਼ ਦੀ 6 ਮਹੀਨੇ ਪਹਿਲਾਂ ਜਲਾਲਾਬਾਦ ਦੇ ਪੁਲਸ ਥਾਣੇ 'ਚ ਬਰਾਮਦਗੀ ਦਿਖਾਈ ਗਈ ਸੀ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਾਰੰਟ ਅਫ਼ਸਰ ਨੇ ਮਨੀਸ਼ ਨੂੰ ਗੈਰ-ਕਾਨੂੰਨੀ ਹਿਰਾਸਤ ਵਿਚੋਂ ਬਰਾਮਦ ਕੀਤਾ ਸੀ ਪਰ ਪੰਜਾਬ ਪੁਲਸ ਹੁਣ ਦਾਅਵਾ ਕਰ ਰਹੀ ਹੈ ਕਿ ਮਨੀਸ਼ ਨੂੰ ਵਾਰੰਟ ਅਫ਼ਸਰ ਦੀ ਗੱਡੀ ਵਿਚ ਪੁਲਸ ਥਾਣੇ ਲਿਆਂਦਾ ਗਿਆ ਸੀ। ਐਡਵੋਕੇਟ ਕਲੇਰ ਨੇ ਕਿਹਾ ਕਿ ਵਰਦੇਵ




ਮਾਨ ਦੇ ਪਰਿਵਾਰ ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲੜਨ ਤੋਂ ਰੋਕਣ ਵਾਸਤੇ ਬਿਲਕੁਲ ਹੀ ਝੂਠਾ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਾਰੇ ਝੂਠੇ ਕੇਸ ਆਪ ਦੇ ਜਲਾਲਾਬਾਦ ਤੋਂ ਵਿਧਾਇਕ ਗੋਲਡੀ ਕੰਬੋਜ ਦੇ ਹੁਕਮਾਂ 'ਤੇ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਪੁਲਸ ਅਫ਼ਸਰਾਂ ਨੂੰ ਅਪੀਲ ਕੀਤੀ ਕਿ ਉਹ ਆਪ ਆਗੂਆਂ ਦੇ ਗੈਰ-ਕਾਨੂੰਨੀ ਹੁਕਮ ਮੰਨਣ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਸਾਨੂੰ ਆਸ ਹੈ ਕਿ ਇਸ ਕੇਸ ਵਿਚ ਵੀ ਸਾਨੂੰ ਇਨਸਾਫ਼ ਮਿਲੇਗਾ।

# ਪੰਜਾਬ ਪੁਲਸ ਦਾ ਕਾਂਸਟੇਬਲ ਬਣਿਆ ਫਲਾਇੰਗ ਅ.ਫਸਰ, ਸੱਚ ਕੀਤਾ ਸੁ.ਫਨਾ

**ਕੌਮੀ ਪੱਤ੍ਰਿਕਾ**

ਮੋਹਾਲੀ 5 ਦਸੰਬਰ। ਪੰਜਾਬ ਪੁਲਸ ਦੇ ਇੱਕ ਨੌਜਵਾਨ ਕਾਂਸਟੇਬਲ ਨੇ ਇੱਕ ਅਜਿਹਾ ਸੁਫ਼ਨਾ ਪੂਰਾ ਕੀਤਾ ਹੈ, ਜਿਸਦੀ ਬਹੁਤ ਸਾਰੇ ਇੱਛਾ ਰੱਖਦੇ ਹਨ ਪਰ ਕੁੱਝ ਹੀ ਪੂਰਾ ਕਰ ਪਾਉਂਦੇ ਹਨ। ਕਾਂਸਟੇਬਲ ਗੁਰਸਿਮਰਨ ਸਿੰਘ ਬੈਂਸ ਇਸ ਸਮੇਂ ਮੋਹਾਲੀ 'ਚ ਤਾਇਨਾਤ ਹੈ। ਉਸ ਨੇ ਵੱਕਾਰੀ ਸਰਵਿਸਿਜ਼ ਸਿਲੈਕਸ਼ਨ ਬੋਰਡ ਇੰਟਰਵਿਊ ਪਾਸ ਕਰ ਲਈ ਹੈ ਅਤੇ ਉਸਨੂੰ ਹੁਣ ਭਾਰਤੀ ਹਵਾਈ ਫ਼ੌਜ ਦੀ ਫਲਾਇੰਗ ਬ੍ਰਾਂਚ ਲਈ ਚੁਣਿਆ ਗਿਆ ਹੈ। ਉਹ ਜਲਦੀ ਹੀ ਫਲਾਇੰਗ ਅਫ਼ਸਰ ਵਜੋਂ ਸਿਖਲਾਈ ਲਈ ਏਅਰ ਫੋਰਸ ਅਕੈਡਮੀ 'ਚ ਸ਼ਾਮਲ ਹੋਵੇਗਾ। ਰੋਪੜ ਜ਼ਿਲ੍ਹੇ ਦੇ ਰਹਿਣ ਵਾਲਾ ਗੁਰਸਿਮਰਨ ਸਿੰਘ ਬੈਂਸ ਅਗਸਤ 2022 'ਚ ਪੰਜਾਬ ਪੁਲਸ 'ਚ ਸ਼ਾਮਲ ਹੋਇਆ ਸੀ ਪਰ ਆਪਣੀ ਖ਼ਾਕੀ ਵਰਦੀ ਦੇ ਪਿੱਛੇ ਉਸਨੇ ਹਮੇਸ਼ਾ ਅਸਮਾਨ 'ਚ ਉੱਡਣ ਦੀ ਇੱਛਾ ਨੂੰ ਪਾਲਿਆ। ਉਸਦੀ ਚੋਣ ਸਾਲਾਂ ਦੀ ਸਮਰਪਿਤ ਤਿਆਰੀ ਅਤੇ ਲਗਨ ਤੋਂ ਬਾਅਦ ਹੋਈ ਹੈ। ਇਹ ਐਸ. ਐਸ. ਬੀ. 'ਚ ਉਸਦੀ ਚੌਥੀ ਕੋਸ਼ਿਸ਼ ਸੀ। ਗੁਰਸਿਮਰਨ ਨੇ ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ, ਪੰਜਾਬ ਯੂਨੀਵਰਸਿਟੀ ਤੋਂ ਆਪਣੀ ਬੈਚਲਰ ਆਫ਼ ਆਰਟਸ ਪੂਰੀ ਕੀਤੀ। ਉਹ ਮੈਰੀਟੋਰੀਅਸ ਸਕੂਲ, ਮੋਹਾਲੀ ਦਾ ਸਾਬਕਾ ਵਿਦਿਆਰਥੀ ਹੈ,



ਜਿੱਥੋਂ ਉਸਨੇ ਸ਼ਾਨਦਾਰ ਪ੍ਰਦਰਸ਼ਨ ਨਾਲ 10ਵੀਂ ਅਤੇ 12ਵੀਂ ਜਮਾਤ ਪਾਸ ਕੀਤੀ। ਉਸਨੇ ਏਅਰ ਫੋਰਸ ਕਾਮਨ ਐਡਮਿਸ਼ਨ ਟੈਸਟ ਵੀ 143 ਦੇ ਸਕੋਰ ਨਾਲ ਪਾਸ ਕੀਤਾ, ਜਿਸਨੇ ਉਸਨੂੰ ਐਸ. ਐਸ. ਬੀ. ਲਈ ਕੁਆਲੀਫਾਈ ਕੀਤਾ। ਉਸ ਲਈ ਆਪਣੇ ਸੁਫ਼ਨੇ ਦਾ ਪਿੱਛਾ ਕਰਨਾ ਆਸਾਨ ਨਹੀਂ ਸੀ। ਬੈਂਸ ਨੇ ਪਹਿਲਾਂ ਐਨ. ਡੀ. ਏ. ਅਤੇ ਤਕਨੀਕੀ ਸ਼ਾਖਾਵਾਂ ਰਾਹੀਂ ਦਾਖ਼ਲੇ ਦੀ ਕੋਸ਼ਿਸ਼ ਕੀਤੀ ਸੀ ਪਰ ਚੋਣ 'ਚ ਥੋੜ੍ਹਾ ਜਿਹਾ ਖੁੰਝ ਗਿਆ। ਉਸਨੇ ਕਿਹਾ ਕਿ ਅਸਫ਼ਲਤਾਵਾਂ ਨੇ ਮੈਨੂੰ ਕਦੇ ਨਿਰਾਸ਼ ਨਹੀਂ ਕੀਤਾ। ਹਰ ਕੋਸ਼ਿਸ਼ ਨੇ ਮੈਨੂੰ ਹੋਰ ਸਿਖਾਇਆ ਅਤੇ ਭਾਰਤੀ ਹਵਾਈ ਫ਼ੌਜ 'ਚ ਸ਼ਾਮਲ ਹੋਣ ਦੇ ਮੇਰੇ ਇਰਾਦੇ ਨੂੰ ਮਜ਼ਬੂਤ ਕੀਤਾ। ਗੁਰਸਿਮਰਨ ਸਿੰਘ ਬੈਂਸ ਦੀ ਕਾਮਯਾਬੀ 'ਤੇ ਡੀ. ਜੀ. ਪੀ. ਗੌਰਵ ਯਾਦਵ ਨੇ ਸੋਸ਼ਲ ਮੀਡੀਆ 'ਤੇ ਖ਼ੁਸ਼ੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਵੱਡੇ ਸੁਫ਼ਨੇ ਦੇਖੋ, ਸਖ਼ਤ ਮਿਹਨਤ ਕਰੋ ਅਤੇ ਕਦੇ ਹਾਰ ਨਾ ਮੰਨੋ, ਇਹੀ ਮਹਾਨਤਾ ਦੀ ਰਾਹ ਹੈ। ਗੁਰਸਿਮਰਨ ਸਿੰਘ ਦੀ ਇਹ ਸਫ਼ਲਤਾ ਨਾ ਸਿਰਫ ਉਸ ਦੇ ਪਰਿਵਾਰ ਲਈ, ਸਗੋਂ ਪੂਰੇ ਪੰਜਾਬ ਪੁਲਸ ਦੀ ਮਾਣ ਦਾ ਪਲ ਹੈ। ਉਨ੍ਹਾਂ ਲਿਖਿਆ ਕਿ ਗੁਰਸਿਮਰਨ ਦੀ ਯਾਤਰਾ ਇਹ ਸਾਬਤ ਕਰਦੀ ਹੈ ਕਿ ਜਿਹੜੇ ਨੌਜਵਾਨ ਆਪਣੀ ਮੰਜ਼ਿਲ ਨੂੰ ਨਿਸ਼ਾਨਾ ਬਣਾ ਕੇ ਅਨੁਸ਼ਾਸਨ, ਫੋਕਸ ਅਤੇ ਮਿਹਨਤ ਨਾਲ ਅੱਗੇ ਵੱਧਦੇ ਹਨ, ਉਹ ਯਕੀਨੀ ਤੌਰ 'ਤੇ ਅੰਬਰ ਨੂੰ ਛੂਹ ਲੈਂਦੇ ਹਨ।

## ਪੈਨਸ਼ਨਰ ਸੇਵਾ ਪੋਰਟਲ ਸਬੰਧੀ 4 ਤੋਂ 6 ਦਸੰਬਰ ਤੱਕ 'ਪੈਨਸ਼ਨਰ ਸੇਵਾ ਮੇਲਾ' ਕੀਤਾ ਜਾਵੇਗਾ ਆਯੋਜਿਤ

ਫਿਰੋਜ਼ਪੁਰ 5 ਦਸੰਬਰ। ਵਿੱਤ ਵਿਭਾਗ, ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਫਿਰੋਜ਼ਪੁਰ ਵੱਲੋਂ ਪੈਨਸ਼ਨਰਾਂ ਦੀ ਸਹੂਲਤ ਲਈ ਜ਼ਿਲ੍ਹਾ ਖਜ਼ਾਨਾ ਦਫ਼ਤਰ ਫਿਰੋਜ਼ਪੁਰ ਅਤੇ ਜ਼ਿਲ੍ਹਾ ਖਜ਼ਾਨਾ ਦਫ਼ਤਰ ਫਾਜ਼ਿਲਕਾ ਵਿਖੇ ਅਤੇ ਉਪ ਖਜ਼ਾਨਾ ਦਫ਼ਤਰ ਜ਼ੀਰਾ, ਗੁਰੂਹਰਸਹਾਏ, ਜਲਾਲਾਬਾਦ ਅਬੋਹਰ ਵਿਖੇ ਮਿਤੀ 4, 5 ਅਤੇ 6 ਦਸੰਬਰ ਨੂੰ 'ਪੈਨਸ਼ਨਰ ਸੇਵਾ ਮੇਲੇ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਫ਼ਿਰੋਜ਼ਪੁਰ ਤਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਸਾਰੇ ਪੈਨਸ਼ਨਰਾਂ ਨੂੰ ਆਪਣੀ ਈ-ਕੇ. ਵਾਈ. ਸੀ. ਮੁਕੰਮਲ ਕਰਨ ਲਈ ਜਾਗਰੂਕ ਕੀਤਾ ਜਾਵੇਗਾ ਅਤੇ ਜਿਨ੍ਹਾਂ ਦੀ ਈ-ਕੇ. ਵਾਈ. ਸੀ. ਬਾਕੀ ਹੈ, ਉਨ੍ਹਾਂ ਦੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਪੈਨਸ਼ਨਰਾਂ/ਫੈਮਲੀ ਪੈਨਸ਼ਨਰਾਂ ਦੀ ਸੁਵਿਧਾ ਲਈ ਪੈਨਸ਼ਨਰ ਸੇਵਾ ਪੋਰਟਲ ਲਾਗੂ ਕੀਤਾ ਗਿਆ ਹੈ, ਜਿਸ ਰਾਹੀਂ ਪੈਨਸ਼ਨ ਸਬੰਧੀ ਅਰਜ਼ੀਆਂ, ਈ-ਪੀ. ਪੀ. ਓ, ਪੈਨਸ਼ਨ ਡਾਟਾ, ਸ਼ਿਕਾਇਤ ਨਿਵਾਰਨ ਆਦਿ ਸਹੂਲਤਾਂ ਇਕ ਹੀ ਪਲੇਟਫਾਰਮ 'ਤੇ ਉਪਲੱਬਧ ਕਰਵਾਈਆਂ ਜਾਣਗੀਆਂ ਅਤੇ ਪੰਜਾਬ ਰਾਜ ਦੇ ਸਮੂਹ ਪੈਨਸ਼ਨਰਾਂ/ਫੈਮਲੀ ਪੈਨਸ਼ਨਰਾਂ ਨੂੰ ਡਿਜੀਟਲ ਲਾਈਫ਼ ਸਰਟੀਫ਼ਿਕੇਟ, ਜੀਵਨ ਪ੍ਰਮਾਣ ਪੱਤਰ ਜਾਰੀ ਕਰਨ ਲਈ ਈ-ਕੇ. ਵਾਈ. ਸੀ. ਕੀਤੀ ਜਾਵੇਗੀ ਅਤੇ ਇਸ ਸਬੰਧੀ ਜਾਗਰੂਕ ਵੀ ਕੀਤਾ ਜਾਵੇਗਾ। ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਨੇ ਜ਼ਿਲ੍ਹੇ ਦੇ ਸਾਰੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸਬੰਧਿਤ ਖੇਤਰ ਦੇ 'ਪੈਨਸ਼ਨਰ ਸੇਵਾ ਮੇਲੇ' 'ਚ ਸ਼ਾਮਲ ਹੋਣ 'ਤੇ ਆਪਣੀ ਈ-ਕੇ. ਵਾਈ. ਸੀ. ਪ੍ਰਕਿਰਿਆ ਪੂਰੀ ਕਰਕੇ ਇਸ ਸਹੂਲਤ ਦਾ ਲਾਭ ਜ਼ਰੂਰ ਲੈਣ।

## ਸ਼ਹਿਰ ਦੀਆਂ ਸੜਕਾਂ, ਬਾਗ, ਜਿੰਮ ਤੇ ਖੇਡ ਸਹੂਲਤਾਂ ਲਈ 38 ਕਰੋੜ ਰੁਪਏ ਦੇ ਕੰਮਾਂ ਨੂੰ ਹਰੀ ਝੰਡੀ

ਮੋਹਾਲੀ 5 ਦਸੰਬਰ। ਨਗਰ ਨਿਗਮ ਮੋਹਾਲੀ ਨੇ ਸ਼ਹਿਰ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਦੇਣ ਲਈ ਵੱਡਾ ਕਦਮ ਚੁੱਕਦਿਆਂ ਕਰੀਬ 38 ਕਰੋੜ ਦੇ 72 ਤੋਂ ਵੱਧ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਫ਼ੈਸਲਾ ਨਿਗਮ ਦੀ ਫਾਈਨਾਂਸ ਐਂਡ ਕਾਂਟ?ਰੈਕਟਸ ਕਮੇਟੀ ਦੀ ਮੀਟਿੰਗ 'ਚ ਲਿਆ ਗਿਆ। ਮੀਟਿੰਗ ਦੌਰਾਨ ਵਾਰਡਾਂ 'ਚ ਬੁਨਿਆਦੀ ਵਿਕਾਸ ਦੇ ਕੰਮਾਂ ਦੀ ਵਿਆਪਕ ਸੂਚੀ ਰੱਖੀ ਗਈ, ਜਿਸ 'ਚ ਸੜਕਾਂ ਦੀ ਰੀਕਾਰਪੇਟਿੰਗ, ਪ੍ਰੀਮਿਕਸ, ਹਾਰਟੀਕਲਚਰ, ਪਾਰਕ ਸੁੰਦਰਤਾ ਕਰਣ, ਗਾਰਡਨ ਜਿੰਮ, ਬੈਡਮਿੰਟਨ ਅਤੇ ਬਾਸਕਟਬਾਲ ਕੋਰਟ, ਮਾਰਕੀਟ ਮੁਰੰਮਤ, ਨਿਕਾਸੀ ਤੇ ਪਾਣੀ ਸਹੂਲਤਾਂ ਨੂੰ ਉੱਚ ਪੱਧਰ 'ਤੇ ਅਪਗਰੇਡ ਕਰਨ ਵਾਲੇ ਪ੍ਰਾਜੈਕਟ ਸ਼ਾਮਲ ਸਨ। ਸਭ ਮੈਂਬਰਾਂ ਦੀ ਸਹਿਮਤੀ ਨਾਲ ਇਨ੍ਹਾਂ ਪ੍ਰਾਜੈਕਟਾਂ ਨੂੰ ਮਨਜ਼ੂਰੀ ਪ੍ਰਾਪਤ ਹੋਈ। ਮੀਟਿੰਗ 'ਚ ਸਭ ਤੋਂ ਵੱਡਾ ਫੰਡ ਸੜਕਾਂ ਤੇ ਮੁੱਖ ਰਸਤੇ ਲਈ ਜਾਰੀ ਕੀਤਾ ਗਿਆ। ਵੱਖ-ਵੱਖ ਵਾਰਡਾਂ 'ਚ ਪ੍ਰੀਮਿਕਸ, ਰੀਕਾਰਪੇਟਿੰਗ, ਕੇਰਬ, ਚੈਨਲ, ਸਾਇਡ ਟਾਇਲਾਂ, ਡਰੇਨਜ ਤੇ ਰੋਡ ਫਰਨੀਚਰ ਸੰਭਾਲ ਲਈ ਕਈ ਟੈਂਡਰ ਪਾਸ ਕੀਤੇ ਗਏ। ਮੇਅਰ ਜੀਤੀ ਸਿੱਧੂ ਨੇ ਕਿਹਾ ਕਿ ਮੋਹਾਲੀ ਦੀਆਂ ਸੜਕਾਂ ਨੂੰ ਅੰਤਰਰਾਸ਼ਟਰੀ ਮਿਆਰ ਦੇ ਅਨੁਸਾਰ ਬਣਾਉਣਾ ਨਿਗਮ ਦੀ ਪ੍ਰਾਥਮਿਕਤਾ ਹੈ ਅਤੇ ਲੋਕਾਂ ਨੂੰ ਖਰਾਬ, ਟੁੱਟੀ ਜਾਂ ਅਧੂਰੀਆਂ ਸੜਕਾਂ ਤੋਂ ਮੁਕਤੀ ਮਿਲੇਗੀ। ਮੀਟਿੰਗ 'ਚ ਖੇਡ ਸਹੂਲਤਾਂ ਨੂੰ ਵਧਾਉਣ ਲਈ ਵੱਖਰੇ ਕੋਸ਼ ਦੀ ਮਨਜ਼ੂਰੀ ਦਿੱਤੀ ਗਈ। ਸ਼ਹਿਰ ਦੇ ਕਈ ਪਾਰਕਾਂ 'ਚ ਖੁਲ੍ਹੇ ਜਿੰਮ, ਯੋਗਾ ਸ਼ੈੱਡ, ਬੈਡਮਿੰਟਨ ਤੇ ਬਾਸਕਟਬਾਲ ਕੋਰਟ ਬਣਾਏ ਜਾਣਗੇ। ਇਸ ਪੜਾਅ ਨੂੰ ਜਵਾਨੀ ਤੇ ਸੀਨੀਅਰ ਸਿਟੀਜ਼ਨਾਂ ਦੀ ਸਿਹਤ ਤੇ ਮਨੋਰੰਜਨ ਨਾਲ ਜੋੜਿਆ ਗਿਆ ਹੈ। ਫੇਜ਼-10 ਅਤੇ ਸੈਕਟਰ-68 ਦੀਆਂ ਮਾਰਕੀਟਾਂ 'ਚ ਫਰਸ਼ੀ ਕੰਮ, ਫੁੱਟਪਾਥ ਅਪਗਰੇਡ, ਲਾਈਟਿੰਗ ਤੇ ਹੋਰ ਮੁਰੰਮਤੀ ਕੰਮ ਲਈ ਲਗਭਗ 45 ਲੱਖ ਜਾਰੀ ਕੀਤੇ ਗਏ। ਨਿਗਮ ਨੇ ਮਾਰਕੀਟਾਂ ਦੇ ਪਿੱਛਲੇ ਹਿੱਸਿਆਂ 'ਚ ਵੀ ਟਾਇਲ ਤੇ ਡ?ਰੇਨੇਜ਼ ਦੇ ਕੰਮ ਕਰਨ ਦਾ ਫ਼ੈਸਲਾ ਲਿਆ ਤਾਂ ਜੋ ਲੋਕਾਂ ਤੇ ਦੁਕਾਨਦਾਰਾਂ ਨੂੰ ਦਿੱਕਤ ਤੋਂ ਨਿਜਾਤ ਮਿਲ ਸਕੇ।

# ਕੇਂਦਰ ਨੇ ਵੀ ਦਿੱਤੀ 'ਪੰਜਾਬ ਮਾਡਲ' ਨੂੰ ਮਾਨਤਾ, ਹੁਣ ਦੇਸ਼ ਭਰ 'ਚ ਕੀਤਾ ਜਾਵੇਗਾ ਲਾਗੂ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ 5 ਦਸੰਬਰ। ਪੰਜਾਬ ਸਰਕਾਰ ਨੇ ਅੱਜ ਮਾਣ ਨਾਲ ਐਲਾਨ ਕੀਤਾ ਕਿ ਸੂਬੇ ਨੇ ਖੇਤਾਂ ਵਿਚ ਪਰਾਲੀ ਸਾੜਨ ਨੂੰ 94% ਘਟਾਉਣ ਵਿਚ ਇਤਿਹਾਸਕ ਸਫਲਤਾ ਪ੍ਰਾਪਤ ਕੀਤੀ ਹੈ। ਇਹ ਸਫਲਤਾ ਭਾਰਤ ਲਈ ਇਕ ਉਦਾਹਰਣ ਪੇਸ਼ ਕਰਦੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਅਪਣਾਈ ਗਈ ਕਿਸਾਨ-ਪਹਿਲਾਂ, ਵਿਗਿਆਨ-ਅਧਾਰਿਤ ਰਣਨੀਤੀ ਦੀ ਪ੍ਰਭਾਵਸ਼ੀਲਤਾ ਨੂੰ ਸਾਬਤ ਕਰਦੀ ਹੈ। ਜਦੋਂ ਕਿ 2016 ਵਚ ਪਰਾਲੀ ਸਾੜਨ ਦੇ 80,879 ਮਾਮਲੇ ਸਾਹਮਣੇ ਆਏ ਸਨ, ਇਹ ਗਿਣਤੀ 2025 ਵਿਚ ਸਿਰਫ 5,114 ਰਹਿ ਗਈ ਹੈ, ਜੋ ਕਿ 2024 ਤੋਂ 53% ਦੀ ਕਮੀ ਹੈ। ਇਹ ਪ੍ਰਾਪਤੀ ਇਕ ਦਹਾਕੇ ਲੰਬੇ ਸੰਘਰਸ਼ ਦਾ ਸਿੱਟਾ ਹੈ ਜਿਸ ਨੇ ਪੰਜਾਬ ਦੀ ਛਵੀ ਨੂੰ ਹਵਾ ਪ੍ਰਦੂਸ਼ਣ, ਮਿੱਟੀ ਦੇ ਕਟੌਤੀ ਅਤੇ ਵਿਆਪਕ ਸਿਹਤ ਸਮੱਸਿਆਵਾਂ ਲਈ ਯੋਗਦਾਨ ਪਾਉਣ ਵਾਲੇ ਵਜੋਂ ਲੇਬਲ ਕੀਤੇ ਜਾਣ ਤੋਂ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਪੰਜਾਬ ਦੇ ਮਾਡਲ ਨੂੰ ਦੇਸ਼ ਭਰ ਵਿਚ ਦੁਹਰਾਉਣ ਦਾ ਸੱਦਾ ਇਸ ਸਫਲਤਾ ਦੀ ਮਹੱਤਤਾ ਨੂੰ ਹੋਰ ਵੀ ਉਜਾਗਰ ਕਰਦਾ ਹੈ। ਇਹ ਪ੍ਰਾਪਤੀ ਇਕ ਟਿਕਾਊ, ਵਿਗਿਆਨ-ਅਧਾਰਤ, ਅਤੇ ਕਿਸਾਨ-ਪਹਿਲਾਂ ਰਣਨੀਤੀ ਦੁਆਰਾ ਸੰਭਵ ਹੋਈ ਜੋ ਸਜ਼ਾ ਦੀ ਬਜਾਏ ਸਹਿਯੋਗ ਅਤੇ ਹੱਲਾਂ 'ਤੇ ਕੇਂਦ੍ਰਿਤ ਸੀ। ਇਹ ਇਤਿਹਾਸਕ ਤਬਦੀਲੀ ਸਿਰਫ ਇਸ ਲਈ ਸੰਭਵ ਹੋਈ ਹੈ ਕਿਉਂਕਿ ਸਰਕਾਰ ਨੇ ਕਿਸਾਨਾਂ ਨੂੰ ਸਜ਼ਾ ਦੇਣ ਦੀ ਬਜਾਏ ਭਾਈਵਾਲਾਂ ਵਜੋਂ ਸ਼ਾਮਲ ਕਰਕੇ ਠੋਸ ਹੱਲ ਪ੍ਰਦਾਨ ਕੀਤੇ ਹਨ। ਆਧੁਨਿਕ ਮਸ਼ੀਨਰੀ ਅਤੇ ਰਿਕਾਰਡ ਸਬਸਿਡੀਆਂ ਦੀ ਵਿਆਪਕ ਤਾਇਨਾਤੀ ਦੁਆਰਾ ਸਫਲਤਾ ਪ੍ਰਾਪਤ ਕੀਤੀ ਗਈ ਸੀ। ਪਰਾਲੀ ਪ੍ਰਬੰਧਨ ਲਈ ਸਭ ਤੋਂ ਵੱਡੀ ਪਹਿਲ 2018-19 ਵਿੱਚ ਸ਼ੁਰੂ ਕੀਤੀ ਗਈ ਫਸਲ ਰਹਿੰਦ-ਖੂੰਹਦ ਪ੍ਰਬੰਧਨ ਪ੍ਰੋਗਰਾਮ ਸੀ। ਹੈਪੀ ਸੀਡਰ, ਸੁਪਰ ਸੀਡਰ, ਮਲਚਰ, $2 ਪਲਾਓ ਅਤੇ ਬੇਲਰ ਵਰਗੀਆਂ ਲੱਖਾਂ ਉੱਨਤ ਮਸ਼ੀਨਾਂ ਕਿਸਾਨਾਂ ਨੂੰ ਉਪਲਬਧ ਕਰਵਾਈਆਂ ਗਈਆਂ ਸਨ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਮਸ਼ੀਨਾਂ ਨੂੰ ਅਪਣਾਉਣਾ ਸ਼ੁਰੂ ਵਿੱਚ ਹੌਲੀ ਸੀ। ਹਾਲਾਂਕਿ, ਜਿਵੇਂ-ਜਿਵੇਂ ਸਰਕਾਰ ਨੇ ਸੁਪਰ ਸੀਡਰ ਵਰਗੀਆਂ ਮਸ਼ੀਨਰੀ ਦੀ ਵੰਡ ਦਾ ਵਿਸਥਾਰ ਕੀਤਾ, ਕਿਸਾਨਾਂ ਨੇ ਉਨ੍ਹਾਂ ਨੂੰ ਅਪਣਾ ਲਿਆ। ਖਾਸ ਤੌਰ 'ਤੇ, ਛੋਟੇ ਕਿਸਾਨਾਂ ਲਈ ਮਸ਼ੀਨਰੀ ਖਰੀਦ 'ਤੇ 80% ਤੱਕ ਦੀ ਵੱਡੀ ਸਬਸਿਡੀ ਪ੍ਰਦਾਨ ਕੀਤੀ ਗਈ ਸੀ, ਜੋ ਪਹਿਲਾਂ 50% ਸੀ। 2018-19 ਵਿੱਚ ਲਗਭਗ 25,000 ਮਸ਼ੀਨਾਂ ਨਾਲ ਸ਼ੁਰੂ ਕਰਕੇ, 2025 ਤੱਕ 1.48 ਲੱਖ ਤੋਂ ਵੱਧ CRM ਮਸ਼ੀਨਾਂ, ਜਿਨ੍ਹਾਂ ਵਿੱਚ 66,000 ਸੁਪਰ ਸੀਡਰ ਸ਼ਾਮਲ ਹਨ, ਵੰਡੀਆਂ ਜਾ ਚੁੱਕੀਆਂ ਹਨ। ਇਹ ਮਸ਼ੀਨਾਂ ਪਰਾਲੀ ਨੂੰ ਮਿੱਟੀ ਵਿੱਚ ਸ਼ਾਮਲ ਕਰਨ ਅਤੇ ਕਣਕ ਦੀ ਬਿਜਾਈ ਕਰਨ ਦੀ ਆਗਿਆ ਦਿੰਦੀਆਂ ਹਨ। ਪਰਾਲੀ ਹੁਣ ਰਹਿੰਦ-ਖੂੰਹਦ ਨਹੀਂ ਹੈ, ਇਹ ਇਕ ਕਾਰੋਬਾਰ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਪੱਸ਼ਟ ਕੀਤਾ ਕਿ ਇਹ ਸਿਰਫ਼ ਮਸ਼ੀਨਾਂ ਪ੍ਰਦਾਨ ਕਰਨ ਬਾਰੇ ਨਹੀਂ ਹੈ, ਸਗੋਂ ਇੱਕ ਅਜਿਹਾ ਵਾਤਾਵਰਣ ਪ੍ਰਣਾਲੀ ਬਣਾਉਣ ਬਾਰੇ ਹੈ



ਜਿੱਥੇ ਕਿਸਾਨ ਗੈਰ-ਬਲਨ ਅਭਿਆਸਾਂ ਦੇ ਲਾਭਾਂ ਨੂੰ ਸਮਝਦੇ ਹਨ ਅਤੇ ਇਹ ਉਨ੍ਹਾਂ ਦੀ ਲੰਬੇ ਸਮੇਂ ਦੀ ਉਤਪਾਦਕਤਾ ਅਤੇ ਕਈ ਉਦਯੋਗਾਂ ਦੀ ਸਫਲਤਾ ਵਿੱਚ ਕਿਵੇਂ ਯੋਗਦਾਨ ਪਾਉਂਦਾ ਹੈ। ਇਨ-ਸੀਟੂ ਹੱਲਾਂ ਦੇ ਨਾਲ, ਸਰਕਾਰ ਨੇ ਐਕਸ-ਸੀਟੂ ਹੱਲ ਵੀ ਵਿਕਸਤ ਕੀਤੇ। ਬਾਇਓਮਾਸ ਪਾਵਰ ਪਲਾਂਟਾਂ, ਪੇਪਰ ਮਿੱਲਾਂ ਅਤੇ ਬਾਇਓ-ਸੀਐਨਜੀ ਪਲਾਂਟਾਂ ਦੇ ਨੈੱਟਵਰਕ ਦਾ ਕਾਫ਼ੀ ਵਿਸਥਾਰ ਕੀਤਾ ਗਿਆ, ਜੋ ਸਿੱਧੇ ਕਿਸਾਨਾਂ ਤੋਂ ਪਰਾਲੀ ਖਰੀਦਦੇ ਹਨ। ਖੇਤੀਬਾੜੀ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਅਤੇ ਸੀਆਰਐਮ ਪ੍ਰੋਗਰਾਮ ਦੇ ਨੋਡਲ ਅਧਿਕਾਰੀ ਜਗਦੀਸ਼ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਹੀ ਉਦਯੋਗਾਂ ਦੁਆਰਾ 2.76 ਮਿਲੀਅਨ ਟਨ ਤੋਂ ਵੱਧ ਪਰਾਲੀ ਦੀ ਮੁੜ ਵਰਤੋਂ ਕੀਤੀ ਗਈ ਸੀ, ਜਦੋਂ ਕਿ ਇਸ ਸਾਲ ਹੀ 7.5 ਮਿਲੀਅਨ ਟਨ (7.50 ਮਿਲੀਅਨ ਟਨ) ਪਰਾਲੀ ਇਕੱਠੀ ਕੀਤੀ ਗਈ ਹੈ ਅਤੇ ਉਦਯੋਗਿਕ ਵਰਤੋਂ ਲਈ ਦੁਬਾਰਾ ਵਰਤੀ ਗਈ ਹੈ। ਇਹ 'ਸਰਕੂਲਰ ਅਰਥਵਿਵਸਥਾ' ਪਹੁੰਚ ਕਿਸਾਨਾਂ ਲਈ ਵਾਧੂ ਆਮਦਨ ਦਾ ਸਰੋਤ ਬਣ ਗਈ ਹੈ। ਜਸਵੰਤ ਸਿੰਘ ਨੇ ਪੁਸ਼ਟੀ ਕੀਤੀ ਕਿ ਬਾਇਓਮਾਸ ਪਾਵਰ ਪਲਾਂਟਾਂ, ਪੇਪਰ ਮਿੱਲਾਂ ਅਤੇ ਝੋਨੇ ਦੀ ਪਰਾਲੀ ਦੀਆਂ ਗੋਲੀਆਂ ਬਣਾਉਣ ਵਾਲੀਆਂ ਇਕਾਈਆਂ ਦਾ ਵਧਦਾ ਨੈੱਟਵਰਕ ਪੰਜਾਬ ਦੀ ਪਰਾਲੀ ਪ੍ਰਬੰਧਨ ਰਣਨੀਤੀ ਦਾ ਅਧਾਰ ਬਣ ਗਿਆ ਹੈ। ਜ਼ਮੀਨੀ ਪੱਧਰ 'ਤੇ ਜਾਗਰੂਕਤਾ ਅਤੇ ਭਾਗੀਦਾਰੀ ਦਾ ਮਾਹੌਲ ਬਣਾਇਆ ਗਿਆ, ਅਤੇ ਪਿੰਡ ਪੱਧਰ 'ਤੇ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਕਮੇਟੀਆਂ ਬਣਾਈਆਂ ਗਈਆਂ। ਘਰ-ਘਰ ਕਿਸਾਨ ਪਹੁੰਚ ਦੇ ਹਿੱਸੇ ਵਜੋਂ, ਖੇਤੀਬਾੜੀ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਨਿਰੰਤਰ ਜਾਗਰੂਕਤਾ ਮੁਹਿੰਮਾਂ ਚਲਾਈਆਂ। ਕਿਸਾਨਾਂ ਨੂੰ ਪਰਾਲੀ ਸਾੜਨ ਦੇ ਉਨ੍ਹਾਂ ਦੀ ਮਿੱਟੀ ਦੀ ਸਿਹਤ ਅਤੇ ਲੰਬੇ ਸਮੇਂ ਦੀ ਉਤਪਾਦਕਤਾ ਲਈ ਨੁਕਸਾਨ ਤੋਂ ਜਾਣੂ ਕਰਵਾਇਆ ਗਿਆ, ਜਿਸ ਨਾਲ ਉਨ੍ਹਾਂ ਦੀ ਮਾਨਸਿਕਤਾ ਵਿੱਚ ਸਪੱਸ਼ਟ ਅਤੇ ਸਕਾਰਾਤਮਕ ਤਬਦੀਲੀ ਆਈ। ਜਸਵੰਤ ਸਿੰਘ ਨੇ ਜ਼ਿਲ੍ਹਾ ਸਿਵਲ ਅਤੇ ਪੁਲਿਸ ਪ੍ਰਸ਼ਾਸਨ, ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਭੂਮਿਕਾ 'ਤੇ ਚਾਨਣਾ ਪਾਇਆ, ਜਿਨ੍ਹਾਂ ਨੇ ਨਿਰੰਤਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਅਤੇ ਨਿਯਮਾਂ ਨੂੰ ਲਾਗੂ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰੀ ਦਖਲਅੰਦਾਜ਼ੀ, ਮੀਡੀਆ ਆਊਟਰੀਚ, ਵਾਤਾਵਰਣ ਸੰਬੰਧੀ ਗੈਰ-ਸਰਕਾਰੀ ਸੰਗਠਨਾਂ ਅਤੇ ਵਿਦਿਅਕ ਪ੍ਰੋਗਰਾਮਾਂ ਦਾ ਸੁਮੇਲ, ਜਿਸ ਵਿੱਚ ਸਕੂਲ, ਕਾਲਜ ਅਤੇ ਜ਼ਿਲ੍ਹਾ ਪੱਧਰੀ ਏਜੰਸੀਆਂ ਮਿਲ ਕੇ ਕੰਮ ਕਰ ਰਹੀਆਂ ਹਨ, ਮਹੱਤਵਪੂਰਨ ਸਨ। ਇਸ ਤੋਂ ਇਲਾਵਾ, ਸਰਕਾਰ ਨੇ ਸਮੇਂ ਸਿਰ ਫਸਲਾਂ ਦੀ ਖਰੀਦ ਅਤੇ ਸਥਿਰ ਨਕਦੀ ਪ੍ਰਵਾਹ ਨੂੰ ਯਕੀਨੀ ਬਣਾਇਆ, ਤਾਂ ਜੋ ਕਿਸਾਨਾਂ ਨੂੰ ਜਲਦੀ ਵਿੱਚ ਆਪਣੇ ਖੇਤ ਸਾਫ਼ ਕਰਨ ਲਈ ਪਰਾਲੀ ਸਾੜਨ ਲਈ ਮਜਬੂਰ ਨਾ ਕੀਤਾ ਜਾਵੇ। ਸਖ਼ਤ ਨਿਗਰਾਨੀ ਬਣਾਈ ਰੱਖੀ ਗਈ ਸੀ, ਪਰ ਧਿਆਨ ਸਜ਼ਾ ਦੀ ਬਜਾਏ ਸਹਾਇਤਾ 'ਤੇ ਸੀ।